# PUNJAB VIDHAN SABHA DEBATES

*Monday, the 16th March, 2026*

## SIXTEENTH VIDHAN SABHA

## (12th (BUDGET) SESSION)

**(Sitting No. 7)**

**OFFICIAL REPORT**



**PUNJAB VIDHAN SABHA SECRETARIAT**

**CHANDIGARH -160001**

Price: Rs…………

ਪੰਜਾਬ ਵਿਧਾਨ ਸਭਾ

ਸਰਦਾਰ ਕੁਲਤਾਰ ਸਿੰਘ ਸੰਧਵਾਂ, ਮਾਣਯੋਗ ਸਪੀਕਰ

ਸਰਦਾਰ ਜੈ ਕ੍ਰਿਸ਼ਨ ਸਿੰਘ, ਮਾਣਯੋਗ ਡਿਪਟੀ ਸਪੀਕਰ

ਸ਼੍ਰੀ ਰਾਮ ਲੋਕ ਖਟਾਣਾ, ਸਕੱਤਰ

**PUNJAB VIDHAN SABHA**

**Sardar Kultar Singh Sandhwan, Hon'ble Speaker**

**Sardar Jai Krishan Singh, Hon'ble Deputy Speaker**

**Shri Ram Lok Khatana, Secretary**

## ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | Department | ਵਿਭਾਗ |
|---|---|---|---|
| 1. | ਸ਼੍ਰੀ ਭਗਵੰਤ ਮਾਨ, ਮੁੱਖ ਮੰਤਰੀ<br>Shri Bhagwant Mann, Chief Minister | General Administration,<br>Home Affairs & Justice,<br>Personnel,<br>Vigilance,<br>Co-operation,<br>Legal & Legislative Affairs,<br>Civil Aviation,<br>Science, Technology & Environment,<br>Sports & Youth Services | ਆਮ ਪ੍ਰਸ਼ਾਸਨ,<br>ਗ੍ਰਹਿ ਮਾਮਲੇ ਅਤੇ ਨਿਆਂ,<br>ਪ੍ਰਸੋਨਲ,<br>ਚੌਕਸੀ,<br>ਸਹਿਕਾਰਤਾ,<br>ਕਾਨੂੰਨੀ ਤੇ ਵਿਧਾਨਕ ਮਾਮਲੇ,<br>ਸ਼ਹਿਰੀ ਹਵਾਬਾਜ਼ੀ,<br>ਸਾਇੰਸ, ਤਕਨਾਲੋਜੀ ਤੇ ਵਾਤਾਵਰਨ<br>ਖੇਡਾਂ ਤੇ ਯੁਵਕ ਸੇਵਾਵਾਂ |
| 2. | ਸਰਦਾਰ ਹਰਪਾਲ ਸਿੰਘ ਚੀਮਾ<br>Sardar Harpal Singh Cheema | Finance, Planning<br>Programme Implementation<br>Excise & Taxation Minister | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਆਬਕਾਰੀ ਤੇ ਕਰ ਮੰਤਰੀ |
| 3. | ਸ਼੍ਰੀ ਅਮਨ ਅਰੋੜਾ<br>Shri Aman Arora | New & Renewable Energy Resources, Printing & Stationery, Good Governance and Information Technology, Removal of Grievances & Employment Generation and Training Minister | ਨਵ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ, ਸ਼ਿਕਾਇਤ ਨਿਵਾਰਣ ਅਤੇ ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ |
| 4. | ਡਾਕਟਰ ਬਲਜੀਤ ਕੌਰ<br>Doctor Baljit Kaur | Social Justice, Empowerment & Minorities, Social Security Women & Child Development Minister | ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 5. | ਸ਼੍ਰੀ ਸੰਜੀਵ ਅਰੋੜਾ<br>Shri Sanjeev Arora | Local Government, Industry and Commerce, Investment Promotion & Power Minister | ਸਥਾਨਕ ਸਰਕਾਰ, ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ ਤੇ ਊਰਜਾ ਮੰਤਰੀ |
| 6. | ਡਾਕਟਰ ਬਲਬੀਰ ਸਿੰਘ<br>Doctor Balbir Singh | Health & Family Welfare, Medical Education & Research and Elections Minister | ਸਿਹਤ ਅਤੇ ਪਰਿਵਾਰ ਭਲਾਈ, ਡਾਕਟਰੀ ਸਿੱਖਿਆ ਤੇ ਖੋਜ ਅਤੇ ਚੋਣਾਂ ਮੰਤਰੀ |
| 7. | ਸ਼੍ਰੀ ਲਾਲ ਚੰਦ<br>Shri Lal Chand | Food, Civil Supplies and Consumer Affairs, Forests, Wildlife Preservation<br>Minister | ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਜੰਗਲਾਤ, ਜੰਗਲੀ ਜੀਵ ਸੁਰੱਖਿਆ ਮੰਤਰੀ |

| | | | |
|---|---|---|---|
| 8. | ਸਰਦਾਰ ਲਾਲਜੀਤ ਸਿੰਘ ਭੁੱਲਰ<br>Sardar Laljit Singh Bhullar | Transport, Jails Minister | ਟਰਾਂਸਪੋਰਟ, ਜੇਲ੍ਹਾਂ ਮੰਤਰੀ |
| 9. | ਸਰਦਾਰ ਹਰਜੋਤ ਸਿੰਘ ਬੈਂਸ<br>Sardar Harjot Singh Bains | Technical Education & Industrial Training, Higher Education, School Education, Information & Public Relations Minister | ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਸਕੂਲ ਸਿੱਖਿਆ, ਸੂਚਨਾ ਤੇ ਲੋਕ ਸੰਪਰਕ ਮੰਤਰੀ |
| 10. | ਸਰਦਾਰ ਹਰਭਜਨ ਸਿੰਘ<br>Sardar Harbhajan Singh | Public Works (B&R) Minister | ਲੋਕ ਨਿਰਮਾਣ (ਭ ਤੇ ਮ) ਮੰਤਰੀ |
| 11. | ਸਰਦਾਰ ਗੁਰਮੀਤ ਸਿੰਘ ਖੁੱਡੀਆਂ<br>Sardar Gurmeet Singh Khudian | Agriculture & Farmers Welfare, Animal Husbandry, Fisheries and Dairy Development, Food Processing Minister | ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ, ਫੂਡ ਪ੍ਰਾਸੈਸਿੰਗ ਮੰਤਰੀ |
| 12. | ਡਾਕਟਰ ਰਵਜੋਤ ਸਿੰਘ<br>Doctor Ravjot Singh | Parliamentary Affairs, NRI Affairs Minister | ਸੰਸਦੀ ਮਾਮਲੇ ਮੰਤਰੀ, ਪ੍ਰਵਾਸੀ ਭਾਰਤੀ ਮਾਮਲੇ ਮੰਤਰੀ |
| 13. | ਸ੍ਰੀ ਬਰਿੰਦਰ ਕੁਮਾਰ ਗੋਇਲ<br>Shri Barinder Kumar Goyal | Mines & Geology, Water Resources, Conservation of Land & Water Minister | ਖਣਨ ਤੇ ਭੂ ਵਿਗਿਆਨ, ਜਲ ਸਰੋਤ, ਭੂਮੀ ਤੇ ਜਲ ਸੰਭਾਲ ਮੰਤਰੀ |
| 14. | ਸਰਦਾਰ ਹਰਦੀਪ ਸਿੰਘ ਮੁੰਡੀਆਂ<br>Sardar Hardeep Singh Mundian | Revenue, Rehabilitation and Disaster Management, Water Supply & Sanitation, Housing and Urban Development Minister | ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ |
| 15. | ਸਰਦਾਰ ਤਰੁਨਪ੍ਰੀਤ ਸਿੰਘ ਸੌਂਦ<br>Sardar Tarunpreet Singh Sond | Tourism & Cultural Affairs, Labour & Hospitality, Rural Development & Panchayats Minister | ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਾਚਾਰੀ, ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ |
| 16. | ਸ੍ਰੀ ਮੋਹਿੰਦਰ ਭਗਤ<br>Shri Mohinder Bhagat | Defence Services Welfare, Freedom Fighters, Horticulture Minister | ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀ, ਬਾਗਬਾਨੀ ਮੰਤਰੀ |

## CONTENTS


| Sr. No. | SUBJECT | Page No. |
|---|---|---|
| 1. | Starred Questions and Answers | 1 |
| 2. | Ruling by the Hon’ble Speaker | 2 |
| 3. | Starred Questions and Answers (*Resumption*) | 2 |
| 4. | Welcome Announcement by the Hon'ble Speaker | 11 |
| 5. | Starred Questions and Answers (*Resumption*) | 12 |
| 6. | Welcome Announcement by the Hon'ble Speaker | 24 |
| 7. | Starred Questions and Answers (*Resumption*) | 24 |
| 8. | Written Answer to Starred Question laid on the Table of the House under Rule 38 | 38 |
| 9. | Unstarred Questions and Answers | 39 |
| 10. | Matters Raised During Zero Hour | 48 |
| 11. | Welcome Announcement by the Hon'ble Speaker | 50 |
| 12. | Matters Raised During Zero Hour *(Resumption)* | 51 |
| 13. | Short Adjournment of the House | 60 |
| 14. | Matters Raised During Zero Hour *(Resumption)* | 60 |
| 15. | Call Attention Notices Under Rule 66 | 62 |
| 16. | Welcome Announcement by the Hon'ble Speaker | 65 |
| 17. | Call Attention Notices Under Rule 66 *(Resumption)* | 65 |
| 18. | Motion Under Rule 16 | 67 |
| 19. | Papers laid on the Table of the House | 69 |
| 20. | Presentation of the Report of the Committee | 70 |
| 21. | Motion Regarding Constitution of Elected Committees for the year 2026-27 | 72 |
| 22. | Welcome Announcement by the Hon'ble Speaker | 75 |
| 23. | **Legislative Business** | |
| | 1. The Punjab Regulation of Crusher Units and Stockists and Retailers (Amendment) Bill, 2026 *(Replacing Ordinance)* | 76 |

| | | |
|---|---|---|
| | 2. Sri Guru Tegh Bahadur World Class University, Punjab Bill, 2026 | 83 |
| 24. | Welcome Announcement by the Hon'ble Speaker | 93 |
| 25. | Resolution Regarding urging the Government of India to Confer the Bharat Ratna Posthumously to Babu Kanshi Ram Ji | 93 |
| 26. | Welcome Announcement by the Hon'ble Speaker | 96 |
| 27. | Resolution Regarding urging the Government of India to Confer the Bharat Ratna Posthumously to Babu Kanshi Ram Ji *(Resumption)* | 97 |
| 28. | Censure Motion | 112 |
| 29. | Walk Out | 114 |
| 30. | Censure Motion *(Resumption)* | 114 |
| 31. | Appendix-I<br>Bulletins (Punjabi & English) | 117 |

## PUNJAB VIDHAN SABHA

***Monday, the 16th March, 2026***

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 11.00 A.M. Mr. Speaker (Sardar Kultar Singh Sandhwan) in the Chair.*

-------

## STARRED QUESTIONS AND ANSWERS

**ਮਾਣਯੋਗ ਸਪੀਕਰ** : ਪ੍ਰਸ਼ਨ ਕਾਲ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸਮੂਹ ਮੰਤਰੀ ਸਾਹਿਬਾਨ ਅਤੇ ਟਰੈਜ਼ਰੀ ਬੈਂਚਿਜ਼ ਦੇ ਸਾਰੇ ਮੈਂਬਰ ਸਾਹਿਬਾਨਾਂ ਨੇ ਦੇਸ਼ ਵਿਚ ਕੇਂਦਰ ਸਰਕਾਰ ਦੀਆਂ ਗਲਤ ਵਿਦੇਸ਼ ਨੀਤੀਆਂ ਸਦਕਾ ਐਲ.ਪੀ.ਜੀ. ਗੈਸ ਦੀ ਕਮੀ ਹੋਣ ਦੇ ਰੋਸ ਵਜੋਂ ਚੋਗੇ ਪਹਿਨੇ ਹੋਏ ਸਨ, ਜਿਸ ਤੇ ਛਪਿਆ ਸੀ - *''ਨਰਿੰਦਰ ਮੋਦੀ ਨੇ ਕੀਤਾ ਸਰੈਂਡਰ, ਗਾਇਬ ਹੋਇਆ ਗੈਸ ਸਿਲੰਡਰ''*)

### ਆਈ.ਟੀ.ਆਈ. ਬਾਬਾ ਬਕਾਲਾ ਦਾ ਨਾਮ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਨਾਮ ਤੇ ਰੱਖਣਾ

***1822. ਸਰਦਾਰ ਦਲਬੀਰ ਸਿੰਘ ਟੌਂਗ :** ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਬਾਬਾ ਬਕਾਲਾ ਵਿਖੇ ਸਥਿਤ ਸਰਕਾਰੀ ਆਈ.ਟੀ.ਆਈ. ਬਾਬਾ ਬਕਾਲਾ ਦਾ ਨਾਮ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਨਾਮ ਉੱਤੇ ਰੱਖਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਸ ਨੂੰ ਅਮਲ ਵਿੱਚ ਲਿਆਂਦਾ ਜਾਵੇਗਾ?

**ਸ੍ਰੀ ਅਮਨਸ਼ੇਰ ਸਿੰਘ ਸ਼ੈਰੀ ਕਲਸੀ (ਬਿਨਾਂ ਮਾਈਕ ਤੋਂ):** ਸਪੀਕਰ ਸਾਹਿਬ, ਦੇਸ਼ ਵਿਚ ਸਿਲੰਡਰ ਨਹੀਂ ਮਿਲ ਰਹੇ, ਲੋਕਾਂ ਵਿਚ ਹਾਹਾਕਾਰ ਮਚੀ ਪਈ ਹੈ। ਕੇਂਦਰ ਸਰਕਾਰ ਸੁੱਤੀ ਪਈ ਹੈ ਤੇ ਉਹ ਆਪਣੇ ਦਫ਼ਤਰਾਂ ਵਿਚ ਬੈਠ ਕੇ ਕਹਿ ਰਹੇ ਹਨ ਕਿ ਕੋਈ ਕਮੀ ਨਹੀਂ ਹੈ।

**ਮਾਣਯੋਗ ਸਪੀਕਰ:** ਇਕ ਮਿੰਟ। ਸ਼ੈਰੀ ਜੀ, ਤੁਸੀਂ ਬੈਠੋ। (ਵਿਘਨ..) ਇਕ ਮਿੰਟ ਬੈਠ ਤਾਂ ਜਾਓ, ਗੱਲ ਤਾਂ ਸੁਣ ਲਓ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਅਤੇ ਸ੍ਰੀ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਦੇਸ਼ ਵਿਚ ਕੇਂਦਰ ਸਰਕਾਰ ਦੀਆਂ ਗਲਤ ਵਿਦੇਸ਼ ਨੀਤੀਆਂ ਸਦਕਾ ਐਲ.ਪੀ.ਜੀ. ਗੈਸ ਦੀ ਕਮੀ ਹੋਣ ਦੇ ਰੋਸ ਵਜੋਂ *''ਨਰਿੰਦਰ ਮੋਦੀ ਨੇ ਕੀਤਾ ਸਰੈਂਡਰ, ਗਾਇਬ ਹੋਇਆ ਗੈਸ ਸਿਲੰਡਰ''* ਨਾਅਰੇ ਲਗਾਏ ਗਏ, ਜਿਸ ਦੇ ਜਵਾਬ ਵਿਚ ਸਦਨ ਵਿਚ ਹਾਜ਼ਰ ਟਰੈਜ਼ਰੀ ਬੈਂਚਿਜ਼ ਤੋਂ ਸਮੂਹ ਮੈਂਬਰ ਸਾਹਿਬਾਨ ਅਤੇ ਮੰਤਰੀ ਸਾਹਿਬਾਨ ਵੀ ਇਹ ਨਾਅਰਾ ਲਗਾ ਰਹੇ ਸਨ ਅਤੇ ਸਦਨ ਵਿਚ ਕਾਫ਼ੀ ਸ਼ੋਰ ਸੀ।)

**ਮਾਣਯੋਗ ਸਪੀਕਰ :** ਇੱਕ ਮਿੰਟ, ਮੇਰੀ ਗੱਲ ਸੁਣੋ। ਮੈਂ ਤੁਹਾਡੀ ਗੱਲ ਨਾਲ ਸਹਿਮਤ ਹਾਂ ਪਰ ਤੁਸੀਂ ਇੱਕ ਮਿੰਟ ਬੈਠੋ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ੍ਰੀ ਅਸ਼ੋਕ ਪਰਾਸ਼ਰ (ਪੱਪੀ) ਵੱਲੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ *"ਮੋਦੀ ਤੇਰੀ ਤਾਨਾਸ਼ਾਹੀ ਨਹੀਂ ਚਲੇਗੀ, ਨਹੀਂ ਚਲੇਗੀ"* ਨਾਅਰੇ ਲਗਾਏ ਗਏ, ਜਿਸ ਦੇ ਜਵਾਬ ਵਿਚ ਸਦਨ ਵਿਚ ਹਾਜ਼ਰ ਟਰੈਜ਼ਰੀ ਬੈਂਚਿਜ਼ ਤੋਂ ਸਮੂਹ ਮੈਂਬਰ ਸਾਹਿਬਾਨ ਅਤੇ ਮੰਤਰੀ ਸਾਹਿਬਾਨ ਵੀ ਇਹ ਨਾਅਰਾ ਲਗਾ ਰਹੇ ਸਨ ਅਤੇ ਸਦਨ ਵਿਚ ਕਾਫ਼ੀ ਸ਼ੋਰ ਸੀ।)

**ਮਾਣਯੋਗ ਸਪੀਕਰ:** ਪੱਪੀ ਜੀ, ਫਿਰ ਮੈਂ ਤਾਨਾਸ਼ਾਹੀ ਚਲਾਉਣੀ ਸ਼ੁਰੂ ਕਰ ਦੇਣੀ ਹੈ। ਤੁਸੀਂ ਬੈਠ ਜਾਓ। ਸਾਰੇ ਮੈਂਬਰ ਸਾਹਿਬਾਨ ਅਤੇ ਮੰਤਰੀ ਸਾਹਿਬਾਨ, ਬੈਠੋ ਪਲੀਜ਼।

-------

## RULING BY THE HON'BLE SPEAKER

**ਮਾਣਯੋਗ ਸਪੀਕਰ:** ਪ੍ਰਸ਼ਨ ਕਾਲ ਦੇ ਵਿਚ ਕੋਈ ਹੋਰ ਗੱਲ ਨਹੀਂ ਹੋਵੇਗੀ। ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਪ੍ਰਸ਼ਨ ਕਾਲ ਪ੍ਰਸ਼ਨ ਕਾਲ ਹੀ ਰਹੇਗਾ। ਉਸ ਤੋਂ ਬਾਅਦ ਤੁਹਾਡੀਆਂ ਸਾਰੀਆਂ ਦੁੱਖ-ਤਕਲੀਫ਼ਾਂ ਸੁਣਨ ਵਾਸਤੇ ਜ਼ੀਰੋ ਆਵਰ ਹੈ ਪਰ ਪ੍ਰਸ਼ਨ ਕਾਲ ਪ੍ਰਸ਼ਨ ਕਾਲ ਹੀ ਰਹੇਗਾ। ਸਿੱਖਿਆ ਮੰਤਰੀ ਜੀ, ਤੁਸੀਂ ਜਵਾਬ ਦਿਓ।

-------

## STARRED QUESTIONS AND ANSWERS *(Resumption)*

**ਸਰਦਾਰ ਹਰਜੋਤ ਸਿੰਘ ਬੈਂਸ:** ਨਹੀਂ ਜੀ, ਹਲਕਾ ਬਾਬਾ ਬਕਾਲਾ ਵਿਖੇ ਸਥਿਤ ਸਰਕਾਰੀ ਆਈ.ਟੀ.ਆਈ. ਬਾਬਾ ਬਕਾਲਾ ਦਾ ਨਾਮ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਨਾਮ ਉੱਤੇ ਰੱਖਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਹਾਲ ਦੀ ਘੜੀ ਵਿਭਾਗ ਕੋਲ ਕੋਈ ਅਜਿਹਾ ਪ੍ਰਪੋਜ਼ਲ ਨਹੀਂ ਆਇਆ ਹੈ ਪਰ ਮਾਣਯੋਗ ਮੈਂਬਰ ਸਾਹਿਬ ਦੀ ਇਹ ਬੜੀ ਚੰਗੀ ਸੋਚ ਹੈ। ਬਾਬਾ ਜੀਵਨ ਸਿੰਘ ਜੀ ਦੀ ਪੰਥ ਲਈ ਅਤੇ ਪੂਰੀ ਕੌਮ ਲਈ ਬੜੀ ਵੱਡੀ ਕੁਰਬਾਨੀ ਹੈ। ਸੋ, ਜੇਕਰ ਕੋਈ ਅਜਿਹਾ ਪ੍ਰਪੋਜ਼ਲ ਆਉਂਦਾ ਹੈ ਤਾਂ ਵਿਭਾਗ ਜ਼ਰੂਰ ਇਸ ਤੇ ਵਿਚਾਰ ਕਰੇਗਾ।

**ਸਰਦਾਰ ਦਲਬੀਰ ਸਿੰਘ ਟੌਂਗ:** ਸਪੀਕਰ ਸਾਹਿਬ, ਪੰਜਾਬ ਸਰਕਾਰ ਵੱਲੋਂ ਬਾਬਾ ਜੀਵਨ ਸਿੰਘ ਜੀ ਦੀ ਯਾਦ ਵਿਚ ਪਿਛਲੇ ਸਾਲ 14 ਨਵੰਬਰ ਨੂੰ ਪ੍ਰੋਗਰਾਮ ਰੱਖਿਆ ਗਿਆ ਸੀ, ਉੱਥੇ ਸਰਦਾਰ ਹਰਭਜਨ ਸਿੰਘ, ਮਾਣਯੋਗ ਮੰਤਰੀ ਸਾਹਿਬ ਮੁੱਖ ਮਹਿਮਾਨ ਵਜੋਂ ਪਹੁੰਚੇ ਸਨ ਤਾਂ ਇਨ੍ਹਾਂ ਨੇ ਲੋਕਾਂ ਦੇ ਸਾਹਮਣੇ, ਸੰਗਤ ਦੇ ਸਾਹਮਣੇ ਕਿਹਾ ਸੀ ਕਿ ਅਸੀਂ ਇਸ ਦਾ ਨਾਂ ਬਾਬਾ ਜੀਵਨ ਸਿੰਘ ਜੀ ਦੇ ਨਾਂ ਤੇ ਰੱਖਾਂਗੇ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ, ਜਿਨ੍ਹਾਂ ਦੇ ਪਰਿਵਾਰ ਨੇ ਦਸ ਗੁਰੂ ਸਾਹਿਬਾਨ ਨਾਲ ਰਹਿ ਕੇ ਕੁਰਬਾਨੀਆਂ ਦਿੱਤੀਆਂ ਹਨ, ਉਨ੍ਹਾਂ ਦੇ ਨਾਂ ਤੇ ਇਸ ਸੰਸਥਾ ਦਾ ਨਾਂ ਰੱਖਿਆ ਜਾਵੇ ਕਿਉਂਕਿ ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਭ ਤੋਂ ਲੰਮਾ ਸਮਾਂ ਬਾਬਾ ਬਕਾਲਾ ਦੀ ਧਰਤੀ ਤੇ ਬਿਤਾਇਆ। ਉਨ੍ਹਾਂ ਨੇ 26 ਸਾਲ, 9 ਮਹੀਨੇ ਅਤੇ 13 ਦਿਨ ਇਸ ਧਰਤੀ ਤੇ ਘੋਰ

ਤਪੱਸਿਆ ਕੀਤੀ। ਬਾਬਾ ਜੀਵਨ ਸਿੰਘ ਜੀ ਹੀ ਉਨ੍ਹਾਂ ਦਾ ਸੀਸ ਚਾਂਦਨੀ ਚੌਕ ਤੋਂ ਲੈ ਕੇ ਪੰਜਾਬ ਆਏ। ਜਿਹੜੀ ਆਈ.ਟੀ.ਆਈ. ਦੀ ਮੈਂ ਗੱਲ ਕਰ ਰਿਹਾ ਹਾਂ, ਉਹ ਸਰਕਾਰੀ ਆਈ.ਟੀ.ਆਈ., ਬਾਬਾ ਬਕਾਲਾ ਹੈ। ਮੈਂ ਚਾਹੁੰਦਾ ਹਾਂ ਕਿ ਉਸ ਦਾ ਨਾਮ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਨਾਂ ਤੇ ਰੱਖਿਆ ਜਾਵੇ ਤਾਂ ਜੋ ਸਾਡੇ ਪੁਰਖਿਆਂ ਨੂੰ, ਸਾਡੇ ਸ਼ਹੀਦਾਂ ਦੇ ਨਾਂ ਨੂੰ ਯਾਦ ਕੀਤਾ ਜਾ ਸਕੇ। ਧੰਨਵਾਦ ਜੀ।

**ਸ੍ਰੀਮਤੀ ਅਰੁਨਾ ਚੌਧਰੀ**: ਸਪੀਕਰ ਸਾਹਿਬ, ਮੇਰੇ ਸਵਾਲ ਨੰ: 1762 ਦੀ ਐਕਸਟੈਂਸ਼ਨ ਦਿੱਤੀ ਗਈ ਸੀ ਅਤੇ ਇਹ ਸਵਾਲ ਅੱਜ ਸੋਮਵਾਰ ਨੂੰ ਲੱਗਣਾ ਸੀ।

**ਮਾਣਯੋਗ ਸਪੀਕਰ**: ਮੈਂ ਚੈੱਕ ਕਰ ਲੈਂਦਾ ਹਾਂ। ਬੈਠੋ ਜੀ।

--------

## ਫਾਜ਼ਿਲਕਾ ਵਿਖੇ ਨਵਾਂ 220 ਕੇ.ਵੀ. ਬਿਜਲੀ ਘਰ ਬਣਾਉਣਾ

***1815. ਸ੍ਰੀ ਨਰਿੰਦਰ ਪਾਲ ਸਿੰਘ ਸਵਨਾ:** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਾਜ਼ਿਲਕਾ ਇਲਾਕੇ ਵਿੱਚ ਗਰਮੀਆਂ ਦੇ ਸਮੇਂ ਬਿਜਲੀ ਦੀ ਬਹੁਤ ਸਮੱਸਿਆ ਆਉਂਦੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇੱਥੇ ਇੱਕ ਨਵਾਂ 220 ਕੇ.ਵੀ. ਬਿਜਲੀ ਘਰ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ੍ਰੀ ਸੰਜੀਵ ਅਰੋੜਾ :** ਇਸ ਵੇਲੇ ਫਾਜ਼ਿਲਕਾ ਖੇਤਰ ਦੇ ਪੰਜ 66 ਕੇ.ਵੀ. ਗਰਿਡ ਰੇਡੀਅਲ ਸਪਲਾਈ ਅਧੀਨ ਹਨ ਅਤੇ ਉਨ੍ਹਾਂ ਨੂੰ 66 ਕੇ.ਵੀ. ਲਾਧੂਕਾ-ਰਾਣਾ ਸਰਕਟ ਰਾਹੀਂ ਸਪਲਾਈ ਦਿੱਤੀ ਜਾਂਦੀ ਹੈ। ਇਸ ਲਾਈਨ ਦੇ ਕੰਡਕਟਰ ਦਾ ਸਾਈਜ਼ 0.2 ਸੁਕੈਅਰ ਇੰਚ (ਪੈਂਥਰ) ਹੈ ਅਤੇ ਇਸ ਦੀ ਲੋਡ ਲੈਣ ਦੀ ਸਮਰੱਥਾ 380 ਐਮਪੀਅਰ ਹੈ। ਗਰਮੀਆਂ ਦੇ ਸੀਜ਼ਨ ਦੌਰਾਨ ਸਾਲ 2024 ਵਿੱਚ ਇਸ ਲਾਈਨ ਤੇ ਵੱਧ ਤੋਂ ਵੱਧ ਲੋਡ 393 ਐਮਪੀਅਰ ਅਤੇ ਸਾਲ 2025 ਦੌਰਾਨ ਇਸ ਤੇ ਵੱਧ ਤੋਂ ਵੱਧ ਲੋਡ 392 ਐਮਪੀਅਰ ਚਲਿਆ ਹੈ, ਜਿਸ ਕਰਕੇ ਇਹ ਲਾਈਨ ਓਵਰਲੋਡ ਹੋ ਜਾਂਦੀ ਹੈ ਅਤੇ ਸਪਲਾਈ ਵਿਚ ਸਮੱਸਿਆ ਆਉਂਦੀ ਹੈ। ਇਸ ਲਾਈਨ ਦੇ ਕੰਡਕਟਰ ਨੂੰ 0.2 ਸੁਕੇਅਰ ਇੰਚ ਐਚ.ਟੀ.ਐਲ.ਐਸ. ਕੰਡਕਟਰ ਨਾਲ ਬਦਲਣ ਲਈ ਵਰਕ ਆਰਡਰ ਜਾਰੀ ਕੀਤਾ ਜਾ ਚੁੱਕਾ ਹੈ ਅਤੇ ਇਸ ਕੰਮ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਇਸ ਕੰਮ ਨੂੰ ਜੁਲਾਈ, 2027 ਤੱਕ ਪੂਰਾ ਕਰਨ ਦਾ ਟੀਚਾ ਮਿਥਿਆ ਗਿਆ ਹੈ।

ਇਹ ਕੰਡਕਟਰ ਬਦਲਣ ਦਾ ਕੰਮ ਮੁਕੰਮਲ ਹੋਣ ਤੋਂ ਬਾਅਦ ਲਾਧੂਕਾ-ਰਾਣਾ ਸਰਕਟ ਦੀ ਲੋਡ ਲੈਣ ਦੀ ਸਮਰੱਥਾ ਲਗਭਗ ਦੁੱਗਣੀ ਹੋ ਜਾਵੇਗੀ, ਜਿਸ ਨਾਲ ਓਵਰਲੋਡਿੰਗ ਅਤੇ ਫਾਜ਼ਿਲਕਾ ਖੇਤਰ ਨੂੰ ਗਰਮੀਆਂ ਦੌਰਾਨ ਸਪਲਾਈ ਦੀ ਸਮੱਸਿਆ ਦਾ ਹੱਲ ਹੋ ਜਾਵੇਗਾ।

ਇਸ ਤੋਂ ਇਲਾਵਾ ਫਾਜ਼ਿਲਕਾ ਵਿਖੇ 220 ਕੇ.ਵੀ. ਗਰਿੱਡ ਪ੍ਰਸਤਾਵਿਤ ਹੈ, ਜਿਸ ਦੇ ਜੂਨ, 2028 ਤੱਕ ਪੂਰਾ ਹੋਣ ਦੀ ਉਮੀਦ ਹੈ। ਇਹ ਗਰਿੱਡ ਬਣਨ ਤੋਂ ਬਾਅਦ ਫਾਜ਼ਿਲਕਾ ਦੇ ਪੰਜ 66 ਕੇ.ਵੀ. ਗਰਿੱਡ ਰਿੰਗਮੇਨ ਸਿਸਟਮ ਅਧੀਨ ਆ ਜਾਣਗੇ ਅਤੇ ਇਨ੍ਹਾਂ ਪੰਜ ਗਰਿੱਡਾਂ ਦਾ ਲੋਡ ਜੋ ਕਿ 123.5 ਐਮ.ਵੀ.ਏ. ਬਣਦਾ ਹੈ, ਇਸ ਨਵੇਂ ਬਣ ਰਹੇ 220

ਕੇ.ਵੀ. ਗਰਿੱਡ ਤੇ ਸ਼ਿਫਟ ਹੋ ਜਾਵੇਗਾ, 220 ਕੇ.ਵੀ. ਗਰਿੱਡ ਘੁਬਾਇਆ ਨੂੰ 123.5 ਐਮ.ਵੀ.ਏ. ਲੋਡ ਦੀ ਰਾਹਤ ਮਿਲੇਗੀ ਅਤੇ ਇਸ ਇਲਾਕੇ ਦੀ ਬਿਜਲੀ ਸਪਲਾਈ ਵਿਚ ਹੋਰ ਸੁਧਾਰ ਹੋ ਜਾਵੇਗਾ।

**ਸ਼੍ਰੀ ਨਰਿੰਦਰ ਪਾਲ ਸਿੰਘ ਸਵਨਾ**: ਮਾਣਯੋਗ ਸਪੀਕਰ ਸਾਹਿਬ, ਜਿਹੜਾ ਸਾਡਾ ਬਾਰਡਰ ਦਾ ਇਲਾਕਾ ਹੈ ਉੱਥੇ ਸਾਡੇ ਬਾਰਡਰ ਦੇ ਕਿਸਾਨ ਖੇਤੀ ਕਰਦੇ ਹਨ, ਉਹ ਕਿਸਾਨ ਤਾਰਾਂ ਤੋਂ ਪਾਰ ਜਾ ਕੇ ਖੇਤੀ ਕਰਦੇ ਹਨ, ਉਨ੍ਹਾਂ ਨੂੰ ਬਿਜਲੀ ਸਪਲਾਈ ਦੇ ਵਿੱਚ ਕਾਫੀ ਮੁਸ਼ਕਲ ਆ ਰਹੀ ਹੈ। ਕਈ ਵਾਰ ਉਨ੍ਹਾਂ ਨੂੰ ਦਿਨ ਵੇਲੇ ਬਿਜਲੀ ਦੀ ਸਪਲਾਈ ਨਹੀਂ ਦਿੱਤੀ ਜਾਂਦੀ। ਸਾਡੇ ਉੱਥੇ 66 ਕੇ.ਵੀ. ਦੇ ਬਿਜਲੀ ਘਰ ਬਣੇ ਹੋਏ ਹਨ। ਸਾਡੀ ਮੰਗ ਹੈ ਕਿ ਕੀ 220 ਕੇ.ਵੀ. ਗਰਿੱਡ ਬਣਾਉਣਾ ਸਰਕਾਰ ਦੇ ਵਿਚਾਰ ਅਧੀਨ ਹੈ? ਇਹ 220 ਕੇ.ਵੀ. ਗਰਿੱਡ ਕਦੋਂ ਤੱਕ ਸ਼ੁਰੂ ਹੋ ਜਾਵੇਗਾ? ਇਸ ਤੇ ਕਿੰਨਾ ਖਰਚਾ ਆਉਣਾ ਹੈ ਅਤੇ ਇਹ ਕੰਮ ਕਦੋਂ ਤੱਕ ਕੰਪਲੀਟ ਹੋ ਜਾਣਾ ਹੈ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਸਰਕਾਰ ਨੇ ਸਾਡੇ ਕਿਸਾਨਾਂ ਨੂੰ 8 ਘੰਟੇ ਦੀ ਬਿਜਲੀ ਦਿਨ ਵਿੱਚ ਦੇਣੀ ਹੀ ਦੇਣੀ ਹੈ। ਜੇ ਕਿਸੇ ਵੀ ਪਰਟੀਕੁਲਰ ਏਰੀਏ, ਪਿੰਡ ਵਿੱਚ ਬਿਜਲੀ ਦੀ ਪ੍ਰਾਬਲਮ ਆ ਰਹੀ ਹੈ ਤਾਂ ਮੇਰੇ ਧਿਆਨ ਵਿੱਚ ਲਿਆਂਦੀ ਜਾਵੇ। ਸਾਨੂੰ ਜੇਕਰ ਇਸ ਸਬੰਧੀ ਕੋਈ temporary arrangement ਕਰਨਾ ਵੀ ਪਿਆ ਤਾਂ ਜ਼ਰੂਰ ਕਰਾਂਗੇ। ਮੈਂ ਐਮ.ਐੱਲ.ਏ. ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਸ ਤਰ੍ਹਾਂ ਨਹੀਂ ਹੋਵੇਗਾ ਕਿ ਉਨ੍ਹਾਂ ਨੂੰ 8 ਘੰਟੇ ਬਿਜਲੀ ਨਾ ਮਿਲੇ। ਜਿਹੜਾ ਇਹ 220 ਕੇ.ਵੀ. ਗਰਿੱਡ ਸਬੰਧੀ ਪੁੱਛ ਰਹੇ ਹਨ, ਜੂਨ, 2028 ਤੱਕ ਇਸ ਦੀ ਪ੍ਰਕਿਰਿਆ ਪੂਰੀ ਹੋਵੇਗੀ। ਟੈਂਡਰ ਜਾਰੀ ਹੋ ਚੁੱਕੇ ਹਨ ਅਤੇ ਇਸ ਤੇ 145 ਕਰੋੜ ਰੁਪਿਆ ਲੱਗਣਾ ਹੈ।

**ਸ਼੍ਰੀ ਨਰਿੰਦਰ ਪਾਲ ਸਿੰਘ ਸਵਨਾ**: ਮਾਣਯੋਗ ਸਪੀਕਰ ਸਾਹਿਬ, ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਮੈਂ ਮਾਣਯੋਗ ਮੁੱਖ ਮੰਤਰੀ ਸਾਹਿਬ ਅਤੇ ਬਿਜਲੀ ਮੰਤਰੀ ਜੀ ਦਾ ਵੀ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਸਾਡੇ ਫਾਜ਼ਿਲਕਾ ਇਲਾਕੇ ਲਈ ਇੱਕ ਨਵਾਂ ਪ੍ਰੋਜੈਕਟ 220 ਕੇ.ਵੀ ਦਾ ਨਵਾਂ ਗਰਿੱਡ ਮਨਜ਼ੂਰ ਕੀਤਾ ਹੈ। ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

**ਸਰਦਾਰ ਹਰਦੇਵ ਸਿੰਘ ਲਾਡੀ**: ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਸਪਲੀਮੈਂਟਰੀ ਦੇ ਕੇ ਆਪਣੀ ਗੱਲ ਰੱਖਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਚਾਹੇ ਸਾਡੇ ਮਹਿਤਪੁਰ ਸਬ-ਡਵੀਜ਼ਨ ਉਤੇ ਗਰਿੱਡ ਹੈ ਅਤੇ ਚਾਹੇ ਸ਼ਾਹਪੁਰ ਗਰਿੱਡ ਹੈ, ਸਾਰੇ ਹੀ ਓਵਰਲੋਡ ਚੱਲ ਰਹੇ ਹਨ, ਉਥੇ ਨਵੇਂ ਗਰਿੱਡ ਲਗਾਉਣ ਦੀ ਤਜਵੀਜ਼ ਬਣਾਈ ਜਾਵੇ ਤਾਂ ਕਿ ਲੋਕਾਂ ਨੂੰ ਰੈਗੂਲਰ ਬਿਜਲੀ ਦੀ ਸਪਲਾਈ ਦਿੱਤੀ ਜਾਵੇ। ਸਾਨੂੰ ਉਥੇ ਕਾਫੀ ਪ੍ਰੇਸ਼ਾਨੀ ਆ ਰਹੀ ਹੈ। ਸ਼ਾਹਪੁਰ ਹਲਕੇ ਦੇ ਜਿੰਨੇ ਵੀ ਗਰਿੱਡ ਹਨ, ਉਹ ਓਵਰਲੋਡ ਹਨ। ਜਦੋਂ ਨਵਾਂ ਕੁਨੈਕਸ਼ਨ ਲੈਣਾ ਹੁੰਦਾ ਹੈ ਤਾਂ ਕਹਿ ਦਿੰਦੇ ਹਨ ਕਿ ਗਰਿੱਡ ਓਵਰ-ਲੋਡਿਡ ਹੈ।

**ਮਾਣਯੋਗ ਸਪੀਕਰ**: ਵੈਸੇ ਤੁਹਾਡਾ ਸਵਾਲ ਵੱਖਰਾ ਬਣਦਾ ਹੈ, ਜੇ ਮੰਤਰੀ ਸਾਹਿਬ ਜਵਾਬ ਦੇਣਾ ਚਾਹੁੰਦੇ ਹਨ ਤਾਂ ਦੇ ਸਕਦੇ ਹਨ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ 6000 ਕਰੋੜ ਰੁਪਿਆ ਖਰਚ ਰਹੇ ਹਾਂ। ਨਵੇਂ ਗਰਿੱਡ ਵੀ ਬਣ ਰਹੇ ਹਨ, ਨਵੀਆਂ ਤਾਰਾਂ ਵੀ ਲੇਅ ਹੋ ਰਹੀਆਂ ਹਨ, ਜਿਹੜੇ ਓਵਰ-ਲੋਡਿਡ ਗਰਿੱਡ ਹਨ, ਉਨ੍ਹਾਂ ਤੇ ਨਵੇਂ ਟਰਾਂਸਫਾਰਮਰ ਵੀ ਲਗਾ ਰਹੇ ਹਾਂ। ਜਿਹੜਾ ਐਮ.ਐਲ.ਏ ਸਾਹਿਬ ਦਾ ਕੋਈ ਪਰਟੀਕੁਲਰ ਇਸ਼ੂ ਹੈ, ਮੈਂ ਇਹੀ ਗੁਜ਼ਾਰਿਸ਼ ਕਰਾਂਗਾ ਕਿ ਇਹ ਮੈਨੂੰ ਇੱਕ ਪੱਤਰ ਵਿੱਚ ਲਿਖ ਕੇ ਭੇਜ ਦੇਣ। ਮੈਂ ਉਸ ਤੇ ਸਟੱਡੀ ਕਰਕੇ ਇਨ੍ਹਾਂ ਨੂੰ ਜਵਾਬ ਦਿਆਂਗਾ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਸਰਦਾਰ ਹਰਮੀਤ ਸੰਧੂ ਜੀ। ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਅਥਾਰਟੀ ਦਿੱਤੀ ਜਾਂਦੀ ਹੈ ਕਿ ਉਹ ਸਰਦਾਰ ਹਰਮੀਤ ਸਿੰਘ ਸੰਧੂ ਜੀ ਦਾ ਸਵਾਲ ਪੁੱਟ ਕਰਨ।

-------

## ਪਿੰਡ ਕੱਕਾ ਕੰਡਿਆਲਾ ਨੇੜੇ ਬਣ ਰਹੇ MDR ਤੇ S25 ਰੇਲਵੇ ਓਵਰ ਬਰਿੱਜ ਦੇ ਵੇਰਵੇ

***1851. ਸਰਦਾਰ ਹਰਮੀਤ ਸਿੰਘ ਸੰਧੂ (ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ ਵੱਲੋਂ ਪੁੱਟ ਕੀਤਾ ਗਿਆ)** : ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਰਨ ਤਾਰਨ ਬਾਈਪਾਸ ਤੇ ਪਿੰਡ ਕੱਕਾ ਕੰਡਿਆਲਾ ਨੇੜੇ ਬਣ ਰਹੇ MDR ਤੇ S25 ਰੇਲਵੇ ਓਵਰ ਬਰਿੱਜ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਨਵੀਂ ਨਿਰਧਾਰਤ ਸਮਾਂ-ਸੀਮਾ ਕੀ ਹੈ?

**ਸਰਦਾਰ ਹਰਭਜਨ ਸਿੰਘ :** ਇਹ ਰੇਲਵੇ ਓਵਰ ਬ੍ਰਿਜ ਸ਼ਹਿਰ ਤਰਨ ਤਾਰਨ ਬਾਈਪਾਸ (MDR -61) ਉੱਪਰ ਪੈਂਦਾ ਹੈ। ਇਹ ਕੰਮ ਏਜੰਸੀ ਨੂੰ ਮਿਤੀ 25-06-2024 ਨੂੰ CRIF-Setu-Bhandan ਸਕੀਮ ਅਧੀਨ 24 ਮਹੀਨੇ ਦੀ ਮਿਆਦ ਨਾਲ ਅਲਾਟ ਕੀਤਾ ਗਿਆ ਹੈ ਅਤੇ ਕੰਮ ਪ੍ਰਗਤੀ ਅਧੀਨ ਹੈ। ਮੌਕੇ ਤੇ 60% ਕੰਮ ਮੁਕੰਮਲ ਕਰ ਲਿਆ ਗਿਆ ਹੈ। ਇਹ ਕੰਮ ਛੇਤੀ ਹੀ ਮੁਕੰਮਲ ਕਰਵਾ ਲਿਆ ਜਾਵੇਗਾ।

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ** : ਸਰ, ਜਿਹੜਾ ਇਹ ਬਾਈਪਾਸ ਹੈ, ਇਹ ਤਰਨ ਤਾਰਨ ਦਾ ਮੁੱਖ ਮੇਨ ਰੋਡ ਹੈ। ਜਦੋਂ ਅੰਮ੍ਰਿਤਸਰ ਸਾਹਿਬ ਨੂੰ ਜਾਂਦੇ ਹਾਂ ਜਾਂ ਅਟਾਰੀ ਨੂੰ ਜਾਂਦੇ ਹਾਂ ਤਾਂ ਇਸ ਬਾਈਪਾਸ ਤੋਂ ਹੀ ਗੁਜ਼ਰ ਕੇ ਜਾਇਆ ਜਾਂਦਾ ਹੈ। ਇਸ ਬਾਈਪਾਸ ਨੂੰ ਬਣਦਿਆਂ ਤਕਰੀਬਨ ਡੇਢ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਮੰਤਰੀ ਸਾਹਿਬ ਕਹਿੰਦੇ ਹਨ ਕਿ 60% ਬਣ ਗਿਆ ਹੈ ਪਰੰਤੂ ਅਜੇ ਤੱਕ ਇਹ 25% ਵੀ ਨਹੀਂ ਬਣਿਆ ਹੈ। ਤਕਰੀਬਨ 6 ਮਹੀਨੇ ਤੋਂ ਵੱਧ ਸਮੇਂ ਤੋਂ ਕੰਮ ਰੁਕਿਆ ਹੋਇਆ ਹੈ। ਜਿਹੜੀ ਇਸ ਕੰਮ ਦੀ ਟਾਈਮ ਲਾਈਨ ਹੈ, ਉਹ ਮਿਤੀ 25.06.2026 ਤੱਕ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਇਹ ਕੰਮ ਉਦੋਂ ਤੱਕ ਖਤਮ ਨਹੀਂ ਹੋਇਆ ਤਾਂ ਕੀ ਠੇਕੇਦਾਰ ਨੂੰ ਕੋਈ ਪੈਨਲਟੀ ਲਗਾਉਣਗੇ? ਮੈਨੂੰ ਇਹ ਵੀ ਦੱਸਿਆ ਜਾਵੇ ਕਿ ਇਹ ਪ੍ਰਾਜੈਕਟ ਕਦੋਂ ਤੱਕ ਕੰਪਲੀਟ ਕਰ ਲਿਆ ਜਾਵੇਗਾ?

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਜਿਸ ਪੁਲ ਦੀ ਸਤਿਕਾਰਯੋਗ ਮੈਂਬਰ ਸਾਹਿਬ ਗੱਲ ਕਰ ਰਹੇ ਹਨ, ਇਸ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ। ਸੀ.ਆਰ.ਆਈ.ਐਫ. ਵਿੱਚ ਇਸ ਦੇ ਪੈਸੇ ਆਉਣੇ ਸਨ। ਇਹ ਪ੍ਰਾਜੈਕਟ 69.88 ਕਰੋੜ ਰੁਪਏ ਦਾ ਸੀ। ਜਦੋਂ ਕੇਂਦਰ ਸਰਕਾਰ ਨੇ ਪੈਸੇ ਰੋਕ ਦਿੱਤੇ ਤਾਂ ਅਸੀਂ ਪੰਜਾਬ ਸਰਕਾਰ ਦੇ ਫੰਡ ਵਿੱਚੋਂ, ਖਜ਼ਾਨੇ ਵਿੱਚੋਂ 15 ਕਰੋੜ ਰੁਪਿਆ ਐਕਸਟਰਾ ਜਾਰੀ ਕਰ ਦਿੱਤਾ ਤਾਂ ਕਿ ਕੰਮ ਕਿਸੇ ਵੀ ਕੀਮਤ ਤੇ ਨਾ ਰੁਕੇ। ਸਰ, ਐਗਰੀਮੈਂਟ

ਅਨੁਸਾਰ ਕੰਮ ਨੂੰ ਮੁਕੰਮਲ ਕਰਨ ਦੀ ਮਿਤੀ, ਜਿਵੇਂ ਇਨ੍ਹਾਂ ਨੇ ਦੱਸਿਆ ਹੈ ਕਿ 25.06.2026 ਹੈ, ਅਸੀਂ ਕੋਸ਼ਿਸ਼ ਕਰਾਂਗੇ ਕਿ within time limit ਕੰਮ ਖਤਮ ਕਰ ਦਿੱਤਾ ਜਾਵੇ।

**ਮਾਣਯੋਗ ਸਪੀਕਰ** : ਇਹ ਤਾਂ ਠੀਕ ਹੈ ਪਰ ਉਨ੍ਹਾਂ ਨੇ ਪੁੱਛਿਆ ਹੈ ਕਿ ਜੇਕਰ ਟਾਈਮ ਲਿਮਿਟ ਵਿੱਚ ਕੰਮ ਖਤਮ ਨਾ ਹੋਇਆ ਤਾਂ ਕੀ ਠੇਕੇਦਾਰ ਨੂੰ ਕੋਈ ਜੁਰਮਾਨਾ ਲਗਾਉਗੇ?

**ਮੰਤਰੀ** : ਸਰ, ਸਾਡੇ ਕੋਲ ਜਿਹੜੀ ਐਲ.ਡੀ. (liquidated damages) ਲਗਾਉਣ ਦੀ ਪ੍ਰੋਵੀਜ਼ਨ ਹੈ, ਉਸ ਵਿਚ ਨਿਯਮਾਂ ਅਨੁਸਾਰ ਜੇਕਰ ਕੋਈ ਵੀ ਠੇਕੇਦਾਰ ਕੰਮ ਮੁਕੰਮਲ ਨਹੀਂ ਕਰਦਾ ਤਾਂ ਉਸ ਨੂੰ ਜੁਰਮਾਨਾ ਲਗਾਇਆ ਜਾਂਦਾ ਹੈ। ਸੋ, ਨਿਯਮਾਂ ਅਨੁਸਾਰ ਜੁਰਮਾਨਾ ਅਵੱਸ਼ ਲਗਾਇਆ ਜਾਵੇਗਾ।

**ਮਾਣਯੋਗ ਸਪੀਕਰ** : ਆਦਮਪੁਰ ਵਾਲੇ ਦਾ ਵੀ ਧਿਆਨ ਰੱਖਿਉ, ਉਸ ਦਿਨ ਵੀ ਆਪਣੀ ਗੱਲ ਹੋਈ ਸੀ। ਆਦਮਪੁਰ ਵਾਲਾ ਫਲਾਈਓਵਰ ਵੀ ਨਹੀਂ ਬਣਿਆ ਹੈ।

**ਮੰਤਰੀ** : ਸਰ, ਉਹ ਕੰਮ ਵੀ ਸ਼ੁਰੂ ਹੋ ਗਿਆ ਹੈ, ਉਸ ਵਾਸਤੇ ਕੰਸਲਟੈਂਟ ਐਪੁਆਇੰਟ ਹੋ ਚੁੱਕਾ ਹੈ ਅਤੇ ਬਹੁਤ ਜਲਦ ਹੀ ਅਸੀਂ ਕੰਮ ਸ਼ੁਰੂ ਕਰਨ ਜਾ ਰਹੇ ਹਾਂ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਪੁਰੀ ਸਾਹਿਬ, ਕੋਈ ਸਪਲੀਮੈਂਟਰੀ ਹੈ?

**ਸ਼੍ਰੀ ਨਰੇਸ਼ ਪੁਰੀ** : ਹਾਂ ਜੀ। ਸਰ, ਪਿਛਲੇ ਸੈਸ਼ਨ ਵਿੱਚ ਮੰਤਰੀ ਜੀ ਨੇ ਸੁਜਾਨਪੁਰ ਰੇਲਵੇ ਓਵਰ ਬਰਿੱਜ ਬਾਰੇ ਐਸ਼ਿਉਰ ਕੀਤਾ ਸੀ। ਚੀਫ ਇੰਜੀਨੀਅਰ, ਵੈਸਟ ਪੀ.ਡਬਲਿਯੂ.ਡੀ. ਨੇ ਮਿਤੀ 22.05 ਨੂੰ ਇੱਕ ਚਿੱਠੀ ਲਿਖੀ ਸੀ ਕਿ ਓਵਰ ਬਰਿੱਜ ਤਾਂ ਹੀ ਬਣ ਸਕਦਾ ਹੈ ਜੇਕਰ 100% ਫੰਡ ਸੈਂਟਰ ਸਰਕਾਰ ਦੇਵੇ। ਸਰ, ਇਹ ਕੰਮ ਕਿਸ ਤਰ੍ਹਾਂ ਹੋ ਸਕਦਾ ਹੈ, ਜਦੋਂ ਕਿ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਪੱਤਰ ਵਿਹਾਰ ਚੱਲ ਰਿਹਾ ਹੈ। ਮੈਨੂੰ ਨਹੀਂ ਲੱਗਦਾ ਕਿ ਇਹ ਨੇਪਰੇ ਚੜ੍ਹੇਗਾ, ਪਲੀਜ਼ ਇਸ ਦਾ ਧਿਆਨ ਰੱਖਿਆ ਜਾਵੇ।
**ਮਾਣਯੋਗ ਸਪੀਕਰ** : ਠੀਕ ਹੈ ਜੀ। ਇਹ ਸਵਾਲ ਵੱਖਰਾ ਬਣਦਾ ਹੈ।

-------

## ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਵਿੱਚ ਹੋ ਰਹੀ ਮਿਲਾਵਟ ਦੇ ਵੇਰਵੇ

***1845. ਸ਼੍ਰੀ ਬਲਕਾਰ ਸਿੰਘ ਸਿੱਧੂ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਸੂਬੇ ਵਿੱਚ ਦੁੱਧ ਅਤੇ ਦੁੱਧ ਤੋਂ ਬਣਦੇ ਪਦਾਰਥਾਂ ਵਿੱਚ ਵੱਡੇ ਪੱਧਰ ਤੇ ਮਿਲਾਵਟ ਹੋ ਰਹੀ ਹੈ, ਜਿਸ ਨਾਲ ਲੋਕਾਂ ਦੀ ਸਿਹਤ ਨੂੰ ਗੰਭੀਰ ਨੁਕਸਾਨ ਹੋ ਰਿਹਾ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਇਸ ਸਬੰਧੀ ਕੋਈ ਜਾਂਚ ਕੀਤੀ ਗਈ ਹੈ; ਜੇਕਰ 'ਹਾਂ' ਤਾਂ ਉਸ ਵਿੱਚ ਪਿਛਲੇ 2 ਸਾਲਾਂ ਦੌਰਾਨ ਕਿੰਨੇ ਨਮੂਨੇ ਫੇਲ੍ਹ ਪਾਏ ਗਏ, ਦੋਸ਼ੀਆਂ ਖਿਲਾਫ ਕੀ ਕਾਰਵਾਈ ਕੀਤੀ ਗਈ ਅਤੇ ਸਰਕਾਰ ਇਸ ਨੂੰ ਰੋਕਣ ਲਈ ਕੀ ਠੋਸ ਕਦਮ ਚੁੱਕ ਰਹੀ ਹੈ ?

**ਡਾਕਟਰ ਬਲਬੀਰ ਸਿੰਘ :** ਸ੍ਰੀਮਾਨ ਜੀ,

(ੳ) ਨਹੀਂ ਜੀ, ਇਹ ਸੱਚ ਨਹੀਂ ਹੈ ਕਿ ਰਾਜ ਵਿੱਚ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਵਿੱਚ ਵੱਡੇ ਪੱਧਰ ਤੇ ਮਿਲਾਵਟ ਕੀਤੀ ਜਾ ਰਹੀ ਹੈ;

(ਅ) ਪੰਜਾਬ ਸਰਕਾਰ ਫੂਡ ਸੇਫਟੀ ਵਿਭਾਗ ਰਾਹੀਂ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ, 2006 ਦੇ ਉਪਬੰਧਾਂ ਅਧੀਨ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਦੀ ਗੁਣਵੱਤਾ ਅਤੇ ਸੁਰੱਖਿਆ ਦੀ ਨਿਯਮਤ ਤੌਰ ਤੇ ਨਿਗਰਾਨੀ ਕਰਦੀ ਹੈ। ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਵਿੱਚ ਮਿਲਾਵਟ ਨੂੰ ਰੋਕਣ ਲਈ ਹੇਠ ਲਿਖੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ;

i. **ਰੈਗੂਲਰ ਸੈਂਪਲਿੰਗ**: ਫੂਡ ਸੇਫਟੀ ਅਫਸਰ ਵੱਲੋਂ ਰੈਗੂਲਰ ਤੌਰ ਤੇ ਜਾਂਚ ਲਈ ਰਾਜ ਭਰ ਦੀਆਂ ਡੇਅਰੀਆਂ, ਦੁੱਧ ਵਿਕਰੇਤਾਵਾਂ, ਮਿਠਾਈਆਂ ਦੀਆਂ ਦੁਕਾਨਾਂ ਅਤੇ ਪ੍ਰੋਸੈਸਿੰਗ ਯੂਨਿਟਾਂ ਤੋਂ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਜਿਵੇਂ ਕਿ ਪਨੀਰ, ਘਿਓ, ਦਹੀਂ, ਖੋਆ ਅਤੇ ਹੋਰ ਡੇਅਰੀ ਪਦਾਰਥਾਂ ਦੇ ਸੈਂਪਲ ਇਕੱਠੇ ਕੀਤੇ ਜਾਂਦੇ ਹਨ।

ii. **ਲੈਬਾਰਟਰੀ ਟੈਸਟਿੰਗ**: ਇਕੱਠੇ ਕੀਤੇ ਗਏ ਸੈਂਪਲਾਂ ਦੀ ਜਾਂਚ ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ ਦੁਆਰਾ ਨਿਰਧਾਰਤ ਮਾਪਦੰਡਾਂ ਅਨੁਸਾਰ ਪ੍ਰਵਾਨਿਤ ਜਾਂਚ ਲੈਬਾਰਟਰੀਆਂ ਵਿੱਚ ਕੀਤੀ ਜਾਂਦੀ ਹੈ।

iii. **ਕਾਨੂੰਨੀ ਕਾਰਵਾਈ**: ਜਿਨ੍ਹਾਂ ਮਾਮਲਿਆਂ ਵਿੱਚ ਸੈਂਪਲ ਅਡਲਟ੍ਰੇਟਿਡ ਜਾਂ ਮਿਸ ਬਰਾਂਡਿਡ ਪਾਏ ਜਾਂਦੇ ਹਨ, ਉਨ੍ਹਾਂ ਮਾਮਲਿਆਂ ਵਿੱਚ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ, 2006 ਦੇ ਉਪਬੰਧਾਂ ਤਹਿਤ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ, ਜਿਸ ਵਿੱਚ ਦੋਸ਼ੀਆਂ ਵਿਰੁੱਧ ਜੁਰਮਾਨੇ, ਮੁਕੱਦਮਾ ਚਲਾਉਣਾ ਅਤੇ ਹੋਰ ਕਾਨੂੰਨੀ ਕਾਰਵਾਈਆਂ ਸ਼ਾਮਲ ਹਨ।

iv. **ਸਪੈਸ਼ਲ ਸੈਂਪਲਿੰਗ** : ਵਿਭਾਗ ਤਿਉਹਾਰਾਂ ਦੇ ਮੌਸਮਾਂ ਅਤੇ ਉੱਚ ਮੰਗ ਵਾਲੇ ਸਮੇਂ ਦੌਰਾਨ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਸਪੈਸ਼ਲ ਇਨਫੋਰਸਮੈਂਟ ਸੈਂਪਲਿੰਗ ਡਰਾਈਵ ਅਤੇ ਇੰਸਪੈਕਸ਼ਨਾਂ ਕਰਦਾ ਹੈ।

v. **ਜਾਗਰੂਕਤਾ ਗਤੀਵਿਧੀਆਂ** : ਖਪਤਕਾਰਾਂ ਅਤੇ ਫੂਡ ਬਿਜਨਸ ਓਪਰੇਟਰਾਂ ਨੂੰ ਭੋਜਨ ਸੁਰੱਖਿਆ ਮਾਪਦੰਡਾਂ ਅਤੇ ਮਿਲਾਵਟ ਨਾਲ ਹੋਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਜਨਤਕ ਜਾਗਰੂਕਤਾ ਮੁਹਿੰਮਾਂ ਵੀ ਚਲਾਈਆਂ ਜਾਂਦੀਆਂ ਹਨ। ਸਾਰੇ ਜ਼ਿਲ੍ਹਿਆਂ ਵਿੱਚ ਫੂਡ ਸੇਫਟੀ ਆਨ ਵ੍ਹੀਲਜ਼ ਹਨ, ਜੋ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਵਿੱਚ ਮਿਲਾਵਟ ਦੀ ਜਾਂਚ ਕਰਨ ਲਈ ਸਮਰੱਥ ਹਨ।

ਸਰਕਾਰ ਜਨਤਾ ਨੂੰ ਸੁਰੱਖਿਅਤ ਅਤੇ ਪੌਸ਼ਟਿਕ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਅਤੇ ਮਿਲਾਵਟਖੋਰੀ ਨੂੰ ਮਜ਼ਬੂਤੀ ਨਾਲ ਰੋਕਣ ਲਈ ਵਚਨਬੱਧ ਹੈ।

**ਸ਼੍ਰੀ ਬਲਕਾਰ ਸਿੰਘ ਸਿੱਧੂ** : ਕੀ ਮੰਤਰੀ ਸਾਹਿਬ ਦੱਸਣਗੇ ਕਿ ਪਿਛਲੇ 2 ਸਾਲਾਂ ਵਿੱਚ ਕਿੰਨੇ ਨਮੂਨੇ ਫੇਲ੍ਹ ਪਾਏ ਗਏ ਹਨ? ਦੋਸ਼ੀਆਂ ਖਿਲਾਫ ਕੀ ਕਾਰਵਾਈ ਕੀਤੀ ਗਈ ਹੈ? ਇਹ ਸਿਹਤ ਨਾਲ ਜੁੜਿਆ ਮਾਮਲਾ ਹੈ, ਸਿਹਤ ਦਾ ਬੜਾ ਨੁਕਸਾਨ ਹੋ ਰਿਹਾ ਹੈ। ਇਸ ਬਾਰੇ ਵੀ ਦੱਸਿਆ ਜਾਵੇ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਬਲਕਾਰ ਸਿੰਘ ਜੀ ਦਾ ਜੋ ਸਵਾਲ ਹੈ, ਇਹ ਬਹੁਤ ਅਹਿਮ ਸਵਾਲ ਹੈ ਕਿਉਂਕਿ ਇਹ ਖਾਣੇ ਨਾਲ ਜੁੜਿਆ ਹੋਇਆ ਹੈ, ਖਾਸ ਕਰਕੇ ਜੋ ਅਸੀਂ ਰੋਜ਼ ਦੁੱਧ-ਪਨੀਰ ਇਸਤੇਮਾਲ ਕਰਦੇ ਹਾਂ। ਸਰ, 2024-25 ਵਿੱਚ 1162 ਸੈਂਪਲ ਭਰੇ ਗਏ ਸਨ, ਜਿਨ੍ਹਾਂ ਵਿੱਚੋਂ 88 ਸੈਂਪਲ ਫੇਲ੍ਹ ਹੋਏ ਹਨ, 327 ਸੈਂਪਲ ਸਬ-ਸਟੈਂਡਰਡ ਸਨ, 88 ਸੈਂਪਲ ਹਾਰਮਫੁੱਲ ਸਨ ਜੋ ਕਿ ਕੁੱਲ ਵਿੱਚੋਂ 28% ਸਨ। 2025-26 ਵਿੱਚ ਭਰੇ ਸੈਂਪਲਾਂ ਵਿੱਚੋਂ 144 ਸੈਂਪਲ ਫੇਲ੍ਹ ਹੋਏ ਹਨ ਅਤੇ 476 ਸਬ-ਸਟੈਂਡਰਡ ਪਾਏ ਗਏ ਹਨ। 2024-25 ਵਿੱਚ ਏ.ਡੀ.ਸੀ. ਦੇ 112 ਮੁਕੱਦਮੇ ਹੋਏ ਹਨ ਅਤੇ ਇਨ੍ਹਾਂ ਵਿੱਚ 8,43,000 ਰੁਪਏ ਦੇ ਜੁਰਮਾਨੇ ਹੋਏ ਸਨ। ਇਸ ਸਾਲ 9,55,500 ਦੇ ਜੁਰਮਾਨੇ ਕੀਤੇ ਹਨ। ਜੁਡੀਸ਼ੀਅਲ ਕੋਰਟ ਵਿੱਚ 2024-25 ਦੇ 88 ਕੇਸ ਚੱਲ ਰਹੇ ਹਨ, ਇਸ ਵਿੱਚ ਥੋੜ੍ਹਾ ਜਿਹਾ ਟਾਈਮ ਲੱਗ ਜਾਂਦਾ ਹੈ। ਜਿਹੜੇ ਸੈਂਪਲ ਅਨਸੇਫ ਪਾਏ ਜਾਂਦੇ ਹਨ, ਉਨ੍ਹਾਂ ਵਿੱਚ 6 ਮਹੀਨੇ ਤੱਕ ਦੀ ਸਜ਼ਾ ਹੁੰਦੀ ਹੈ। ਕੁਝ ਕੇਸ ਸਰਵੇਲੈਂਸ ਵਾਲੇ ਹੁੰਦੇ ਹਨ ਅਤੇ ਕੁਝ ਕੇਸ ਇਨਫੋਰਸਮੈਂਟ ਦੇ ਹੁੰਦੇ ਹਨ। ਜਿਹੜੇ ਸੈਂਪਲ ਅਨਸੇਫ ਹੁੰਦੇ ਹਨ, ਉਹ ਜੁਡੀਸ਼ੀਅਲ ਕੋਰਟ ਵਿੱਚ ਜਾਂਦੇ ਹਨ, ਉਨ੍ਹਾਂ ਬੰਦਿਆਂ ਨੂੰ ਸਜ਼ਾ ਵੀ ਹੁੰਦੀ ਹੈ। ਅਸੀਂ ਪਹਿਲਾਂ ਬੰਦਿਆਂ ਨੂੰ ਸਜ਼ਾ ਕਰਵਾਈ ਵੀ ਹੈ।

ਦੂਜੀ ਬੇਨਤੀ ਮੈਂ ਕਰਨਾ ਚਾਹੁੰਦਾ ਹਾਂ ਕਿ targeted approach ਰੱਖੀ ਗਈ ਹੈ, ਜੋ ਕਿ ਪਹਿਲਾਂ ਨਹੀਂ ਸੀ। ਸਾਡੇ ਬਹੁਤ ਸਾਰੇ ਐਮ.ਐਲ.ਏ. ਸਾਹਿਬਾਨ ਦੇ ਨਾਲ ਨਾਲ ਮੈਂ ਚੀਮਾ ਸਾਹਿਬ ਜੀ ਦਾ ਵੀ ਧੰਨਵਾਦ ਕਰਦਾ ਹਾਂ ਕਿ ਜਦੋਂ ਕੋਈ ਤਿਉਹਾਰ ਆਉਂਦਾ ਹੈ ਤਾਂ ਜ਼ਿਆਦਾਤਰ ਪਨੀਰ ਬਾਹਰਲੇ ਸੂਬਿਆਂ ਜਿਵੇਂ ਕਿ ਯੂ.ਪੀ., ਹਰਿਆਣਾ ਅਤੇ ਰਾਜਸਥਾਨ ਤੋਂ ਆਉਂਦਾ ਹੈ, ਅਸੀਂ ਇਸ ਨੂੰ ਬਾਰਡਰ ਤੇ intercept ਕਰਦੇ ਹਾਂ। ਸਾਡੇ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਜਾਂ ਪਬਲਿਕ ਵੀ ਸਾਨੂੰ 104 ਨੰਬਰ ਤੇ ਕਾਲ ਕਰ ਸਕਦੇ ਹਨ ਤੇ ਸਿਵਲ ਸਰਜਨ ਨੂੰ ਦੱਸ ਸਕਦੇ ਹਨ ਕਿ ਫਲਾਣੀ ਜਗ੍ਹਾ ਤੇ ਪਨੀਰ ਦੀ ਫੈਕਟਰੀ ਹੈ। ਅਸੀਂ ਉਨ੍ਹਾਂ ਫੈਕਟਰੀਆਂ ਵਿੱਚ ਬੈਕਵਰਡ ਤੇ ਫਾਰਵਰਡ ਲਿੰਕੇਜਿਸ ਵੀ ਕੀਤੇ ਹਨ ਕਿ ਪਨੀਰ ਕਿੱਥੋਂ ਬਣ ਕੇ ਆ ਰਿਹਾ ਹੈ। ਅਸੀਂ ਹਲਵਾਈ ਕੋਲ ਜਾ ਕੇ ਫੜਦੇ ਹਾਂ, ਉਹ ਪਨੀਰ ਅਨਫਿਟ ਹੁੰਦਾ ਹੈ ਤਾਂ ਫਿਰ ਅਸੀਂ ਦੇਖਦੇ ਹਾਂ ਕਿ ਉਹ ਪਨੀਰ ਕਿੱਥੇ ਬਣਿਆ ਸੀ, ਫਿਰ ਅਸੀਂ ਉੱਥੇ ਛਾਪਾ ਮਾਰਦੇ ਹਾਂ। ਸੋ, ਸਾਡੀ ਟਾਰਗੈਟਿਡ ਅਪਰੋਚ ਹੈ। ਇਸ ਦੇ ਨਾਲ ਹੀ ਅਸੀਂ ਪਹਿਲੀ ਵਾਰੀ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਅਤੇ ਗੁਰੂ ਅੰਗਦ ਵੈਟਰਨਰੀ ਸਾਇੰਸਿਜ਼ ਯੂਨੀਵਰਸਿਟੀ ਨਾਲ ਮਿਲ ਕੇ ਸਬਜ਼ੀਆਂ ਅਤੇ ਫਲਾਂ ਦੀ ਟੈਸਟਿੰਗ ਕੀਤੀ ਹੈ ਕਿਉਂਕਿ ਖਾਣਾ ਬਹੁਤ ਇੰਪਾਰਟੈਂਟ ਹੈ। ਉਸ ਦੇ YLR (Y-linked region) ਠੀਕ ਆਏ ਹਨ ਤੇ ਹੁਣ ਅਸੀਂ ਫੂਡ ਸਪਲੀਮੈਂਟਸ, nutraceuticals ਦੀ ਟੈਸਟਿੰਗ ਕੀਤੀ ਹੈ, ਜਿਹੜੇ ਖਾਸ ਕਰਕੇ ਜਿੰਮ ਵਾਲੇ ਦਿੰਦੇ ਹਨ। ਉਨ੍ਹਾਂ ਵਾਸਤੇ ਸਾਡੇ ਕੋਲ ਟੈਸਟਿੰਗ ਫੈਸਿਲਿਟੀ ਨਹੀਂ ਸੀ, ਉਸ ਵਿੱਚ ਅਲਫਾ ਟੌਕਸਿਨਜ਼, ਸਟੀਰਾਇਡਜ਼, ਹੈਵੀ ਮੈਟਲਜ਼, ਇਨਸੈਕਟੀਸਾਈਡਜ਼, ਪੈਸਟੀਸਾਈਡਜ਼ ਦੀ ਟੈਸਟਿੰਗ ਸ਼ੁਰੂ ਕੀਤੀ ਗਈ ਹੈ। ਇਸ ਦੇ ਛੇ ਮਹੀਨਿਆਂ ਵਿੱਚ ਰਿਜ਼ਲਟਸ ਆਉਣਗੇ।

**ਸ਼੍ਰੀ ਬਲਕਾਰ ਸਿੰਘ ਸਿੱਧੂ**: ਸਰ, ਮੈਂ ਇੱਕ ਬੇਨਤੀ ਕਰਦਾ ਹਾਂ।

**ਮਾਣਯੋਗ ਸਪੀਕਰ**: ਬੇਨਤੀ ਨਹੀਂ ਕਰਨੀ ਹੈ, ਸਵਾਲ ਪੁੱਛੋ।

**ਸ੍ਰੀ ਬਲਕਾਰ ਸਿੰਘ ਸਿੱਧੂ**: ਮੰਤਰੀ ਸਾਹਿਬ, ਜਦੋਂ ਤਿਉਹਾਰਾਂ ਦੇ ਦਿਨ ਹੁੰਦੇ ਹਨ ਤਾਂ ਮਹਿਕਮੇ ਵੱਲੋਂ ਸਖਤਾਈ ਕੀਤੀ ਜਾਂਦੀ ਹੈ ਪਰ ਵੈਸੇ ਚੁੱਪ-ਚਾਪ ਬੈਠ ਜਾਂਦਾ ਹੈ।

**ਮੰਤਰੀ:** ਸਰ, ਇੱਕ ਬਹੁਤ ਜ਼ਰੂਰੀ ਇਨਫਰਮੇਸ਼ਨ ਹੈ ਕਿ ਅਸੀਂ ਸਾਰਾ ਸਾਲ ਲਗਾਤਾਰ ਟੈਸਟਿੰਗ ਕਰਦੇ ਹਾਂ। ਇਸ ਦੇ ਨਾਲ ਨਾਲ ਮਾਣਯੋਗ ਮੈਂਬਰ ਸਾਹਿਬਾਨਾਂ ਅਤੇ ਪਬਲਿਕ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਰ ਜ਼ਿਲ੍ਹੇ ਵਿੱਚ Food Safety on wheels ਦੀ ਇੱਕ ਵੈਨ ਹੈ, ਉਸ ਨੂੰ ਮਾਰਕਿਟ ਵਿੱਚ ਜਿੱਥੇ ਮਰਜ਼ੀ ਬੁਲਾ ਕੇ on the spot ਚੈੱਕ ਕਰਵਾ ਸਕਦੇ ਹੋ। ਮਸਾਲਿਆਂ ਵਿੱਚ ਵੀ ਅਡਲਟ੍ਰੇਸ਼ਨ ਹੈ। ਇਸ ਵੈਨ ਰਾਹੀਂ ਕਸਟਮਰ ਵੀ ਦੁੱਧ, ਪਨੀਰ ਚੈੱਕ ਕਰਵਾ ਸਕਦਾ ਹੈ ਅਤੇ ਦੁਕਾਨਦਾਰ ਖੁਦ ਵੀ ਆਪਣੀ ਸੇਫਟੀ ਵਾਸਤੇ ਚੈੱਕ ਕਰਵਾ ਸਕਦਾ ਹੈ। ਜਿਹੜੇ ਡੇਅਰੀ ਵਾਲੇ, ਦੁਕਾਨਦਾਰ ਲਗਾਤਾਰ ਚੈੱਕ ਕਰਵਾਉਂਦੇ ਹਨ, ਅਸੀਂ ਉਨ੍ਹਾਂ ਨੂੰ ਐਪਰੀਸ਼ੀਏਟ ਵੀ ਕਰਦੇ ਹਾਂ ਅਤੇ ਸਰਟੀਫਿਕੇਟ ਵੀ ਦਿੰਦੇ ਹਾਂ ਕਿ ਇਹ ਬੰਦਾ ਠੀਕ ਹੈ ਜੀ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ**: ਧੰਨਵਾਦ, ਸਪੀਕਰ ਸਾਹਿਬ। ਸਰ, ਜਿਵੇਂ ਬਲਕਾਰ ਜੀ ਨੇ ਕਿਹਾ ਹੈ ਕਿ ਦੁੱਧ ਜਾਂ ਦੁੱਧ ਤੋਂ ਬਣੇ ਪਦਾਰਥ ਹਰ ਇਨਸਾਨ ਲੈਂਦਾ ਹੈ, ਚਾਹੇ ਉਹ ਬਿਮਾਰ ਹੋਵੇ। ਸੋ, ਮੈਂ ਤੁਹਾਡੇ ਮਾਧਿਅਮ ਜ਼ਰੀਏ ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਦੀ ਸਜ਼ਾ ਸਖਤ ਹੋਣੀ ਚਾਹੀਦੀ ਹੈ ਕਿਉਂਕਿ ਇਹ ਸਿਹਤ ਨਾਲ ਜੁੜਿਆ ਹੋਇਆ ਮਸਲਾ ਹੈ।

**ਮਾਣਯੋਗ ਸਪੀਕਰ**: ਬੇਨਤੀ ਨਹੀਂ ਕਰਨੀ ਹੈ, ਇਨ੍ਹਾਂ ਨੂੰ ਸਵਾਲ ਪੁੱਛਣਾ ਹੈ ਕਿ ਕੀ ਇਸ ਦੀ ਸਜ਼ਾ ਹੋਰ ਵਧਾਓਗੇ?

**ਸਰਦਾਰ ਚੇਤਨ ਸਿੰਘ ਜੋੜਾਮਾਜਰਾ**: ਸਰ, ਸਵਾਲ ਹੀ ਹੈ ਜੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸਬੰਧੀ ਜੁਰਮਾਨੇ ਵਧਾਏ ਜਾਣਗੇ ਤੇ ਸਖਤ ਸਜ਼ਾ ਕੀਤੀ ਜਾਵੇਗੀ?

**ਮੰਤਰੀ**: ਬਿਲਕੁਲ ਜੀ, ਇਨ੍ਹਾਂ ਦੀ ਸੁਜੈਸ਼ਨ ਬਹੁਤ ਚੰਗੀ ਹੈ। ਮੈਂ ਇੱਕ ਇਹ ਵੀ ਬੇਨਤੀ ਕਰਨੀ ਹੈ ਕਿ ਦੁੱਧ ਵਿੱਚ ਅਡਲਟ੍ਰੇਸ਼ਨ ਘੱਟ ਹੈ। ਉਸ ਵਿੱਚ ਲੋਕ ਪਾਣੀ ਤਾਂ ਪਾ ਦਿੰਦੇ ਹਨ, ਸਬ-ਸਟੈਂਡਰਡ ਹੁੰਦਾ ਹੈ ਪਰ ਉਸ ਵਿੱਚ ਹੁਣ ਹਾਰਮਫੁੱਲ ਪ੍ਰੋਡਕਟਸ ਨਹੀਂ ਆ ਰਹੇ ਹਨ। ਪਨੀਰ, ਘਿਓ ਅਤੇ ਮਸਾਲਿਆਂ ਵਿੱਚ ਹਾਰਮਫੁੱਲ ਪ੍ਰੋਡਕਟਸ ਆਉਂਦੇ ਹਨ। ਸੋ, ਪਨੀਰ ਜਾਂ ਤਾਂ ਘਰ ਬਣਾ ਲਓ ਜਾਂ ਫਿਰ ਜਿਵੇਂ ਵੇਰਕਾ ਦਾ ਸਰਟੀਫਾਈਡ ਪਨੀਰ ਹੈ ਜਾਂ ਅੱਛੇ ਸੋਰਸ ਦਾ ਪਨੀਰ ਯੂਜ਼ ਕਰਨਾ ਚਾਹੀਦਾ ਹੈ, ਭਾਵੇਂ ਉਹ ਥੋੜ੍ਹਾ ਜਿਹਾ ਮਹਿੰਗਾ ਹੋਵੇ।

**ਮਾਣਯੋਗ ਸਪੀਕਰ**: ਮੰਤਰੀ ਜੀ, ਇਸ ਵਿੱਚ ਇੱਕ ਹੋਰ ਗੱਲ ਹੈ ਕਿ ਜਿਹੜੀ ਫੂਡ ਟੈਸਟਿੰਗ ਲੈਬ ਦੀ ਰਿਪੋਰਟ ਆਉਂਦੀ ਹੈ, ਉਸ ਦੀ ਲੈਂਗੂਏਜ ਠੀਕ ਕਰਵਾਉਣ ਦੀ ਲੋੜ ਹੈ। ਸਾਡੇ ਕੋਟਕਪੂਰੇ ਵਿੱਚ ਪਨੀਰ ਫੜਿਆ ਗਿਆ ਸੀ ਤੇ ਉਸ ਦਾ ਟੈਸਟ ਕਰਵਾਇਆ ਤਾਂ ਉਸ ਦੀ ਰਿਪੋਰਟ ਵਿੱਚ ਆਇਆ ਕਿ ਇਸ ਵਿੱਚ ਫੌਰੇਨ ਮੈਟਰੀਅਲ ਪਾਇਆ ਗਿਆ ਹੈ ਤੇ ਇਹ ਸਬ-ਸਟੈਂਡਰਡ ਹੋ ਸਕਦਾ ਹੈ। ਹੋ ਸਕਦਾ ਹੈ, ਦੀ ਬਜਾਏ, ਉਹ ਸਬ-ਸਟੈਂਡਰਡ ਹੈ ਜਾਂ ਨਹੀਂ ਹੈ? ਇਹ ਕਰਵਾਇਆ ਜਾਵੇ।

**ਮੰਤਰੀ**: ਮੈਂ ਇਹ ਚੈੱਕ ਕਰ ਲੈਂਦਾ ਹਾਂ, ਆਮ ਤੌਰ ਤੇ ਉਹ ਬਹੁਤ ਜ਼ਿਆਦਾ ਰਿਫਾਈਨ ਲੈਂਗੂਏਜ਼ ਯੂਜ਼ ਕਰਦੇ ਹਨ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ)** : ਸਪੀਕਰ ਸਾਹਿਬ, ਮਿਹਰਬਾਨੀ ਜੀ। ਸਰ, ਵੈਸੇ ਤਾਂ ਨਾ ਇਹ ਮੇਰਾ ਡਿਪਾਰਟਮੈਂਟ ਹੈ ਅਤੇ ਨਾ ਹੀ ਮੈਂ ਕੋਈ ਇਸ ਸਬੰਧੀ ਐਕਸਪਰਟ ਹਾਂ ਲੇਕਿਨ ਇਹ ਪਬਲਿਕ ਹੈਲਥ ਨਾਲ ਜੁੜਿਆ ਹੋਇਆ ਇਸ਼ੂ ਹੈ। ਸਰ, ਇਸ ਵਿੱਚ ਸਾਰੇ ਐਮ.ਐਲ.ਏ. ਸਾਹਿਬਾਨ ਦਾ ਬੜਾ ਵੈਲਿਡ ਕੰਸਰਨ ਹੈ ਤੇ ਇਹ ਮੇਰਾ just food for thought ਹੈ। ਮੰਤਰੀ ਜੀ, ਐਕਚੂਲੀ ਪ੍ਰਾਬਲਮ ਇਹ ਹੈ ਕਿ ਸਰਕਾਰ ਦੀ ਅਡਲਟ੍ਰੇਸ਼ਨ ਵਿਰੁੱਧ ਜ਼ੀਰੋ ਟੋਲਰੈਂਸ ਹੈ। ਸਪੀਕਰ ਸਾਹਿਬ, ਸਵਾਲ ਇਹ ਹੈ ਕਿ 2006 ਵਿੱਚ FSSAI ਨੇ, ਸੈਂਟਰਲ ਗੌਰਮਿੰਟ ਨੇ ਇਹ ਐਕਟ ਬਣਾਇਆ, ਇਸ ਤੋਂ ਪਹਿਲਾਂ ਦਾ 1954 ਦਾ ਐਕਟ ਸੀ, ਉਹ ਐਕਟ ਮਿਲਾਵਟਖੋਰੀ ਤਹਿਤ ਬਹੁਤ ਸਖਤ ਹੁੰਦਾ ਸੀ। ਸਾਲ 2006 ਵਿੱਚ ਯੂ.ਪੀ.ਏ. ਸਰਕਾਰ ਨੇ ਉਸ ਐਕਟ ਨੂੰ ਡਿਲਿਊਟ ਕਰਕੇ ਸਜ਼ਾਵਾਂ ਘਟਾ ਦਿੱਤੀਆਂ ਅਤੇ ਪੈਨਲਟੀਆਂ ਲਗਾ ਦਿੱਤੀਆਂ। ਹੁਣ ਉਹ ਜੁਰਮਾਨੇ ਲੱਗਣ ਕਰਕੇ ਮਹਿਕਮਾ ਅਤੇ ਸਰਕਾਰ ਜਿੰਨੀ ਮਰਜ਼ੀ ਸਖਤੀ ਕਰ ਲਵੇ, ਕੋਈ ਫਰਕ ਨਹੀਂ ਪਵੇਗਾ ਕਿਉਂਕਿ ਜਿਹੜਾ ਬੰਦਾ ਲੱਖ ਰੁਪਏ ਰੋਜ਼ ਦਾ ਕਮਾ ਰਿਹਾ ਹੈ, ਜੇ ਉਸ ਨੂੰ ਦਸ ਹਜ਼ਾਰ ਰੁਪਏ ਜੁਰਮਾਨਾ ਲੱਗ ਵੀ ਜਾਵੇਗਾ ਤਾਂ how does it makes a difference. ਸਰ, ਜੇ ਹਾਊਸ ਸਹਿਮਤ ਹੋਵੇ ਤਾਂ ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਔਰ ਸਾਰੇ ਸਟੇਕ ਹੋਲਡਰਜ਼ ਨੂੰ ਬੇਨਤੀ ਕਰਾਂਗਾ ਕਿ ਇਸ ਵਿੱਚ ਵੀ ਪੰਜਾਬ ਨੂੰ ਲੀਡ ਲੈਣੀ ਚਾਹੀਦੀ ਹੈ ਕਿਉਂਕਿ ਪਬਲਿਕ ਹੈਲਥ foremost important ਹੈ, ਇਸ ਵਿੱਚ ਕੀ ਚੇਂਜਿਜ਼ ਹੋ ਸਕਦੇ ਹਨ, ਇਸ ਬਾਰੇ ਕੋਈ ਗਰੁੱਪ ਆਫ ਐਕਸਪਰਟਸ / ਸਟੇਕ ਹੋਲਡਰਜ਼ ਬਣਾਇਆ ਜਾਵੇ ਤਾਂ ਜੋ ਦੇਸ਼ ਦੀ ਸਰਕਾਰ ਨੂੰ ਪੰਜਾਬ ਇਹ ਦੱਸ ਸਕੇ ਕਿ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਾ ਕਰੋ ਅਤੇ ਇਸ ਵਿੱਚ ਦੁਬਾਰਾ stringent clauses ਪਾਓ। ਮਿਹਰਬਾਨੀ ਜੀ।

**ਮਾਣਯੋਗ ਸਪੀਕਰ :** ਭੁੱਲਰ ਸਾਹਿਬ, ਕੀ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ? ਵੈਸੇ ਤਾਂ ਮੰਤਰੀ ਸਾਹਿਬ ਦੀ ਸਪਲੀਮੈਂਟਰੀ ਨਹੀਂ ਹੁੰਦੀ।

**ਟਰਾਂਸਪੋਰਟ ਮੰਤਰੀ (ਸਰਦਾਰ ਲਾਲਜੀਤ ਸਿੰਘ ਭੁੱਲਰ)** : ਸਰ, ਇਸ ਦੇ ਨਾਲ ਹੀ ਸਬੰਧਤ ਹੈ। ਦੁਕਾਨਾਂ ਤੇ ਮੋਮੋਜ਼ ਅਤੇ ਚਾਪਾਂ ਮਿਲਦੀਆਂ ਹਨ। ਪਿਛਲੇ ਦਿਨੀਂ ਸਾਡੇ ਤਰਨਤਾਰਨ ਵਿੱਚ ਦੋ ਬੱਚੇ ਕਿਸੇ ਦੇ ਜਨਮ ਦਿਨ ਤੇ ਗਏ ਤਾਂ ਅੱਗੋਂ ਉਨ੍ਹਾਂ ਨੇ ਬਾਜ਼ਾਰ ਤੋਂ ਲਿਆ ਕੇ ਬੱਚਿਆਂ ਨੂੰ ਖਵਾਈਆਂ ਅਤੇ ਦੋਵਾਂ ਬੱਚਿਆਂ ਦੀ ਮੌਤ ਹੋ ਗਈ। ਸ੍ਰੀ ਅਮਨ ਅਰੋੜਾ ਜੀ ਨੇ ਜਿਹੜੀ ਗੱਲ ਕੀਤੀ ਹੈ, ਇਸ ਤੇ ਵਾਕਿਆ ਹੀ ਸਖਤ ਕਾਨੂੰਨ ਬਣਨਾ ਚਾਹੀਦਾ ਹੈ। ਇਹੋ ਜਿਹੀਆਂ ਗੈਰ-ਖਾਣਯੋਗ ਚੀਜ਼ਾਂ ਜਾਂ ਪਾਬੰਦੀਸ਼ੁਦਾ ਚੀਜ਼ਾਂ ਤੇ ਰੋਕ ਲਗਾਈ ਜਾਵੇ। ਇਹ ਤਾਂ ਰੌਲਾ ਪੈ ਗਿਆ ਕਿ ਦੋ ਬੱਚੇ ਮਰ ਗਏ ਪਰ ਕਿੰਨੇ ਹੀ ਲੋਕ ਬਿਮਾਰ ਹੁੰਦੇ ਹੋਣਗੇ ਅਤੇ ਹੌਲੀ ਹੌਲੀ ਇਸ ਤਰ੍ਹਾਂ ਹੀ ਕਿੰਨੀਆਂ ਬਿਮਾਰੀਆਂ ਨਾਲ ਮੌਤਾਂ ਹੁੰਦੀਆਂ ਹੋਣਗੀਆਂ। ਇਸ ਤੇ ਸਖਤੀ ਹੋਣੀ ਚਾਹੀਦੀ ਹੈ ਅਤੇ ਜਿਹੜੇ ਲੋਕ ਇਹੋ ਜਿਹਾ ਖਾਣ-ਪੀਣ ਦਾ ਗੰਦਾ ਰਾਸ਼ਨ ਬਣਾਉਂਦੇ ਹਨ, ਉਨ੍ਹਾਂ ਦੀਆਂ ਦੁਕਾਨਾਂ ਪੱਕੇ ਤੌਰ ਤੇ ਸੀਲ ਹੋਣੀਆਂ ਚਾਹੀਦੀਆਂ ਹਨ। ਮੇਰੀ ਮੰਤਰੀ ਸਾਹਿਬਾਨ ਨੂੰ ਬੇਨਤੀ ਹੈ ਕਿ ਸਾਰੇ ਜ਼ਿਲ੍ਹਿਆਂ ਦੇ ਡਿਸਟ੍ਰਿਕਟ ਹੈਲਥ ਅਫਸਰ ਅਤੇ ਨਾਲ ਫੂਡ ਸੇਫਟੀ ਵਾਲਿਆਂ ਨੂੰ ਸਮੇਂ ਸਮੇਂ ਤੇ ਆਪਣੀਆਂ ਟੀਮਾਂ ਲੈ ਕੇ ਚੈਕਿੰਗ ਕਰਨੀ ਚਾਹੀਦੀ ਹੈ। ਇਹੋ ਜਿਹੀਆਂ ਦੁਕਾਨਾਂ ਜਿੱਥੇ ਕੋਈ ਘਟਨਾ ਹੁੰਦੀ ਹੈ, ਉਹ ਸੀਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਮੰਤਰੀ ਜੀ, ਇਹ ਵੱਡੀ ਜ਼ਿੰਮੇਵਾਰੀ ਹੈ। ਬਾਕੀ ਦੇ ਕੰਮ ਬਾਅਦ ਵਿੱਚ, ਪਹਿਲਾਂ ਸਿਹਤ ਜ਼ਰੂਰੀ ਹੈ। ਤੁਹਾਡੀ ਜ਼ਿੰਮੇਵਾਰੀ ਵੱਡੀ ਹੈ ਜੀ।

--------

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ** : ਅੱਜ ਮੈਨੂੰ ਇਸ ਹਾਊਸ ਨੂੰ ਇਹ ਦੱਸਦਿਆਂ ਬੜੀ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਸਾਡੇ ਪੰਜਾਬ ਦੇ ਉਹ ਮਿਹਨਤੀ ਬੱਚੇ, ਜਿਨ੍ਹਾਂ ਨੇ ਆਪਣੇ ਮਾਂ-ਬਾਪ ਦਾ ਨਾਮ ਰੌਸ਼ਨ ਕੀਤਾ ਹੈ, ਉਹ ਬੱਚੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ, ਸਿਵਲ ਸਰਵਿਸਿਜ਼ ਦਾ ਟੈਸਟ ਕਲੀਅਰ ਕਰਕੇ ਆਏ ਹਨ। ਉਨ੍ਹਾਂ ਵਿੱਚ ਮਾਨਸਾ ਤੋਂ ਬੀਬਾ ਮਨਪ੍ਰੀਤ ਕੌਰ, ਪਟਿਆਲਾ ਤੋਂ ਬੀਬਾ ਰਸਨੀਤ ਕੌਰ, ਮੋਹਾਲੀ ਤੋਂ ਬੀਬਾ ਕ੍ਰਿਤਿਕਾ ਚੌਧਰੀ ਅਤੇ ਅਮਨ ਅਲੂਨ ਜੀ, ਪਟਿਆਲਾ ਤੋਂ ਜਯੰਤ ਗਰਗ ਜੀ, ਇਹ ਸਾਰੇ ਅੱਜ ਹਾਊਸ ਦੀ ਕਾਰਵਾਈ ਦੇਖਣ ਲਈ ਆਏ ਹਨ। ਆਓ, ਉਨ੍ਹਾਂ ਸਾਰਿਆਂ ਦਾ ਸਵਾਗਤ ਕਰੀਏ। (ਥੰਪਿੰਗ)

(**ਟਰੇਜ਼ਰੀ ਬੈਂਚਿਜ਼ ਤੋਂ ਆਵਾਜ਼ਾਂ**: ਸਪੀਕਰ ਸਾਹਿਬ, ਦਰਸ਼ਨ ਕਰਵਾ ਦਿਉ ਜੀ।)

> (ਇਸ ਸਮੇਂ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦਾ ਟੈਸਟ ਕਲੀਅਰ ਕਰਨ ਵਾਲੇ ਬੱਚੇ ਗਵਰਨਰ ਗੈਲਰੀ ਵਿੱਚ ਆਪਣੀਆਂ ਸੀਟਾਂ ਤੇ ਖੜ੍ਹੇ ਹੋਏ ਅਤੇ ਸਾਰੇ ਹਾਊਸ ਨੇ ਜ਼ੋਰਦਾਰ ਥੰਪਿੰਗ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ।)

**ਮਾਣਯੋਗ ਸਪੀਕਰ**: ਇਸ ਦੇ ਨਾਲ ਹੀ ਡਿਪਾਰਟਮੈਂਟ ਆਫ ਪਬਲਿਕ ਐਡਮਨਿਸਟ੍ਰੇਸ਼ਨ, ਪਟਿਆਲਾ ਦੇ ਸਟੂਡੈਂਟਸ ਵੀ ਹਾਊਸ ਦੀ ਕਾਰਵਾਈ ਦੇਖਣ ਲਈ ਆਏ ਹਨ। ਆਓ, ਉਨ੍ਹਾਂ ਨੂੰ 'ਜੀ ਆਇਆਂ' ਕਹੀਏ। (ਥੰਪਿੰਗ)

-------

## STARRED QUESTIONS AND ANSWERS (*Resumption*)

### ਬਰਨਾਲਾ ਜ਼ਿਲ੍ਹਾ ਅਧੀਨ ਤਹਿਸੀਲ ਪੱਧਰ ਦੀਆਂ ਅਸਾਮੀਆਂ ਦੇ ਵੇਰਵੇ

***1831. ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਰਨਾਲਾ ਜ਼ਿਲ੍ਹਾ ਅਧੀਨ ਤਹਿਸੀਲਾਂ ਬਰਨਾਲਾ, ਤਪਾ ਅਤੇ ਮਹਿਲ ਕਲਾਂ ਪੈਂਦੇ ਹਨ, ਜਿੱਥੇ ਤਹਿਸੀਲ ਪੱਧਰ ਦੀਆਂ ਕੁੱਲ 9 ਮਨਜ਼ੂਰਸ਼ੁਦਾ ਅਸਾਮੀਆਂ (ਤਹਿਸੀਲ ਅਤੇ ਨਾਇਬ ਤਹਿਸੀਲਦਾਰ) ਵਿੱਚੋਂ 6 ਅਸਾਮੀਆਂ ਪਿਛਲੇ ਸਮੇਂ ਤੋਂ ਖਾਲੀ ਪਈਆਂ ਹਨ; ਜੇਕਰ ਅਜਿਹਾ ਹੈ ਤਾਂ ਇਨ੍ਹਾਂ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

**ਸਰਦਾਰ ਹਰਦੀਪ ਸਿੰਘ ਮੁੰਡੀਆਂ :** ਜ਼ਿਲ੍ਹਾ ਬਰਨਾਲਾ ਅਧੀਨ ਤਹਿਸੀਲਦਾਰ ਦੀਆਂ ਤਿੰਨ ਅਸਾਮੀਆਂ ਅਤੇ ਨਾਇਬ ਤਹਿਸੀਲਦਾਰ ਦੀਆਂ ਛੇ ਮਨਜੂਰਸ਼ੁਦਾ ਅਸਾਮੀਆਂ ਹਨ। ਇਸ ਸਮੇਂ ਨਾਇਬ ਤਹਿਸੀਲਦਾਰਾਂ ਦੀਆਂ ਛੇ ਵਿਚੋਂ ਚਾਰ ਅਸਾਮੀਆਂ ਭਰੀਆਂ ਹੋਈਆਂ ਹਨ ਅਤੇ ਤਹਿਸੀਲਦਾਰਾਂ ਦੀਆਂ ਤਿੰਨ ਅਸਾਮੀਆਂ ਵਿੱਚੋਂ ਇੱਕ ਅਸਾਮੀ ਭਰੀ ਹੋਈ ਹੈ। ਇਸ ਸਮੇਂ ਸਿੱਧੀ ਭਰਤੀ ਰਾਹੀਂ ਤਹਿਸੀਲਦਾਰਾਂ ਦੀਆਂ 33 ਅਸਾਮੀਆਂ ਭਰਨ ਲਈ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਪਾਸ ਅਤੇ ਨਾਇਬ ਤਹਿਸੀਲਦਾਰਾਂ ਦੀਆਂ 13 ਅਸਾਮੀਆਂ ਭਰਨ ਸਬੰਧੀ ਕੇਸ ਅਧੀਨ ਸੇਵਾਵਾਂ ਚੋਣ

ਬੋਰਡ, ਮੋਹਾਲੀ ਪਾਸ ਕਾਰਵਾਈ ਅਧੀਨ ਹੈ। ਬਰਨਾਲਾ ਜ਼ਿਲ੍ਹੇ ਦੀਆਂ ਮਾਲ ਅਧਿਕਾਰੀਆਂ ਦੀਆਂ ਖਾਲੀ ਅਸਾਮੀਆਂ ਭਰਨ ਦਾ ਜਲਦੀ ਉਪਰਾਲਾ ਕੀਤਾ ਜਾਵੇਗਾ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ:** ਸਰ, ਸਾਡੇ ਜ਼ਿਲ੍ਹੇ ਵਿੱਚ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਦਾਰਾਂ ਦੀਆਂ 9 ਪੋਸਟਾਂ ਹਨ। ਮੰਤਰੀ ਜੀ ਨੇ ਜਵਾਬ ਵਿੱਚ ਵੀ ਕਿਹਾ ਹੈ ਕਿ ਨਾਇਬ ਤਹਿਸੀਲਦਾਰਾਂ ਦੀਆਂ ਛੇ ਵਿੱਚੋਂ ਚਾਰ ਅਸਾਮੀਆਂ ਭਰ ਦਿੱਤੀਆਂ ਹਨ ਪਰ ਦੋ ਨਾਇਬ ਤਹਿਸੀਲਦਾਰ ਹੀ ਕੰਮ ਕਰ ਰਹੇ ਹਨ, ਉਨ੍ਹਾਂ ਵਿੱਚੋਂ ਚਾਰ-ਪੰਜ ਦਿਨ ਪਹਿਲਾਂ ਇਨ੍ਹਾਂ ਨੇ ਬਦਲੀਆਂ ਕੀਤੀਆਂ ਹਨ, ਇੱਕ ਭਦੌੜ ਸਬ-ਤਹਿਸੀਲ ਦਾ ਬਦਲ ਦਿੱਤਾ ਹੈ ਅਤੇ ਉੱਥੇ ਨਵਾਂ ਲਗਾਇਆ ਹੈ। ਜਿਹੜਾ ਬਰਨਾਲੇ ਦਾ ਨਾਇਬ ਤਹਿਸੀਲਦਾਰ ਹੈ, ਉਹ ਲੰਬੇ ਸਮੇਂ ਦੀ ਛੁੱਟੀ ਤੇ ਪੜ੍ਹਨ ਵਾਸਤੇ ਗਿਆ ਹੋਇਆ ਹੈ, ਉਸ ਨੇ ਕੋਈ ਅੱਗੇ ਪੇਪਰ ਦੇਣਾ ਹੈ। ਸਰ, ਛੇ ਵਿੱਚੋਂ ਸਿਰਫ ਦੋ ਹੀ ਕੰਮ ਕਰ ਰਹੇ ਹਨ। ਇਸ ਤਰ੍ਹਾਂ ਹੀ ਜਿਹੜੀ ਬਰਨਾਲੇ ਦੇ ਸਬ-ਤਹਿਸੀਲਦਾਰ ਦੀ ਪੋਸਟ ਹੈ, ਉਹ ਲੰਬੇ ਸਮੇਂ ਬਾਅਦ ਇਨ੍ਹਾਂ ਨੇ ਦੋ ਦਿਨ ਪਹਿਲਾਂ ਵਾਲੀਆਂ ਬਦਲੀਆਂ ਵਿੱਚ ਭਰੀ ਹੈ ਪਰ ਉਨ੍ਹਾਂ ਨੂੰ ਤਹਿਸੀਲਦਾਰ ਦਾ ਚਾਰਜ ਵੀ ਦਿੱਤਾ ਹੋਇਆ ਹੈ, ਜਿਸ ਨਾਲ ਰਜਿਸਟਰੀਆਂ ਦਾ ਸਮਾਂਬੱਧ ਕੰਮ ਕਾਫੀ ਪ੍ਰਭਾਵਿਤ ਹੁੰਦਾ ਹੈ। ਹੋਰ ਕਾਫੀ ਕੰਮ ਹੁੰਦੇ ਹਨ ਜਿਵੇਂ ਸਰਟੀਫਿਕੇਟ ਅਟੈਸਟ ਕਰਨੇ, ਮੈਰਿਜ ਰਜਿਸਟਰ ਕਰਨੀ, ਇਹ ਸਾਡੇ ਜ਼ਿਲ੍ਹੇ ਵਿੱਚ ਕਾਫੀ ਜ਼ਿਆਦਾ ਦਿੱਕਤ ਹੈ। ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਨੂੰ ਟਾਈਮ ਬਾਊਂਡ ਕਰੋਗੇ ਅਤੇ ਕਦੋਂ ਤੱਕ ਕੰਮ ਸਹੀ ਢੰਗ ਨਾਲ ਚਲਦਾ ਹੋ ਜਾਵੇਗਾ ਅਤੇ ਕੀ ਇਨ੍ਹਾਂ ਪੋਸਟਾਂ ਨੂੰ ਭਰ ਦਿੱਤਾ ਜਾਵੇਗਾ?

**ਮਾਣਯੋਗ ਸਪੀਕਰ** : ਮੰਤਰੀ ਜੀ, ਦਿੱਕਤਾਂ ਕਦੋਂ ਤੱਕ ਦੂਰ ਕਰ ਦਿਓਗੇ?

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਬਹੁਤ ਜਲਦੀ ਕਰ ਦੇਵਾਂਗੇ। ਜ਼ਿਲ੍ਹਾ ਬਰਨਾਲਾ ਅਧੀਨ ਤਹਿਸੀਲਦਾਰਾਂ ਦੀਆਂ ਤਿੰਨ ਅਸਾਮੀਆਂ ਅਤੇ ਨਾਇਬ ਤਹਿਸੀਲਦਾਰ ਦੀਆਂ ਛੇ ਮਨਜ਼ੂਰਸ਼ੁਦਾ ਅਸਾਮੀਆਂ ਹਨ। ਇਸ ਸਮੇਂ ਨਾਇਬ ਤਹਿਸੀਲਦਾਰ ਦੀਆਂ ਛੇ ਵਿੱਚੋਂ ਚਾਰ ਅਸਾਮੀਆਂ ਭਰੀਆਂ ਹੋਈਆਂ ਹਨ। ਤਹਿਸੀਲਦਾਰਾਂ ਦੀਆਂ ਤਿੰਨ ਅਸਾਮੀਆਂ ਵਿੱਚੋਂ ਇੱਕ ਅਸਾਮੀ ਭਰੀ ਹੋਈ ਹੈ। ਇਸ ਸਮੇਂ ਸਿੱਧੀ ਭਰਤੀ ਰਾਹੀਂ ਤਹਿਸੀਲਦਾਰਾਂ ਦੀਆਂ 33 ਅਸਾਮੀਆਂ ਭਰਨ ਲਈ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਪਾਸ ਭਰਤੀ ਪ੍ਰਕਿਰਿਆ ਤੇ ਨਾਇਬ ਤਹਿਸੀਲਦਾਰ ਦੀਆਂ 13 ਅਸਾਮੀਆਂ ਭਰਨ ਦੀ ਪ੍ਰਕਿਰਿਆ ਅਧੀਨ ਸੇਵਾਵਾਂ ਚੋਣ ਬੋਰਡ, ਮੋਹਾਲੀ ਪਾਸ ਕਾਰਵਾਈ ਅਧੀਨ ਹਨ। ਬਰਨਾਲਾ ਜ਼ਿਲ੍ਹੇ ਵਿੱਚ ਮਾਲ ਅਧਿਕਾਰੀਆਂ ਦੀਆਂ ਖਾਲੀ ਆਸਾਮੀਆਂ ਭਰਨ ਦਾ ਜਲਦ ਉਪਰਾਲਾ ਕੀਤਾ ਜਾਵੇਗਾ ਭਾਵ ਥੋੜ੍ਹੇ ਦਿਨਾਂ ਵਿੱਚ ਕਹਿ ਸਕਦੇ ਹਾਂ ਜੀ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਕਾਲਾ ਜੀ, ਠੀਕ ਹੈ। ਇਹ ਤਾਂ ਪ੍ਰੋਸੀਜਰਲ ਹੈ।

-------

## ਰੋਪੜ ਦੇ ਹੈੱਡ ਵਰਕਸ ਤੇ ਇਰੀਗੇਸ਼ਨ ਮਿਊਜ਼ੀਅਮ ਬਣਾਉਣਾ

***1825. ਸ੍ਰੀ ਦਿਨੇਸ਼ ਕੁਮਾਰ ਚੱਢਾ** : ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੂਬੇ ਵਿੱਚ ਕਿੰਨੇ ਇਰੀਗੇਸ਼ਨ ਮਿਊਜ਼ੀਅਮ ਹਨ? ਕੀ ਰੋਪੜ ਦੇ ਹੈੱਡ ਵਰਕਸ ਤੇ ਇਰੀਗੇਸ਼ਨ ਮਿਊਜ਼ੀਅਮ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ੍ਰੀ ਬਰਿੰਦਰ ਕੁਮਾਰ ਗੋਇਲ** : ਇਸ ਸਮੇਂ ਸੂਬੇ ਵਿੱਚ ਜਲ ਸਰੋਤ ਵਿਭਾਗ ਦਾ ਕੋਈ ਵੀ ਮਿਊਜ਼ੀਅਮ ਨਹੀਂ ਹੈ, ਹੁਣ ਰੋਪੜ ਹੈੱਡ ਵਰਕਸ ਤੇ ਇੱਕ ਮਿਊਜ਼ੀਅਮ ਸਥਾਪਿਤ ਕਰਨ ਦੀ ਯੋਜਨਾ ਬਣਾਈ ਗਈ ਹੈ। ਇਹ ਕੰਮ ਮਿਤੀ 30/09/2026 ਤੱਕ ਪੂਰਾ ਕਰਨ ਦੀ ਤਜਵੀਜ਼ ਹੈ।

**ਸ੍ਰੀ ਦਿਨੇਸ਼ ਕੁਮਾਰ ਚੱਢਾ** : ਮੈਂ ਮਾਣਯੋਗ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਹ ਪੰਜਾਬ ਦਾ ਪਹਿਲਾ ਇਰੀਗੇਸ਼ਨ ਮਿਊਜ਼ੀਅਮ ਰੋਪੜ ਵਿੱਚ ਬਣਾਉਣ ਜਾ ਰਹੇ ਹਨ। ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਸ ਦਾ ਬਜਟ ਕਿੰਨਾ ਹੋਵੇਗਾ ਅਤੇ ਇਸ ਵਿੱਚ ਕੀ ਕੀ ਸਹੂਲਤਾਂ ਦੇਖਣ ਵਾਲਿਆਂ ਲਈ ਉਪਲਬਧ ਹੋਣਗੀਆਂ?

**ਮੰਤਰੀ :** ਸਪੀਕਰ ਸਾਹਿਬ, ਜਲ ਸਰੋਤ ਵਿਭਾਗ ਦਾ ਹਾਲੇ ਤੱਕ ਪੂਰੇ ਪੰਜਾਬ ਵਿੱਚ ਕੋਈ ਮਿਊਜ਼ੀਅਮ ਨਹੀਂ ਹੈ। ਸੋ, ਇਹ ਪਹਿਲਾ ਮਿਊਜ਼ੀਅਮ ਹੈ, ਜਿਹੜਾ ਰੋਪੜ ਵਿਖੇ ਹੈੱਡ ਵਰਕਸ ਤੇ ਬਣਾਇਆ ਜਾ ਰਿਹਾ ਹੈ। (ਥੰਪਿੰਗ) ਰੋਪੜ ਹੈੱਡ ਵਰਕਸ ਪੰਜਾਬ ਦਾ ਸਭ ਤੋਂ ਪੁਰਾਣਾ ਹੈੱਡ ਵਰਕਸ ਹੈ, ਇਹ ਸੰਨ 1821 ਵਿੱਚ ਬਣਿਆ ਸੀ ਅਤੇ ਇਸ ਦੀ ਰੀ-ਮਾਡਲਿੰਗ ਸੰਨ 1930 ਵਿੱਚ ਹੋਈ ਸੀ। ਸੋ, ਇਹ ਮਿਊਜ਼ੀਅਮ ਉਥੇ ਖਾਲੀ ਪਈ ਸਟੋਰ ਸ਼ੈੱਡ ਦੀ ਬਿਲਡਿੰਗ ਨੂੰ ਖਾਲੀ ਕਰਕੇ ਬਣਾਉਣ ਦੀ ਤਜਵੀਜ਼ ਹੈ। ਇਸ ਮਿਊਜ਼ੀਅਮ ਵਿੱਚ ਜਲ ਸਰੋਤ ਵਿਭਾਗ ਨਾਲ ਸਬੰਧਤ ਸਾਰੇ ਮਾਡਲ ਜਿਵੇਂ ਡੈਮ, ਨਹਿਰਾਂ ਦੇ ਨੈੱਟਵਰਕ, ਹਾਈਡਰੋਲੋਜਿਕਲ ਸਾਈਕਲ ਸਿਸਟਮ, ਇਹ ਸਾਰੇ ਉਥੇ ਪ੍ਰਦਰਸ਼ਿਤ ਕੀਤੇ ਜਾਣਗੇ। ਇਸ ਤੋਂ ਬਿਨਾਂ ਜਿਹੜੀਆਂ ਜਲ ਸਰੋਤ ਵਿਭਾਗ ਦੀਆਂ ਮਹੱਤਵਪੂਰਨ ਸਟਰੱਕਚਰਜ਼/ਉਸਾਰੀਆਂ ਹੋਈਆਂ ਹਨ, ਉਨ੍ਹਾਂ ਦੇ ਫੋਟੋਗ੍ਰਾਫਸ, ਉਨ੍ਹਾਂ ਨਾਲ ਸਬੰਧਤ ਸਾਰੇ ਦਸਤਾਵੇਜ਼/ਐਗਰੀਮੈਂਟਸ ਵੀ ਪ੍ਰਦਰਸ਼ਿਤ ਕੀਤੇ ਜਾਣਗੇ। ਸਪੀਕਰ ਸਾਹਿਬ, ਇੱਕ ਵੀਡੀਉ ਰੂਮ ਵੀ ਬਣਾਇਆ ਜਾਵੇਗਾ ਅਤੇ ਉਸ ਵੀਡੀਉ ਰੂਮ ਵਿੱਚ ਜਲ ਸਰੋਤ ਵਿਭਾਗ ਨਾਲ ਸਬੰਧਤ ਸਾਰੇ ਕੰਮਾਂ ਦੀ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਜਿਹੜੇ ਵੀ ਪਾਣੀ ਦੀ ਘਾਟ ਨਾਲ ਸਬੰਧਤ ਮੁੱਦੇ ਹਨ, ਉਨ੍ਹਾਂ ਦੀ ਸੰਭਾਲ ਲਈ ਕੀਤੇ ਜਾ ਰਹੇ ਉਪਰਾਲਿਆਂ ਨਾਲ ਆਮ ਜਨਤਾ ਨੂੰ ਜਾਗਰੂਕ ਕੀਤਾ ਜਾਵੇਗਾ। ਇਹ ਕੰਮ ਅਪ੍ਰੈਲ, 2026 ਤੋਂ ਸ਼ੁਰੂ ਕੀਤਾ ਜਾਵੇਗਾ ਅਤੇ ਮਿਤੀ 30.09.2026 ਤੱਕ ਮੁਕੰਮਲ ਕੀਤਾ ਜਾਵੇਗਾ। ਸਪੀਕਰ ਸਾਹਿਬ, ਇਹ ਜਲ ਸਰੋਤ ਵਿਭਾਗ ਦਾ ਪਹਿਲਾ ਮਿਊਜ਼ੀਅਮ ਹੈ, ਇਸ ਲਈ ਇਸ ਨੂੰ ਵਧੀਆ ਬਣਾਵਾਂਗੇ ਅਤੇ ਜਿੰਨੀ ਵੀ ਕਾਸਟ ਇਸ ਨੂੰ ਬਣਾਉਣ ਤੇ ਆਵੇਗੀ, ਉਹ ਖਰਚ ਕੀਤੀ ਜਾਵੇਗੀ ।

**ਸ੍ਰੀ ਦਿਨੇਸ਼ ਕੁਮਾਰ ਚੱਢਾ:** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਬਜਟ ਸ਼ਾਇਦ ਖੁੱਲ੍ਹਾ ਹੀ ਰੱਖ ਲਿਆ ਹੈ। ਇਹ ਕਹਿੰਦੇ ਹਨ ਕਿ ਜਿੰਨੀ ਵੀ ਕਾਸਟ ਆਵੇਗੀ, ਉਹ ਖਰਚ ਕਰਨਗੇ।

**ਮਾਣਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ਜੀ।

**ਸ੍ਰੀ ਦਿਨੇਸ਼ ਕੁਮਾਰ ਚੱਢਾ:** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਵਿੱਚ ਪੰਜਾਬ ਦੇ ਜਲ ਸਰੋਤ ਜਿਵੇਂ ਦਰਿਆ ਅਤੇ ਨਹਿਰਾਂ ਨੂੰ ਹੀ ਸ਼ਾਮਲ ਕੀਤਾ ਜਾ ਰਿਹਾ ਹੈ ਜਾਂ ਇਨ੍ਹਾਂ ਤੋਂ ਬਿਨਾਂ ਪੂਰੇ ਭਾਰਤ ਦੇ ਦੂਜੇ ਸੂਬਿਆਂ ਦੇ ਦਰਿਆ ਅਤੇ ਨਹਿਰਾਂ ਨੂੰ ਵੀ ਸ਼ਾਮਿਲ ਕੀਤਾ ਜਾ ਰਿਹਾ ਹੈ? ਕੀ ਉਨ੍ਹਾਂ ਸਾਰਿਆਂ ਦੀ ਜਾਣਕਾਰੀ ਵੀ ਇਸ ਵਿੱਚ ਸ਼ਾਮਿਲ ਕੀਤੀ ਜਾ ਰਹੀ ਹੈ?

**ਮੰਤਰੀ:** ਸਪੀਕਰ ਸਾਹਿਬ, ਨਹੀਂ ਜੀ। ਇਹ ਇਕੱਲੇ ਪੰਜਾਬ ਦਾ ਮਿਊਜ਼ੀਅਮ ਹੈ। ਇਸ ਵਿੱਚ ਇਕੱਲੇ ਪੰਜਾਬ ਨਾਲ ਸਬੰਧਤ ਦਰਿਆ ਅਤੇ ਨਹਿਰਾਂ ਦੀ ਜਾਣਕਾਰੀ ਨੂੰ ਹੀ ਸ਼ਾਮਿਲ ਕੀਤਾ ਜਾਵੇਗਾ। ਬਾਕੀ ਬਜਟ ਦੀ ਸਟਾਰਟਿੰਗ ਤਾਂ ਅਸੀਂ ਕਰਨੀ ਹੈ ਅਤੇ ਇਸ ਦਾ ਐਂਡ ਵਧੀਆ ਤਰੀਕੇ ਨਾਲ ਕਰਨਾ ਹੈ। ਇਸ ਕਰਕੇ ਫੰਡ ਦੀ ਕੋਈ ਕਮੀ ਨਹੀਂ ਹੈ।

-------

## ਹਲਕਾ ਭਦੌੜ ਦੀ ਆਈ.ਟੀ.ਆਈ. ਨੂੰ ਦੁਬਾਰਾ ਸ਼ੁਰੂ ਕਰਨਾ

***1838. ਸਰਦਾਰ ਲਾਭ ਸਿੰਘ ਉਗੋਕੇ :** ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਭਦੌੜ ਦੇ ਪਿੰਡ ਵਿਖੇ ਬਣੀ ਹੋਈ ਆਈ.ਟੀ.ਆਈ. ਨੂੰ ਤਿੰਨ ਮਹੀਨੇ ਚਲਾ ਕੇ ਬੰਦ ਕਰ ਦਿੱਤਾ ਗਿਆ ਸੀ; ਜੇਕਰ ਅਜਿਹਾ ਹੈ ਤਾਂ ਕੀ ਇਸ ਨੂੰ ਦੁਬਾਰਾ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਜੋਤ ਸਿੰਘ ਬੈਂਸ**: ਨਹੀਂ ਜੀ, ਹਲਕਾ ਭਦੌੜ ਦੇ ਕਿਸੇ ਵੀ ਪਿੰਡ ਵਿੱਚ ਕੋਈ ਆਈ.ਟੀ.ਆਈ. ਨਹੀਂ ਚਲਾਈ ਗਈ। ਇਸ ਸਮੇਂ ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਲਾਭ ਸਿੰਘ ਉਗੋਕੇ:** ਸਪੀਕਰ ਸਾਹਿਬ, ਮੈਂ ਮਾਣਯੋਗ ਮੰਤਰੀ ਸਾਹਿਬ ਨੂੰ ਤੁਹਾਡੇ ਜ਼ਰੀਏ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਵੋਟਾਂ ਲੈਣ ਵੇਲੇ ਮੇਰੇ ਹਲਕੇ ਦੇ ਲੋਕਾਂ ਨੂੰ ਗੁੰਮਰਾਹ ਕਰਕੇ ਇੱਕ ਆਈ.ਟੀ.ਆਈ. ਦਾ ਉਦਘਾਟਨ ਕੀਤਾ ਸੀ ਅਤੇ ਥੋੜ੍ਹਾ ਟਾਈਮ ਉਥੇ ਕਲਾਸਾਂ ਵੀ ਲਗਾਈਆਂ ਗਈਆਂ ਸਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ ਲੋਕਾਂ ਨੂੰ ਸਹੂਲਤਾਂ ਦੇਣ ਲਈ ਕੀ ਦੁਬਾਰਾ ਆਈ.ਟੀ.ਆਈ. ਨੂੰ ਚਾਲੂ ਕਰਨ ਦੀ ਕੋਈ ਤਜਵੀਜ਼ ਹੈ?

**ਮੰਤਰੀ:** ਸਪੀਕਰ ਸਾਹਿਬ, ਮਾਣਯੋਗ ਵਿਧਾਇਕ ਦੇ ਹਲਕੇ ਵਿੱਚ ਇੱਕ ਆਈ.ਟੀ.ਆਈ. ਸ਼ੁਰੂ ਕੀਤੀ ਗਈ ਸੀ। ਮੈਂ ਬੜਾ shocked ਹਾਂ ਕਿਉਂਕਿ ਡਿਪਾਰਟਮੈਂਟ ਦੇ ਰਿਕਾਰਡ ਮੁਤਾਬਿਕ ਆਈ.ਟੀ.ਆਈ. ਕਦੇ ਵੀ ਮਨਜ਼ੂਰ ਨਹੀਂ ਸੀ। ਮੈਂਬਰ ਸਾਹਿਬ ਦੱਸ ਰਹੇ ਹਨ ਕਿ ਉਥੇ ਤਿੰਨ ਮਹੀਨੇ ਕਲਾਸਾਂ ਵੀ ਲਗਾਈਆਂ ਗਈਆਂ ਸਨ। ਮੈਂ ਮਾਣਯੋਗ ਵਿਧਾਇਕ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਰਨਾਲਾ ਵਿਖੇ ਦੋ ਆਈ.ਟੀ.ਆਈਜ਼ ਹਨ, ਜੋ ਮੈਂਬਰ ਸਾਹਿਬ ਦੇ ਹਲਕੇ ਤੋਂ 18 ਕਿਲੋਮੀਟਰ ਦੂਰੀ ਤੇ ਸਥਿਤ ਹਨ। ਇੱਕ ਆਈ.ਟੀ.ਆਈ. ਵਿੱਚ 400 ਸੀਟਾਂ ਹਨ ਅਤੇ ਦੂਜੀ ਆਈ.ਟੀ.ਆਈ. ਲੜਕੀਆਂ ਲਈ ਹੈ, ਉਸ ਵਿੱਚ 200 ਸੀਟਾਂ ਹਨ। ਦੋਨੋਂ 18-18 ਕਿਲੋਮੀਟਰ ਦੂਰ ਹਨ ਪਰੰਤੂ ਇਸ ਦੇ ਬਾਵਜੂਦ ਮਾਣਯੋਗ ਵਿਧਾਇਕ ਸਾਹਿਬ ਨੂੰ ਲੱਗਦਾ ਹੈ ਕਿ ਹਲਕੇ ਦੇ ਬੱਚਿਆਂ ਵਿੱਚ ਆਈ.ਟੀ.ਆਈਜ਼ ਨੂੰ ਲੈ ਕੇ ਭਾਰੀ ਉਤਸ਼ਾਹ ਹੈ। ਅਸੀਂ ਪਿਛਲੇ ਸਮੇਂ ਵਿੱਚ 25 ਨਵੀਆਂ ਆਈ.ਟੀ.ਆਈਜ਼ ਖੋਲ੍ਹੀਆਂ ਹਨ ਅਤੇ ਸੀਟਾਂ ਵੀ ਡਬਲ ਕੀਤੀਆਂ ਹਨ। ਸੋ, ਇਹ ਪਰਪੋਜ਼ਲ ਭੇਜ ਦੇਣ ਜੀ। ਸਪੀਕਰ ਸਾਹਿਬ, ਜ਼ਮੀਨ ਇੱਕ ਵਾਰੀ ਹੈਂਡਓਵਰ ਕੀਤੀ ਗਈ ਸੀ ਔਰ ਫਿਰ ਵਾਪਸ ਲੈ ਗਈ ਸੀ। ਸੋ, ਆਪਾਂ ਫਾਲੋ-ਅੱਪ ਕਰ ਲਵਾਂਗੇ ਅਤੇ ਉਸ ਨੂੰ ਵੀ ਸ਼ੁਰੂ ਕਰ ਦੇਵਾਂਗੇ।

**ਮਾਣਯੋਗ ਸਪੀਕਰ:** ਠੀਕ ਹੈ। ਲਾਭ ਸਿੰਘ ਜੀ, ਤੁਹਾਡਾ ਜਵਾਬ ਆ ਗਿਆ ਹੈ। ਕੀ ਕੁਝ ਕਹਿਣਾ ਚਾਹੁੰਦੇ ਹੋ? ਮੇਰਾ ਖਿਆਲ ਹੈ ਕਿ ਹੁਣ ਲੋੜ ਨਹੀਂ ਹੈ ਕਿਉਂਕਿ ਜਵਾਬ ਆ ਗਿਆ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਸਪਲੀਮੈਂਟਰੀ ਤੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਣਯੋਗ ਸਪੀਕਰ:** ਕੀ ਇਨ੍ਹਾਂ ਦੀ ਆਈ.ਟੀ.ਆਈ. ਬਾਰੇ ਹੈ?

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : ਸਰ, ਆਈ.ਟੀ.ਆਈ. ਬਾਰੇ ਹੀ ਹੈ।

**ਮਾਣਯੋਗ ਸਪੀਕਰ:** ਜੇ ਤਾਂ ਇਨ੍ਹਾਂ ਦੀ ਆਈ.ਟੀ.ਆਈ. ਬਾਰੇ ਹੈ, ਫਿਰ ਤਾਂ ਗੱਲ ਕਰ ਲਓ ਲੇਕਿਨ ਜਨਰਲ ਨਹੀਂ ਹੋਵੇਗੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਸਾਰਿਆਂ ਦੀ ਆਈ.ਟੀ.ਆਈ. ਬਾਰੇ ਹੈ ਜੀ।

**ਮਾਣਯੋਗ ਸਪੀਕਰ:** ਫਿਰ ਬੈਠੋ। ਹਾਂ ਜੀ। ਅਗਲਾ ਸਵਾਲ ।

-------

## ਨੈਸ਼ਨਲ ਹਾਈਵੇਜ਼ ਦੇ ਨਿਰਮਾਣ ਦੌਰਾਨ ਪੇਂਡੂ ਸੜਕਾਂ ਦੇ ਨੁਕਸਾਨ ਦੀ ਭਰਪਾਈ ਕਰਨਾ

***1835. ਸ਼੍ਰੀ ਅਮਿਤ ਰਤਨ ਕੋਟਫੱਤਾ**: ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਾਲ 2023 ਤੋਂ 2025 ਦੌਰਾਨ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ (N.H.A.I.) ਵੱਲੋਂ ਪੰਜਾਬ ਵਿੱਚ ਵੱਖ-ਵੱਖ ਨੈਸ਼ਨਲ ਹਾਈਵੇਜ਼ ਦੇ ਨਿਰਮਾਣ ਦੌਰਾਨ ਵਰਤੀ ਗਈ ਭਾਰੀ ਮਸ਼ੀਨਰੀ ਕਾਰਨ ਜੋ ਪੇਂਡੂ ਸੜਕਾਂ ਨੂੰ ਨੁਕਸਾਨ ਪਹੁੰਚਿਆ ਹੈ; ਕੀ ਸਰਕਾਰ ਵੱਲੋਂ N.H.A.I. ਨੂੰ ਨੁਕਸਾਨੀਆਂ ਪੇਂਡੂ ਸੜਕਾਂ ਦੀ ਮੁਰੰਮਤ ਕਰਨ ਲਈ ਕਿਹਾ ਗਿਆ ਹੈ;

(ਅ) ਕੀ ਸਰਕਾਰ ਨੇ N.H.A.I. ਤੋਂ ਨੁਕਸਾਨ ਦੀ ਭਰਪਾਈ ਲਈ ਮੁਆਵਜ਼ਾ ਫੰਡ (Compensation Fund) ਦੀ ਵੀ ਮੰਗ ਕੀਤੀ ਹੈ ਤਾਂ ਜੋ ਪੇਂਡੂ ਸੜਕਾਂ ਦੀ ਮੁਰੰਮਤ ਤੁਰੰਤ ਕਰਵਾਈ ਜਾ ਸਕੇ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ: (**ੳ) ਸਾਲ 2023 ਤੋਂ 2025 ਦੌਰਾਨ ਨੈਸ਼ਨਲ ਹਾਈਵੇਅ ਦੇ ਨਿਰਮਾਣ ਦੌਰਾਨ ਨੁਕਸਾਨੀਆਂ ਗਈਆਂ ਪੇਂਡੂ ਲਿੰਕ ਸੜਕਾਂ ਦੀ ਮੁਰੰਮਤ ਕਰਵਾਉਣ ਲਈ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ (N.H.A.I) ਨੂੰ ਲਿਖਿਆ ਜਾ ਚੁੱਕਾ ਹੈ।

(ਅ) ਪੰਜਾਬ ਸਰਕਾਰ ਵੱਲੋਂ ਪੇਂਡੂ ਲਿੰਕ ਸੜਕਾਂ ਦੇ ਹੋਏ ਨੁਕਸਾਨ ਦੀ ਮੁਰੰਮਤ ਕਰਨ ਲਈ ਮੁਆਵਜ਼ੇ ਦੀ ਮੰਗ ਵੀ ਕੀਤੀ ਗਈ ਹੈ।

**ਸ੍ਰੀ ਅਮਿਤ ਰਤਨ ਕੋਟਫੱਤਾ**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਇਹ ਸਾਰੇ ਪੰਜਾਬ ਦਾ ਮਸਲਾ ਹੈ। ਸਾਨੂੰ ਪਤਾ ਹੈ ਕਿ ਸਾਰੇ ਪੰਜਾਬ ਵਿੱਚ ਨਵੇਂ ਨੈਸ਼ਨਲ ਹਾਈਵੇਅ ਬਣੇ ਹਨ। ਮੇਰੇ ਹਲਕੇ ਵਿੱਚੋਂ 03 ਨੈਸ਼ਨਲ ਹਾਈਵੇਅ ਲੰਘਦੇ ਹਨ। ਲਗਭਗ 90% ਪੇਂਡੂ ਸੜਕਾਂ ਇਸ ਵਿੱਚ ਡੈਮੇਜ ਹੋ ਚੁੱਕੀਆਂ ਹਨ। ਅਸੀਂ ਪਹਿਲਾਂ ਵੀ ਮੰਤਰੀ ਸਾਹਿਬ ਅਤੇ ਸੀ.ਐਮ. ਸਾਹਿਬ ਨੂੰ ਲਿਖਿਆ ਹੈ ਕਿ ਇਨ੍ਹਾਂ ਸੜਕਾਂ ਵਾਸਤੇ ਸਾਨੂੰ ਤਰਜੀਹ ਦੇਣ ਦੀ ਲੋੜ ਹੈ। ਹਾਲਾਂਕਿ ਮੇਰੀ ਸਰਕਾਰ ਬਹੁਤ ਵਧੀਆ ਕੰਮ ਕਰ ਰਹੀ ਹੈ। ਮੰਡੀ ਬੋਰਡ ਦੀਆਂ ਵੀ ਬਹੁਤ ਸੜਕਾਂ ਬਣ ਰਹੀਆਂ ਹਨ ਪਰ ਇਹ ਜਿਹੜਾ ਹਿੱਸਾ ਡੈਮੇਜ ਹੋਇਆ ਹੈ, ਇਹ ਬਹੁਤ ਜ਼ਿਆਦਾ ਹੈ। ਇਹ ਇਕੱਲੀ ਆਪਣੀ ਸਰਕਾਰ ਦੇ ਪੈਸਿਆਂ ਨਾਲ ਪੂਰਾ ਨਹੀਂ ਹੋਣਾ। ਸਾਨੂੰ ਨੈਸ਼ਨਲ ਹਾਈਵੇਜ਼ ਅਥਾਰਟੀ ਤੋਂ ਪੈਸਾ ਮੰਗਣਾ ਪੈਣਾ ਹੈ। ਉਸ ਵਾਸਤੇ ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਇਸ ਦਾ ਐਸਟੀਮੇਟ ਲਗਾਇਆ ਹੈ ਕਿ ਕਿੰਨਾ ਹਿੱਸਾ ਡੈਮੇਜ ਹੋਇਆ ਹੈ ਅਤੇ ਕੀ ਇਸ ਲਈ ਕਿਸੇ ਰਕਮ ਦੀ ਮੰਗ ਕੀਤੀ ਗਈ ਹੈ?

**ਮੰਤਰੀ** : ਸਪੀਕਰ ਸਾਹਿਬ, ਤਕਰੀਬਨ 503 ਕਿਲੋਮੀਟਰ ਤੱਕ ਦੀਆਂ ਸੜਕਾਂ ਡੈਮੇਜ ਹੋਈਆਂ ਹਨ। ਇਸ ਲਈ 11,285 ਕਰੋੜ ਰੁਪਏ ਦੀ ਮੰਗ ਕੀਤੀ ਗਈ ਹੈ ਕਿ ਇਸ ਦੀ ਭਰਪਾਈ ਕੀਤੀ ਜਾਵੇ ਅਤੇ ਜਿਹੜੀਆਂ ਨੈਸ਼ਨਲ ਹਾਈਵੇਜ਼ ਉੱਚੀਆਂ ਬਣੀਆਂ ਹਨ, ਉਨ੍ਹਾਂ ਨਾਲ ਸਾਡੀਆਂ ਲਿੰਕ ਸੜਕਾਂ ਨੂੰ ਜੋੜ ਕੇ ਲੋਕਾਂ ਨੂੰ ਸਹੂਲਤ ਮੁਹੱਈਆ ਕਰਵਾਈ ਜਾਵੇ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਹਾਂ ਜੀ, ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਮੈਂਬਰ ਸਾਹਿਬ ਦਾ ਬਹੁਤ ਅੱਛਾ ਸਵਾਲ ਹੈ। ਸਵਾਲ ਇਨ੍ਹਾਂ ਦਾ ਇਹ ਸੀ ਕਿ ਨੈਸ਼ਨਲ ਹਾਈਵੇਜ਼ ਦੀ ਜੋ ਹੈਵੀ ਮਸ਼ੀਨਰੀ ਯੂਜ਼ ਹੁੰਦੀ ਹੈ, ਉਸ ਨਾਲ ਸਾਡੀਆਂ ਪੇਂਡੂ ਸੜਕਾਂ ਟੁੱਟਦੀਆਂ ਹਨ। ਇਸ ਬਾਰੇ ਖੁੱਡੀਆਂ ਸਾਹਿਬ ਨੇ ਜਾਣਕਾਰੀ ਦਿੱਤੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਵਿੱਚ ਜਿਹੜੀ ਇਲਲੀਗਲ ਮਾਈਨਿੰਗ ਹੋ ਰਹੀ ਹੈ, ਜਿਹੜੇ ਰੋਜ਼ ਟਿੱਪਰਜ਼, ਟਰੱਕ, ਟਰਾਲੀਆਂ ਆਦਿ ਅਨੇਕਾਂ ਗੱਡੀਆਂ ਚੱਲਦੀਆਂ ਹਨ, ਉਨ੍ਹਾਂ ਨਾਲ ਮੈਜਿਓਰਟੀ ਪਿੰਡਾਂ ਦੀਆਂ ਸੜਕਾਂ ਟੁੱਟ ਗਈਆਂ ਹਨ। ਇਸ ਲਈ ਕਿਸ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ? ਇਸ ਵਾਸਤੇ ਕਿੱਥੋਂ ਪੈਸੇ ਮਿਲਣਗੇ? ਖੁੱਡੀਆਂ ਸਾਹਿਬ, ਜਿੰਨੀਆਂ ਵੀ ਇਲਲੀਗਲ ਮਾਈਨਿੰਗਜ਼ ਹੋ ਰਹੀਆਂ ਹਨ ਭਾਵੇਂ ਉਹ ਰੋਪੜ ਹੋਵੇ, ਭਾਵੇਂ ਪਠਾਨਕੋਟ ਹੋਵੇ, ਭਾਵੇਂ ਲੁਧਿਆਣੇ ਜਾਂ ਮੁਕੇਰੀਆਂ ਦੇ ਏਰੀਏ ਵਿੱਚ ਹੋਵੇ ਅਤੇ ਭਾਵੇਂ ਦਸੂਹਾ ਵਿਖੇ ਹੋਵੇ, ਕਾਈਂਡਲੀ, ਇਸ ਸਬੰਧੀ ਵੀ ਜਵਾਬ ਦੇ ਦਿਉ ਕਿ ਇਹ ਇਲਲੀਗਲ ਮਾਈਨਿੰਗਜ਼ ਕਦੋਂ ਬੰਦ ਹੋਣਗੀਆਂ?

**ਮਾਣਯੋਗ ਸਪੀਕਰ**: ਤੁਹਾਡੀ ਗੱਲ ਆ ਗਈ ਹੈ। ਇਹ ਸਵਾਲ ਵੱਖਰਾ ਬਣਦਾ ਹੈ ਪਰ ਜੇਕਰ ਮੰਤਰੀ ਸਾਹਿਬ ਜਵਾਬ ਦੇਣਾ ਚਾਹੁੰਦੇ ਹਨ ਤਾਂ ਦੇ ਸਕਦੇ ਹਨ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਵਿਰੋਧੀ ਧਿਰ ਦੇ ਨੇਤਾ ਨੇ ਇੱਕ ਸਵਾਲ ਪੁੱਛਿਆ ਹੈ। ਪਹਿਲਾਂ ਤਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਾਈਨਿੰਗ ਬਹੁਤ ਲੰਮੇ ਸਮੇਂ ਤੋਂ ਹੋ ਰਹੀ ਹੈ ਅਤੇ ਬੜੇ ਲੰਮੇ ਸਮੇਂ ਤੋਂ ਸੜਕਾਂ ਟੁੱਟੀਆਂ ਹੋਈਆਂ ਹਨ। ਜਿਹੜੀਆਂ ਸੜਕਾਂ ਉਸ ਨੂੰ ਲਿੰਕ ਕਰਦੀਆਂ ਸੀ, ਉਹ ਹੁਣ ਰੈਂਪ ਬਣ ਗਏ ਹਨ। ਅਸੀਂ ਉਸ ਦਾ ਸਾਰਾ ਐਸਟੀਮੇਟ ਲਗਾ ਕੇ 11,285 ਕਰੋੜ ਰੁਪਏ ਦਾ ਦਿੱਤਾ ਹੈ ਅਤੇ ਅਸੀਂ ਮੰਗ ਕੀਤੀ ਹੈ ਕਿ ਇਸ ਦੀ ਭਰਪਾਈ ਕੀਤੀ ਜਾਵੇ ਤਾਂ ਕਿ ਲੋਕਾਂ ਨੂੰ ਦੁਬਾਰਾ ਸਹੂਲਤ ਮੁਹੱਈਆ ਕੀਤੀ ਜਾ ਸਕੇ।

**ਮਾਣਯੋਗ ਸਪੀਕਰ** : ਠੀਕ ਹੈ ਜੀ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ)** : ਸਪੀਕਰ ਸਾਹਿਬ, ਮੇਰਾ ਇੱਕ ਬਹੁਤ ਇੰਪਾਰਟੈਂਟ ਇਸ਼ੂ ਹੈ।

**ਮਾਣਯੋਗ ਸਪੀਕਰ**: ਮੰਤਰੀ ਜੀ, ਜ਼ੀਰੋ ਆਵਰ ਵਿੱਚ ਗੱਲ ਕਰ ਲੈਣਾ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ**: ਸਪੀਕਰ ਸਾਹਿਬ, ਬਹੁਤ ਜ਼ਰੂਰੀ ਹੈ। ਕੈਪਟਨ ਅਮਰਿੰਦਰ ਸਿੰਘ, ਜਿਹੜੇ ਪਹਿਲਾਂ ਮੁੱਖ ਮੰਤਰੀ ਸਨ, ਉਨ੍ਹਾਂ ਨੇ ਸੋਨੀਆ ਗਾਂਧੀ ਨੂੰ ਚਿੱਠੀ ਲਿਖੀ ਸੀ ਕਿ ਸਾਡੇ ਜਿਹੜੇ 40-44 ਬੰਦੇ ਇਲਲੀਗਲ ਮਾਈਨਿੰਗ ਕਰਵਾਉਂਦੇ ਹਨ, ਉਨ੍ਹਾਂ ਤੇ ਐਕਸ਼ਨ ਕੀਤਾ ਜਾਵੇ। ਹੁਣ ਤਾਂ ਕਿਤੇ ਇਲਲੀਗਲ ਮਾਈਨਿੰਗ ਨਹੀਂ ਹੋ ਰਹੀ। ਹੁਣ ਤਾਂ ਲੀਗਲ ਮਾਈਨਿੰਗ ਹੈ। ਇਹ ਟਿੱਪਰਾਂ ਨਾਲ ਟੁੱਟ ਸਕਦੇ ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮਾਣਯੋਗ ਸਪੀਕਰ**: ਆਪਾਂ ਕੁਐਸਚਨ ਆਵਰ ਅੱਗੇ ਚੱਲਣ ਦੇਈਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ, ਬਹੁਤ ਅੱਛਾ ਸਵਾਲ ਹੈ।

**ਮਾਣਯੋਗ ਸਪੀਕਰ**: ਇਹ ਮੈਟਰ ਜ਼ੀਰੋ ਆਵਰ ਵਿੱਚ ਲੈ ਲਵਾਂਗੇ। ਆਪਣੇ ਸਾਥੀਆਂ ਦੇ ਸਵਾਲ ਰਹਿ ਜਾਣੇ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇਨ੍ਹਾਂ ਦੇ ਅਨੰਦਪੁਰ ਸਾਹਿਬ ਸਾਹਿਬ ਵਾਲੇ ਐਮ.ਪੀ. ਨੇ ਚੀਫ ਮਨਿਸਟਰ ਨੂੰ ਲਿਸਟ ਦਿੱਤੀ ਹੈ। ਉਹ ਵੀ ਲੈ ਕੇ ਆਓ ਅਤੇ ਇੱਥੇ ਰੱਖੋ। ਆਪਾਂ ਨੂੰ ਪਤਾ ਤਾਂ ਲੱਗੇ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਨੈਕਸਟ ਕੁਐਸਚਨ।

-------

## ਟਿਊਬਵੈੱਲ ਕੁਨੈਕਸ਼ਨ ਲੈਣ ਲਈ ਜ਼ਮੀਨ ਤਬਾਦਲਾ ਰਜਿਸਟਰੀ ਦੀ ਸ਼ਰਤ ਹਟਾਉਣਾ

***1841. ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ** : ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੂਬੇ ਵਿੱਚ ਕਿਸਾਨਾਂ ਨੂੰ ਟਿਊਬਵੈੱਲ ਦਾ ਕੁਨੈਕਸ਼ਨ ਲੈਣ ਲਈ ਜ਼ਮੀਨੀ ਤਬਾਦਲਾ ਰਜਿਸਟਰੀ ਕਰਵਾਉਣੀ ਪੈਂਦੀ ਹੈ; ਜੇਕਰ ਅਜਿਹਾ ਹੈ ਤਾਂ ਟਿਊਬਵੈੱਲ ਕੁਨੈਕਸ਼ਨ ਲੈਣ ਲਈ ਇਸ ਸ਼ਰਤ ਨੂੰ ਹਟਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ੍ਰੀ ਸੰਜੀਵ ਅਰੋੜਾ**: ਨਵੇਂ ਖੇਤੀਬਾੜੀ ਟਿਊਬਵੈੱਲ ਬਿਜਲੀ ਕੁਨੈਕਸ਼ਨ ਲੈਣ ਸਬੰਧੀ ਅਰਜ਼ੀਆਂ ਜਮ੍ਹਾਂ ਕਰਵਾਉਣ ਲਈ ਪੀ.ਐਸ.ਪੀ.ਸੀ.ਐਲ. ਦੇ ਸਪਲਾਈ ਕੋਡ-2024 ਦੀ ਧਾਰਾ 10(1)(ii) ਵਿੱਚ ਸ਼ਰਤਾਂ ਦਰਜ ਹਨ ਅਤੇ ਇਸ

ਅਨੁਸਾਰ ਬਿਨੈਕਾਰ ਜਿਸ ਜਗ੍ਹਾ ਉੱਪਰ ਇਹ ਕੁਨੈਕਸ਼ਨ ਲੈਣਾ ਚਾਹੁੰਦਾ ਹੈ, ਉਸ ਦੀ ਮਾਲਕੀ/ਕਬਜ਼ੇ ਸਬੰਧੀ ਦਸਤਾਵੇਜ਼ ਜਮ੍ਹਾਂ ਕਰਵਾਏਗਾ, ਜਿਵੇਂ ਕਿ-

> **Proof of Ownership/Occupancy of Premises:** The applicant shall submit proof of ownership/occupation of the premises for which the connection is applied. Any of the following documents shall be acceptable as proof of ownership or occupancy of premises:-
>
> In the case of agricultural connections a copy of latest khasra/girdawari/jamabandi/fard of the land.

ਜਿੱਥੋਂ ਤੱਕ ਟਿਊਬਵੈੱਲ ਕੁਨੈਕਸ਼ਨ ਦੀ ਸ਼ਿਫਟਿੰਗ ਪੰਜਾਬ ਰਾਜ ਵਿੱਚ ਕਰਵਾਉਣ ਦਾ ਸਬੰਧ ਹੈ, ਉਸ ਲਈ ਹਦਾਇਤਾਂ ਈ.ਐਸ.ਆਈ.ਐਮ.-2018 (Electricity Supply Instructions Mannual-2018) ਦੀ ਧਾਰਾ 29.4.3(a) ਅਨੁਸਾਰ ਕੋਈ ਵੀ ਮੌਜੂਦਾ ਖਪਤਕਾਰ ਆਪਣੇ ਟਿਊਬਵੈੱਲ ਕੁਨੈਕਸ਼ਨ ਦੀ ਸ਼ਿਫਟਿੰਗ ਆਪਣੇ ਨਾਮ ਤੇ ਆਪਣੀ ਮਾਲਕੀ ਵਾਲੀ ਖੇਤੀਬਾੜੀ ਜ਼ਮੀਨ ਵਿੱਚ ਮਾਲਕੀ ਦੇ ਸਬੂਤ ਵਜੋਂ ਜ਼ਮੀਨ ਦੀ ਫਰਦ ਪੇਸ਼ ਕਰਨ ਦੀ ਸ਼ਰਤ ਤੇ ਕਰਵਾ ਸਕਦਾ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਈ.ਐਸ.ਆਈ.ਐਮ.-2018 ਦੀ ਧਾਰਾ 29.2.4. ਅਨੁਸਾਰ ਕੋਈ ਵੀ ਖੇਤੀਬਾੜੀ ਟਿਊਬਵੈੱਲ ਕੁਨੈਕਸ਼ਨ ਖਪਤਕਾਰ ਆਪਣੇ ਟਿਊਬਵੈੱਲ ਨੂੰ ਆਪਣੇ ਪਰਿਵਾਰਕ ਮੈਂਬਰਾਂ ਦੀ ਮਾਲਕੀ ਵਾਲੀ ਜ਼ਮੀਨ ਵਿੱਚ ਨਾਮ ਬਦਲੀ ਅਤੇ ਸ਼ਿਫਟ ਕਰਵਾ ਸਕਦਾ ਹੈ।

ਇਨ੍ਹਾਂ ਹਦਾਇਤਾਂ ਵਿੱਚ ਸਪੱਸ਼ਟ ਹੈ ਕਿ ਪੰਜਾਬ ਰਾਜ ਵਿੱਚ ਕਿਸੇ ਵੀ ਟਿਊਬਵੈੱਲ ਕੁਨੈਕਸ਼ਨ ਜਾਰੀ ਜਾਂ ਸ਼ਿਫਟ ਕਰਨ ਲਈ ਜ਼ਮੀਨ ਦੀ ਮਾਲਕੀ ਦਾ ਸਬੂਤ ਦੇਣਾ ਪੈਂਦਾ ਹੈ। ਇਸ ਦੇ ਸਬੂਤ ਲਈ ਕਿਸਾਨ ਆਪਣੀ ਤਾਜ਼ਾ ਫਰਦ ਪੇਸ਼ ਕਰਦਾ ਹੈ। ਫਰਦ ਵਿੱਚ ਉਸ ਦੀ ਮਾਲਕੀ ਦਾ ਇੰਦਰਾਜ, ਜ਼ਮੀਨ ਦੀ ਰਜਿਸਟਰੀ, ਚਾਹੇ ਉਹ ਜ਼ਮੀਨ ਤਬਾਦਲਾ ਰਜਿਸਟਰੀ ਜਾਂ ਆਮ ਰਜਿਸਟਰੀ ਦੇ ਨਾਲ ਹੋਈ ਹੋਵੇ, ਹੋਣ ਤੋਂ ਬਾਅਦ ਹੁੰਦਾ ਹੈ। ਬਿਨਾਂ ਮਾਲਕੀ ਤੋਂ ਕੋਈ ਟਿਊਬਵੈੱਲ ਕੁਨੈਕਸ਼ਨ ਜਾਰੀ ਜਾਂ ਸ਼ਿਫਟ ਕਰਨ ਦਾ ਕੋਈ ਪ੍ਰਾਵਧਾਨ ਨਹੀਂ ਹੈ ਜੀ।

ਬਿਨਾਂ ਮਾਲਕੀ ਤੋਂ ਟਿਊਬਵੈੱਲ ਕੁਨੈਕਸ਼ਨ ਜਾਰੀ ਜਾਂ ਸ਼ਿਫਟ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ:** ਸਰ, ਮੈਂ ਸਪਲੀਮੈਂਟਰੀ ਲੈਣਾ ਚਾਹੁੰਦਾ ਹਾਂ। ਮੈਂ ਮੰਤਰੀ ਸਾਹਿਬ ਨੂੰ ਸਵਾਲ ਕੀਤਾ ਸੀ ਕਿ ਜਦੋਂ ਆਪਾਂ ਟਿਊਬਵੈੱਲ ਕੁਨੈਕਸ਼ਨ ਸ਼ਿਫਟ ਕਰਵਾਉਂਦੇ ਹਾਂ ਤਾਂ ਜ਼ਮੀਨੀ ਤਬਾਦਲਾ ਰਜਿਸਟਰੀ ਦੀ ਇੱਕ ਸ਼ਰਤ ਹੈ। ਮੈਂ ਮੰਤਰੀ ਸਾਹਿਬ ਨੂੰ ਇਹੀ ਸਵਾਲ ਕਰਨਾ ਚਾਹੁੰਦਾ ਹਾਂ ਕਿ ਅਸੀਂ ਨਹਿਰੀ ਕੰਮ ਬਹੁਤ ਵਧੀਆ ਕੀਤਾ ਹੈ। ਪਾਈਪ ਲਾਈਨਾਂ ਬਹੁਤ ਵਧੀਆ ਕੀਤੀਆਂ ਹਨ ਪਰੰਤੂ ਉਥੇ ਨਵੀਆਂ ਕਲੋਨੀਆਂ ਵੀ ਆ ਰਹੀਆਂ ਹਨ। ਕਈ ਜਗ੍ਹਾ ਤੇ ਕਿਸਾਨਾਂ ਨੂੰ ਆਪਣੇ ਟਿਊਬਵੈੱਲ ਕੁਨੈਕਸ਼ਨਾਂ ਦੀ ਜ਼ਰੂਰਤ ਨਹੀਂ ਪੈਂਦੀ। ਕਿਸਾਨ ਆਪਣੀ ਮਰਜ਼ੀ ਨਾਲ ਆਪਣਾ ਟਿਊਬਵੈੱਲ ਕੁਨੈਕਸ਼ਨ ਛੱਡਣਾ ਵੀ ਚਾਹੁੰਦੇ ਹਨ ਪਰੰਤੂ ਇਸ ਬਾਰੇ ਕਿਤੇ ਵੀ ਪ੍ਰੋਵੀਜ਼ਨ ਨਹੀਂ ਹੈ ਕਿ ਉਹ ਆਪਣੇ ਕੁਨੈਕਸ਼ਨ ਕਿਸ ਤਰੀਕੇ ਨਾਲ ਛੱਡਣ। ਕਾਈਂਡਲੀ, ਮੰਤਰੀ ਜੀ, ਕੋਈ ਇਹੋ ਜਿਹਾ ਤਰੀਕਾ ਦੱਸਣ, ਜਿਸ ਨਾਲ ਇੱਕ ਕਿਸਾਨ ਆਪਣੇ ਟਿਊਬਵੈੱਲ ਕੁਨੈਕਸ਼ਨ ਦੂਜੇ ਕਿਸਾਨ ਨੂੰ ਦੇ ਸਕੇ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਸਵਾਲ ਕੀਤਾ ਸੀ, ਮੈਂ ਉਸ ਦਾ ਜਵਾਬ ਦੇ ਦਿੱਤਾ ਹੈ ਤੇ ਸਪਲੀਮੈਂਟਰੀ ਦਾ ਵੀ ਉਹੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਰੈਗੂਲੇਟਰੀ ਕਮਿਸ਼ਨ ਕੋਲੋਂ ਸਾਡਾ ਸਪਲਾਈ ਕੋਡ ਪਾਸ ਹੋਇਆ ਹੈ, ਉਸ ਵਿੱਚ ਟਿਊਬਵੈੱਲ ਦਾ ਕੁਨੈਕਸ਼ਨ ਤਦ ਹੀ ਸ਼ਿਫਟ ਹੋ ਸਕਦਾ ਹੈ ਜੇ ਉਸੇ ਫਾਰਮਰ ਦੇ ਨਾਂ ਤੇ ਜ਼ਮੀਨ ਲਈ ਜਾਵੇ। ਜੇਕਰ ਮਲਕੀਅਤ ਉਸ ਦੇ ਨਾਂ ਤੇ ਹੋਵੇ ਤਾਂ ਹੀ ਟਿਊਬਵੈੱਲ ਕੁਨੈਕਸ਼ਨ ਸ਼ਿਫਟ ਹੋ ਸਕਦਾ ਹੈ, ਅਦਰਵਾਈਜ਼ ਟਿਊਬਵੈੱਲ ਕੁਨੈਕਸ਼ਨ ਸ਼ਿਫਟ ਕਰਨ ਦੀ ਕੋਈ ਹੋਰ ਤਜਵੀਜ਼ ਨਹੀਂ ਹੈ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ** : ਬਿਲਕੁਲ ਸਰ, ਮੈਨੂੰ ਰਿਪਲਾਈ ਆ ਗਿਆ ਸੀ ਪਰ ਮੇਰਾ ਸਵਾਲ ਇਹ ਹੈ ਕਿ ਜਿੱਥੇ ਕਿਤੇ ਨਹਿਰੀ ਪਾਣੀ ਪਹੁੰਚ ਜਾਂਦਾ ਹੈ, ਕਈ ਵਾਰ ਕੀ ਹੁੰਦਾ ਹੈ ਕਿ ਕਿਸਾਨਾਂ ਕੋਲ ਐਕਸਟਰਾ ਕੁਨੈਕਸ਼ਨ ਵੀ ਹਨ ਪਰ ਉਹ ਆਪਣਾ ਕੁਨੈਕਸ਼ਨ ਛੱਡਣਾ ਚਾਹੁੰਦਾ ਹੈ। ਜੇਕਰ ਆਪਾਂ ਉਸ ਨੂੰ ਮੌਕਾ ਦੇ ਦੇਈਏ ਤਾਂ ਇਸ ਨਾਲ ਆਪਣਾ ਕੋਈ ਖਰਚਾ ਨਹੀਂ ਹੋਣਾ ਤੇ ਕਿਸੇ ਹੋਰ ਲੋੜਵੰਦ ਨੂੰ ਟਿਊਬਵੈੱਲ ਕੁਨੈਕਸ਼ਨ ਵੀ ਮਿਲ ਜਾਵੇਗਾ। ਜੇਕਰ ਕਿਸੇ ਕਿਸਾਨ ਕੋਲ ਵਾਧੂ ਕੁਨੈਕਸ਼ਨ ਹੈ ਤਾਂ ਉਹ ਆਪਣਾ ਟਿਊਬਵੈੱਲ ਕੁਨੈਕਸ਼ਨ ਦੇ ਸਕਦਾ ਹੈ। ਸਰ, ਇਸ ਵਿੱਚ ਮਾਲਕੀ ਦੀ ਸ਼ਰਤ ਹੈ ਕਿ ਜਿੱਥੇ ਕੁਨੈਕਸ਼ਨ ਦੇਣਾ ਹੈ, ਉੱਥੇ ਆਪਣੀ ਜ਼ਮੀਨ ਹੋਣੀ ਚਾਹੀਦੀ ਹੈ। ਇਸ ਸ਼ਰਤ ਨੂੰ ਹਟਾਉਣ ਵਾਸਤੇ ਮੰਤਰੀ ਸਾਹਿਬ ਦੱਸਣ, ਜੇਕਰ ਨਹੀਂ ਹੈ ਤਾਂ ਸਵਾਲ ਇਹ ਵੀ ਹੈ ਕਿ ਇਸ ਵਾਸਤੇ ਥੋੜ੍ਹਾ ਜਿਹਾ ਵਰਕ ਕੀਤਾ ਜਾਵੇ ਤੇ ਇਸ ਨਾਲ ਬੜਾ ਬੈਨੇਫਿਟ ਹੋਵੇਗਾ।

**ਮਾਣਯੋਗ ਸਪੀਕਰ** : ਇਹ ਤਾਂ ਤੁਹਾਡਾ ਸੁਜੈਸ਼ਨ ਹੈ, ਮਿਲ ਕੇ ਵੀ ਦੇ ਸਕਦੇ ਸੀ। ਬੈਠੋ ਜੀ। ਹੋ ਗਿਆ, ਤੁਹਾਡਾ ਸੁਜੈਸ਼ਨ ਠੀਕ ਹੈ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਦਾ ਸਵਾਲ ਅਤੇ ਸੁਜੈਸ਼ਨ ਹੈ, ਉਸ ਤੇ ਵਰਕ ਕਰਾਂਗੇ। ਬਿਜਲੀ ਬੋਰਡ ਦੇ ਲਾਅ, ਰੂਲਜ਼ ਰੈਗੂਲੇਟਰੀ ਕਮਿਸ਼ਨ ਬਣਾਉਂਦਾ ਹੈ। ਇਸ ਨੂੰ ਅਸੀਂ ਉਨ੍ਹਾਂ ਦੇ ਅੱਗੇ ਰੱਖਣ ਦੀ ਕੋਸ਼ਿਸ਼ ਕਰਾਂਗੇ।

**ਮਾਣਯੋਗ ਸਪੀਕਰ** : ਠੀਕ ਹੈ, ਸਰਕਾਰ ਜੀ।

------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1742**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-------

**ਜ਼ਮੀਨਦੋਜ਼ ਪਾਈਪਾਂ ਪਾਉਣ ਲਈ ਫੰਡ ਜਾਰੀ ਕਰਨਾ**

***1857. ਪ੍ਰਿੰਸੀਪਲ ਬੁੱਧ ਰਾਮ** : ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ 277 ਮੋਘਿਆਂ ਵਿੱਚ ਜ਼ਮੀਨਦੋਜ਼ ਪਾਈਪਾਂ ਪਾਉਣ ਲਈ ਜਾਂ ਨਵੇਂ ਖਾਲ ਬਣਾਉਣ ਲਈ ਸ਼ਨਾਖਤ ਕੀਤੀ

ਗਈ ਸੀ, ਜਿਨ੍ਹਾਂ ਵਿੱਚੋਂ ਸਿਰਫ 100 ਦੇ ਲਗਭਗ ਮੋਘਿਆਂ ਤੇ ਪਾਈਪਾਂ ਜਾਂ ਖਾਲ ਬਣ ਗਏ ਹਨ ਪਰੰਤੂ 157 ਦੇ ਕਰੀਬ ਮੋਘਿਆਂ ਤੇ ਪਾਈਪਾਂ ਪਾਉਣੀਆਂ ਬਾਕੀ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਵਿਭਾਗ ਇਨ੍ਹਾਂ ਮੋਘਿਆਂ ਤੇ ਜ਼ਮੀਨਦੋਜ਼ ਪਾਈਪਾਂ ਪਾਉਣ ਲਈ ਲੋੜੀਂਦਾ ਫੰਡ ਦੇਣ ਦਾ ਵਿਚਾਰ ਰੱਖਦਾ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸ੍ਰੀ ਬਰਿੰਦਰ ਕੁਮਾਰ ਗੋਇਲ**: ਸ੍ਰੀਮਾਨ ਜੀ, ਜਲ ਸਰੋਤ ਵਿਭਾਗ ਵੱਲੋਂ ਅਜਿਹਾ ਕੋਈ ਪ੍ਰਸਤਾਵ ਨਹੀਂ ਸੀ, ਜਿਸ ਦੇ ਤਹਿਤ ਬੁਢਲਾਡਾ ਵਿਧਾਨ ਸਭਾ ਹਲਕੇ ਦੇ ਸਾਰੇ 277 ਮੋਘੇ ਲੈਣ ਦਾ ਫੈਸਲਾ ਕੀਤਾ ਗਿਆ ਹੋਵੇ। ਵਿਭਾਗ ਵੱਲੋਂ ਕੇਵਲ 150 ਮੋਘਿਆਂ ਦੀ ਤਜਵੀਜ਼ ਲਈ ਗਈ ਹੈ, ਜਿਨ੍ਹਾਂ ਵਿੱਚੋਂ 142 ਮੋਘਿਆਂ ਦਾ ਕੰਮ ਪਹਿਲਾਂ ਹੀ ਮੁਕੰਮਲ ਕੀਤਾ ਜਾ ਚੁੱਕਾ ਹੈ। ਬਾਕੀ ਰਹਿੰਦੇ ਮੋਘਿਆਂ ਨੂੰ ਫੰਡਾਂ ਦੀ ਉਪਲਬਧਤਾ ਦੇ ਅਧਾਰ ਤੇ ਹੀ ਕਰਵਾਇਆ ਜਾ ਸਕਦਾ ਹੈ।

**ਪ੍ਰਿੰਸੀਪਲ ਬੁੱਧ ਰਾਮ** : ਸਪੀਕਰ ਸਾਹਿਬ, ਜਦੋਂ ਸਾਲ 2022 ਵਿੱਚ ਸਰਕਾਰ ਆਈ ਸੀ ਤਾਂ ਟਿਊਬਵੈੱਲ ਕਾਰਪੋਰੇਸ਼ਨ ਦੇ ਐਸ.ਈ. ਤੇ ਐਕਸੀਅਨ ਵੱਲੋਂ ਸਾਡੇ ਹਲਕੇ ਵਿੱਚ 257 ਮੋਘਿਆਂ ਦੀ ਸ਼ਨਾਖਤ ਕੀਤੀ ਗਈ ਸੀ। ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਅਸੀਂ ਸਿਰਫ 142 ਮੋਘਿਆਂ ਨੂੰ ਹੀ ਅੰਡਰਟੇਕ ਕਰਾਂਗੇ। ਸੋ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਸਾਡੇ ਗੁਆਂਢੀ ਹਨ, ਬੁਢਲਾਡੇ ਤੇ ਲਹਿਰੇ ਦਾ 20 ਮਿੰਟ ਦਾ ਰਸਤਾ ਹੈ, ਗੁਆਂਢੀਆਂ ਨਾਲ ਇੰਨੀ ਬੇਰੁਖੀ ਨਾ ਕਰੋ। ਇਹ ਕਹਿੰਦੇ ਹਨ ਕਿ ਸਿਰਫ 142 ਕਰਾਂਗੇ, ਮੈਂ ਇਹ ਕਹਿੰਦਾ ਹਾਂ ਕਿ ਤੁਸੀਂ 50 ਕਰੋੜ ਰੁਪਏ ਦੇ ਹੋਰ ਫੰਡ ਦਿਓ। ਤੁਸੀਂ ਤਾਂ ਸੀ.ਐਮ. ਦੇ ਜ਼ਿਲ੍ਹੇ ਵਿੱਚ ਰਹਿੰਦੇ ਹੋ। ਅਸੀਂ ਕਿਤੇ ਕਿਆਰੇ ਦੀ ਕੰਨੀ ਵਾਂਗੂੰ ਸੁੱਕੇ ਹੀ ਨਾ ਰਹਿ ਜਾਈਏ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਸਾਨੂੰ ਘੱਟੋ ਘੱਟ 60-70 ਮੋਘੇ ਹੋਰ ਮਨਜ਼ੂਰ ਕਰ ਦਿਓ ਤਾਂ ਕਿ ਸਾਡੇ ਕਿਸਾਨ ਬਿਲਕੁਲ ਸੁਖੀ ਵੱਸਣ।

**ਮਾਣਯੋਗ ਸਪੀਕਰ** : ਹਾਂ ਜੀ, ਗੋਇਲ ਸਾਹਿਬ। ਗੋਇਲ ਸਾਹਿਬ ਛੇਤੀ 'ਨਾਂਹ' ਤਾਂ ਕਰਦੇ ਨਹੀਂ। ਇਹ ਤਾਂ 'ਹਾਂ' ਵਾਲੇ ਮੰਤਰੀ ਹਨ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਮਾਨ ਜੀ ਨੇ ਕਿਹਾ ਸੀ ਕਿ ਅਸੀਂ ਟੇਲਾਂ ਤੇ ਪਾਣੀ ਪਹੁੰਚਾਉਣਾ ਹੈ। ਜਦੋਂ ਤੋਂ ਸਰਕਾਰ ਬਣੀ ਹੈ, ਸਾਡਾ ਵਾਟਰ ਰਿਸੋਰਸਿਜ਼ ਡਿਪਾਰਟਮੈਂਟ, ਪੀ.ਡਬਲਿਊ. ਆਰ.ਐਮ.ਡੀ.ਸੀ. ਅਤੇ ਸੌਇਲ ਐਂਡ ਵਾਟਰ ਕੰਜ਼ਰਵੇਸ਼ਨ ਡਿਪਾਰਟਮੈਂਟ ਸਾਰੇ ਹੀ ਦਿਨ ਰਾਤ ਲੱਗੇ ਹੋਏ ਹਨ। ਸਾਡੇ ਕੋਲ ਜਿੰਨਾ ਇਨਫਰਾਸਟਰੱਕਚਰ ਹੈ, ਜਿੰਨੇ ਸਾਡੇ ਸਾਰੇ ਮੁਲਾਜ਼ਮ ਹਨ, ਉਹ ਵੀ ਲੱਗੇ ਹੋਏ ਹਨ। ਇਨ੍ਹਾਂ ਦੇ ਬੁਢਲਾਡੇ ਹਲਕੇ ਦਾ ਸਾਲ 2022-23 ਤੋਂ 2025-26 ਤੱਕ 57 ਕਰੋੜ, 66 ਲੱਖ 25 ਹਜ਼ਾਰ ਰੁਪਏ ਖਾਲਾਂ ਅਤੇ ਪਾਈਪ ਲਾਈਨਾਂ ਤੇ ਲੱਗਿਆ ਹੈ। 291 ਕਿਲੋਮੀਟਰ ਪਾਈਪਲਾਈਨ ਤੇ ਵਾਟਰ ਕੋਰਸ ਬਣੇ ਹਨ ਤੇ 40 ਹਜ਼ਾਰ ਏਕੜ ਫਸਲ ਨੂੰ ਨਹਿਰੀ ਪਾਣੀ ਦਿੱਤਾ ਹੈ। ਬਿਲਕੁਲ ਠੀਕ ਹੈ ਕਿ ਇਨ੍ਹਾਂ ਦੇ ਹਲਕੇ ਵਿੱਚ 277 ਮੋਘੇ ਹਨ ਅਤੇ 150 ਮੋਘੇ ਪਹਿਲਾਂ ਹੀ ਪ੍ਰਸਤਾਵਿਤ ਸੀ। ਇਨ੍ਹਾਂ 150 ਮੋਘਿਆਂ ਵਿੱਚੋਂ 142 ਤੇ ਕੰਮ ਹੋ ਚੁੱਕਾ ਹੈ ਤੇ ਬਾਕੀ ਕੰਮ ਚੱਲ ਰਿਹਾ ਹੈ। ਸਾਲ 2026-27 ਵਿੱਚ 5 ਕਰੋੜ ਰੁਪਏ ਦੀ ਲਾਗਤ ਨਾਲ ਹੋਰ 29 ਕਿਲੋਮੀਟਰ ਪਾਈਪਲਾਈਨ ਅਤੇ ਵਾਟਰ ਕੋਰਸ ਦੀ ਤਜਵੀਜ਼ ਹੈ। ਬਾਕੀ, ਜਿਸ ਤਰ੍ਹਾਂ ਮੈਂ ਪਹਿਲਾਂ ਬੇਨਤੀ ਕੀਤੀ ਹੈ ਕਿ ਸਾਰੇ ਪੰਜਾਬ ਵਿੱਚ ਜਿੰਨੇ ਵੀ ਸਾਡੇ ਕੋਲ ਮੁਲਾਜ਼ਮ ਹਨ ਅਤੇ ਜੋ ਕੁਝ ਵੀ ਕਰਨ ਵਾਲਾ ਹੈ, ਉਸ ਤੇ ਅਸੀਂ ਲੱਗੇ ਹੋਏ ਹਾਂ। ਪੂਰੇ ਪੰਜਾਬ ਵਿੱਚ ਅਜੇ 55 ਹਜ਼ਾਰ ਕਿਲੋਮੀਟਰ ਰਹਿੰਦੇ ਹਨ, ਇਨ੍ਹਾਂ ਵਾਸਤੇ 16 ਹਜ਼ਾਰ ਕਰੋੜ ਰੁਪਏ ਦੀ ਵੀ ਲੋੜ ਹੈ। ਅਸੀਂ ਆਪਣੀ ਕੈਪੇਸਿਟੀ ਦੇ ਮੁਤਾਬਕ ਇਹ ਸਾਰੇ

ਪਾਈਪਲਾਈਨ ਅਤੇ ਵਾਟਰ ਕੋਰਸ ਬਣਾ ਰਹੇ ਹਾਂ। ਜਿਹੜੇ ਮਾਣਯੋਗ ਮੈਂਬਰ ਸਾਹਿਬ ਦੇ ਹਲਕੇ ਵਿੱਚ ਬਾਕੀ ਰਹਿੰਦੇ ਹਨ, ਸਾਡਾ ਗੁਆਂਢ ਵੀ ਹੈ ਅਤੇ ਸਾਡਾ ਹਲਕਾ ਵੀ ਇਕੱਠਾ ਹੀ ਹੈ, ਜਿਵੇਂ ਜਿਵੇਂ ਫੰਡ ਆਈ ਜਾਂਦੇ ਹਨ, ਬਾਕੀ ਰਹਿੰਦੇ ਪਾਈਪਲਾਈਨ ਅਤੇ ਵਾਟਰ ਕੋਰਸ ਵੀ ਅਸੀਂ ਛੇਤੀ ਹੀ ਪੂਰੇ ਕਰਕੇ ਦੇਵਾਂਗੇ ਜੀ।

**ਮਾਣਯੋਗ ਸਪੀਕਰ** : ਠੀਕ ਹੈ। ਬੁੱਧ ਰਾਮ ਜੀ, ਹੁਣ ਤਾਂ ਇਨ੍ਹਾਂ ਨੇ 'ਹਾਂ' ਕਹਿ ਦਿੱਤੀ ਹੈ। ਧੰਨਵਾਦ ਕਰ ਦਿਉ।

**ਪ੍ਰਿੰਸੀਪਲ ਬੁੱਧ ਰਾਮ**: ਧੰਨਵਾਦ ਕਰ ਦਿੰਦਾ ਹਾਂ ਜੀ। ਇਨ੍ਹਾਂ ਦਾ ਬਹੁਤ ਧੰਨਵਾਦ ਕਿ ਕੋਈ ਘਾਟ ਨਹੀਂ ਛੱਡੀ ਪਰ ਹੁਣ ਤਾਜ਼ਾ ਤਾਜ਼ਾ ਬਜਟ ਆਇਆ ਹੈ ਅਤੇ ਵਿੱਤ ਮੰਤਰੀ ਜੀ ਨੇ ਵੀ ਜਲ ਸਰੋਤ ਮੰਤਰਾਲੇ ਵਾਸਤੇ ਖੁੱਲ੍ਹਾ ਬਜਟ ਪੇਸ਼ ਕੀਤਾ ਹੈ। ਸੋ, ਕਿਰਪਾ ਕਰਕੇ ਸਾਨੂੰ 20 ਕਰੋੜ ਰੁਪਏ ਦਾ ਫੰਡ ਦਿੱਤਾ ਜਾਵੇ। ਮੈਂ 20 ਕਰੋੜ ਰੁਪਏ ਦੇ ਫੰਡ ਦੀ ਮੰਗ ਕਰਦਾ ਹਾਂ ਜੀ। ਇੰਨੀ 'ਹਾਂ' ਕਹਿ ਦਿਓ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਬੈਠੋ। ਹਾਂ ਜੀ, ਸ੍ਰੀ ਨਰੇਸ਼ ਪੁਰੀ ਜੀ।

-------

## ਦੁਨੇਰਾ ਪ੍ਰਾਇਮਰੀ ਹੈਲਥ ਸੈਂਟਰ ਐਮਰਜੈਂਸੀ ਦੀ ਸੁਵਿਧਾ ਉਪਲਬਧ ਕਰਵਾਉਣਾ

***1750. ਸ੍ਰੀ ਨਰੇਸ਼ ਪੁਰੀ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਦੁਨੇਰਾ ਪ੍ਰਾਇਮਰੀ ਹੈਲਥ ਸੈਂਟਰ 3.00 ਵਜੇ ਤੋਂ ਬਾਅਦ ਬਿਲਕੁਲ ਬੰਦ ਹੋ ਜਾਂਦਾ ਹੈ ਅਤੇ ਇੱਥੇ ਕੋਈ ਵੀ ਡਾਕਟਰ ਉਪਲਬਧ ਨਾ ਹੋਣ ਕਾਰਨ ਜਨਤਾ ਨੂੰ ਐਮਰਜੈਂਸੀ ਦੀ ਸੁਵਿਧਾ ਪ੍ਰਾਪਤ ਨਹੀਂ ਹੁੰਦੀ; ਜੇਕਰ ਅਜਿਹਾ ਹੈ ਤਾਂ ਇੱਥੇ ਐਮਰਜੈਂਸੀ ਦੀ ਸੁਵਿਧਾ ਕਦੋਂ ਤੱਕ ਦੇ ਦਿੱਤੀ ਜਾਵੇਗੀ ?

**ਡਾਕਟਰ ਬਲਬੀਰ ਸਿੰਘ :** ਸ੍ਰੀਮਾਨ ਜੀ, ਹਾਂ ਜੀ। ਦੁਨੇਰਾ ਪ੍ਰਾਇਮਰੀ ਹੈਲਥ ਸੈਂਟਰ ਵਿਖੇ 3.00 ਵਜੇ ਤੱਕ ਸਿਹਤ ਸਹੂਲਤਾਂ ਅਤੇ ਐਮਰਜੈਂਸੀ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ, 3.00 ਵਜੇ ਤੋਂ ਬਾਅਦ ਨਜ਼ਦੀਕੀ ਸੀ.ਐਚ.ਸੀ, ਬੁੰਗਲ ਬਧਾਨੀ ਅਤੇ ਰਣਜੀਤ ਸਾਗਰ ਡੈਮ ਹਸਪਤਾਲ, ਸ਼ਾਹਪੁਰ ਕੰਡੀ ਟਾਊਨਸ਼ਿਪ ਵਿਖੇ ਐਮਰਜੈਂਸੀ ਸੇਵਾਵਾਂ ਲੈ ਸਕਦੇ ਹਨ ਜੀ।

**ਸ੍ਰੀ ਨਰੇਸ਼ ਪੁਰੀ** : ਸਰ, ਜਵਾਬ ਤਾਂ ਆ ਗਿਆ ਹੈ।

**ਮਾਣਯੋਗ ਸਪੀਕਰ** : ਪੁਰੀ ਜੀ, ਜਵਾਬ, ਜਵਾਬ ਹੀ ਹੈ ਕਿ 'ਹਾਂ' ਵੀ ਹੈ?

**ਸ੍ਰੀ ਨਰੇਸ਼ ਪੁਰੀ**: ਨਹੀਂ, 'ਨਾਂਹ' ਵਾਲਾ ਕੰਮ ਹੀ ਹੈ ਜੀ। ਸਰ, ਐਕਚੂਅਲ ਦੁਨੇਰਾ, ਬੁੰਗਲ ਅਤੇ ਜੁਗਿਆਲ ਦਾ ਆਪਸੀ ਡਿਸਟੈਂਸ 35-36 ਕਿਲੋਮੀਟਰ ਹੈ। ਇਹ ਬਹੁਤ vast ਅਤੇ ਪਹਾੜੀ ਏਰੀਆ ਹੈ। ਇੱਥੇ ਟਰੋਮਾ ਸੈਂਟਰ ਅਤੇ ਐਮਰਜੈਂਸੀ ਦੀ ਜ਼ਰੂਰਤ ਹੈ। ਜਿਹੜਾ ਜੁਗਿਆਲ ਵਾਲਾ ਹਸਪਤਾਲ ਹੈ, ਤੁਸੀਂ ਉੱਥੇ ਵਿਜ਼ਿਟ ਕਰੋ, ਕਦੇ ਆਓ, ਦਰਸ਼ਨ ਦੇਵੋ ਜਾਂ ਮੇਰੇ ਨਾਲ ਚੱਲੋ। ਉੱਥੇ ਵੀ ਬਹੁਤ ਗੜਬੜੀ ਹੈ ਜੀ। ਸੋ, ਮੈਂ ਚਾਹੁੰਦਾ ਹਾਂ ਕਿ ਤੁਸੀਂ 10 ਬੈੱਡ ਦਾ ਹਸਪਤਾਲ ਦੁਨੇਰੇ ਦੇ ਦਿਓ ਕਿਉਂਕਿ ਉਹ ਬੜਾ isolated ਏਰੀਆ ਹੈ।

**ਮਾਣਯੋਗ ਸਪੀਕਰ** : ਪੁਰੀ ਸਾਹਿਬ, ਸਵਾਲ ਪੁੱਛੋ।

**ਸ੍ਰੀ ਨਰੇਸ਼ ਪੁਰੀ** : ਸਰ, ਮੈਂ ਤਾਂ ਇਹੀ ਸਵਾਲ ਪੁੱਛ ਰਿਹਾ ਹਾਂ ਕਿ ਦੁਨੇਰਾ ਵਿਖੇ 10 ਬੈੱਡ ਦਾ ਹਸਪਤਾਲ ਬਣਾਉਗੇ? ਕੀ ਤੁਹਾਡੀ ਉੱਥੇ 10 ਬੈੱਡ ਦਾ ਹਸਪਤਾਲ ਦੇਣ ਦੀ ਕੋਈ ਪ੍ਰਪੋਜ਼ਲ ਹੈ ਤਾਂ ਜੋ ਲੋਕਾਂ ਨੂੰ ਐਮਰਜੈਂਸੀ ਸੁਵਿਧਾ ਮਿਲ ਜਾਵੇ?

**ਮਾਣਯੋਗ ਸਪੀਕਰ**: ਮੰਤਰੀ ਜੀ, ਕੀ 10 ਬੈੱਡ ਦਾ ਹਸਪਤਾਲ ਦੇਣ ਦੀ ਕੋਈ ਪ੍ਰਪੋਜ਼ਲ ਹੈ?

**ਮੰਤਰੀ**: ਸਰ, ਦੁਨੇਰਾ ਪ੍ਰਾਇਮਰੀ ਹੈਲਥ ਸੈਂਟਰ ਹੈ, ਜਿਸ ਨੂੰ ਮੁੱਢਲਾ ਸਿਹਤ ਕੇਂਦਰ ਕਹਿੰਦੇ ਹਾਂ। ਉੱਥੇ ਡਾਕਟਰ ਵੀ ਹੈ ਅਤੇ ਉਸ ਦੇ ਨਾਲ ਸੀ.ਐਚ.ਓ. ਵੀ ਹੈ, ਮਤਲਬ 2 ਡਾਕਟਰ ਹੋ ਗਏ। ਉਸ ਵਿੱਚ ਪੂਰਾ ਸਟਾਫ ਲੱਗਾ ਹੋਇਆ ਹੈ ਅਤੇ ਲੋਕਾਂ ਨੂੰ ਸਾਰੀਆਂ ਸਰਵਿਸਿਜ਼ ਮਿਲ ਰਹੀਆਂ ਹਨ। ਸਰ, ਇਨ੍ਹਾਂ ਨੇ ਬੁੰਗਲ ਬਧਾਨੀ, ਸ਼ਾਹਪੁਰ ਕੰਢੀ ਅਤੇ ਰਣਜੀਤ ਸਾਗਰ ਡੈਮ ਦੀ ਗੱਲ ਕੀਤੀ ਹੈ। ਹੁਣ ਇੱਥੇ ਸਾਰੇ ਸਪੈਸ਼ਲਿਸਟ ਵੀ ਹਨ, ਮੈਡੀਕਲ ਅਫਸਰ ਵੀ ਹਨ ਅਤੇ 24/7 ਐਮਰਜੈਂਸੀ ਵੀ ਹੈ। ਸਰ, ਫਿਲਹਾਲ ਦੁਨੇਰਾ ਵਿੱਚ ਅਜੇ ਕੋਈ ਪ੍ਰਪੋਜ਼ਲ ਨਹੀਂ ਹੈ ਲੇਕਿਨ ਇਨ੍ਹਾਂ ਦੇ ਆਸ-ਪਾਸ ਜਿੱਥੇ ਵੀ ਹਸਪਤਾਲ ਹਨ, ਉੱਥੇ ਸਾਰੇ ਡਾਕਟਰ ਹਨ। ਅਸੀਂ 1400 ਡਾਕਟਰ ਭਰਤੀ ਕੀਤੇ ਹਨ। ਪਹਿਲਾਂ ਉੱਥੇ ਐਮ.ਓ. ਨਹੀਂ ਹੁੰਦੇ ਸਨ, ਹੁਣ ਅਸੀਂ nurses ਭਰਤੀ ਕੀਤੀਆਂ ਹਨ ਅਤੇ 672 ਨਰਸਾਂ ਹੋਰ ਆ ਰਹੀਆਂ ਹਨ। ਇਨ੍ਹਾਂ ਦੇ ਆਸ-ਪਾਸ ਜਿਹੜੇ ਤਿੰਨ ਹਸਪਤਾਲ ਹਨ, ਮੈਂ ਪਹਿਲਾਂ ਇਨ੍ਹਾਂ ਵਿੱਚ 24 ਘੰਟੇ ਵਾਲੀਆਂ ਸਰਵਿਸਿਜ਼ ਅਪਰੂਵ ਕਰਕੇ run ਕਰਾਂਗਾ। Gradually, ਉਸ ਤੋਂ ਬਾਅਦ ਇਸ ਬਾਰੇ ਸੋਚਾਂਗਾ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਠੀਕ ਹੈ, ਪੁਰੀ ਸਾਹਿਬ ਹੋ ਗਿਆ ਜੀ।

**ਸ੍ਰੀ ਨਰੇਸ਼ ਪੁਰੀ**: ਸਰ, ਜਿਸ ਤਰ੍ਹਾਂ ਤੁਸੀਂ ਕਿਹਾ ਹੈ ਉਹ ਸਿਰ ਮੱਥੇ ਪਰੰਤੂ ਸਿਚੂਏਸ਼ਨ ਉੱਥੇ ਠੀਕ ਨਹੀਂ ਹੈ। ਇੱਕ ਵਾਰ ਵਿਜ਼ਿਟ ਕਰਕੇ, ਜੋ ਉੱਥੇ ਸੁਵਿਧਾਵਾਂ ਚਾਹੀਦੀਆਂ ਹਨ, ਉਹ ਪ੍ਰੋਵਾਈਡ ਕਰਵਾ ਦਿਓ ਜੀ, ਪਲੀਜ਼।

**ਮਾਣਯੋਗ ਸਪੀਕਰ**: ਮੰਤਰੀ ਜੀ, ਕੀ ਵਿਜ਼ਿਟ ਕਰੋਗੇ?

**ਮੰਤਰੀ**: ਜ਼ਰੂਰ ਕਰਾਂਗਾ ਜੀ, ਬਿਲਕੁਲ ਕਰਾਂਗਾ। ਵਿਜ਼ਿਟ ਕਰਾਂਗਾ ਅਤੇ ਇਨ੍ਹਾਂ ਨੂੰ ਨਾਲ ਲੈ ਕੇ ਜਾਵਾਂਗਾ।

**ਮਾਣਯੋਗ ਸਪੀਕਰ**: ਪੁਰੀ ਜੀ, ਇਨ੍ਹਾਂ ਨੇ ਹੁਣ ਜਵਾਬ 'ਹਾਂ' ਵਿੱਚ ਦਿੱਤਾ ਹੈ।

**ਮੰਤਰੀ**: ਹਾਂ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ।

-------

## WELCOME ANNOUNCEMENT BY THE HON'BLE SPEAKER

**Mr. Speaker :** Woodstock Public Senior Secondary School, Batala ਦੇ ਬੱਚੇ ਵੀ ਅੱਜ ਹਾਊਸ ਦੀ ਕਾਰਵਾਈ ਦੇਖਣ ਆਏ ਹਨ। ਆਓ, ਉਨ੍ਹਾਂ ਨੂੰ 'ਜੀ ਆਇਆਂ' ਕਹੀਏ।(ਥੰਪਿੰਗ)

-------

## STARRED QUESTIONS AND ANSWERS (*Resumption*)

### ਹਲਕਾ ਸ਼ੁਤਰਾਣਾ/ਪਾਤੜਾਂ ਵਿਖੇ ਲੜਕੀਆਂ ਦਾ ਸਰਕਾਰੀ ਕਾਲਜ ਖੋਲ੍ਹਣਾ

***1827. ਸਰਦਾਰ ਕੁਲਵੰਤ ਸਿੰਘ ਬਾਜੀਗਰ**: ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਾਤੜਾਂ ਵਿਖੇ ਲੜਕੀਆਂ ਦਾ ਕੋਈ ਕਾਲਜ ਨਹੀਂ ਹੈ, ਜਿਸ ਕਾਰਨ ਬੱਚੀਆਂ ਨੂੰ ਉਚੇਰੀ ਸਿੱਖਿਆ ਲਈ ਹਲਕੇ ਤੋਂ ਬਾਹਰ ਦੂਰ-ਦੁਰਾਡੇ ਜਾਣਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਹਲਕਾ ਸ਼ੁਤਰਾਣਾ/ਪਾਤੜਾਂ ਵਿਖੇ ਲੜਕੀਆਂ ਦਾ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਸ ਤੇ ਅਮਲ ਹੋ ਜਾਵੇਗਾ ?

**ਸਰਦਾਰ ਹਰਜੋਤ ਸਿੰਘ ਬੈਂਸ**: ਨਹੀਂ ਜੀ। ਅਜਿਹੀ ਕੋਈ ਵੀ ਤਜਵੀਜ਼ ਵਿਭਾਗ ਦੇ ਵਿਚਾਰ ਅਧੀਨ ਨਹੀ ਹੈ।

ਸਰ, ਆਲਰੇਡੀ ਪਾਤੜਾਂ ਦੇ ਨਿਆਲਾ ਪਿੰਡ ਵਿੱਚ ਕੀਰਤੀ ਸਰਕਾਰੀ ਕਾਲਜ ਚੱਲ ਰਿਹਾ ਹੈ ਜੋ ਪਾਤੜਾਂ ਸ਼ਹਿਰ ਤੋਂ ਲਗਭਗ 2 ਕਿਲੋਮੀਟਰ ਦੂਰ ਹੈ ਮਤਲਬ ਸ਼ਹਿਰ ਵਿੱਚ ਹੀ ਹੈ ਅਤੇ ਸ਼ੁਤਰਾਣੇ ਤੋਂ ਲਗਭਗ 10 ਕਿਲੋਮੀਟਰ ਦੂਰ ਹੈ। ਇੱਥੇ 987 ਬੱਚੇ ਪੜ੍ਹਦੇ ਹਨ, ਜਿਨ੍ਹਾਂ ਵਿੱਚੋਂ 497 ਲੜਕੀਆਂ ਹਨ ਪਰ ਕਿਉਂਕਿ ਮਾਣਯੋਗ ਵਿਧਾਇਕ ਸਾਹਿਬ ਖਾਸ ਕਰਕੇ ਵਿੱਦਿਆ ਨੂੰ ਲੈ ਕੇ, ਸਿੱਖਿਆ ਨੂੰ ਲੈ ਕੇ, ਚਾਹੇ ਸਕੂਲਾਂ ਅਤੇ ਕਾਲਜਾਂ ਦੀ ਗੱਲ ਹੋਵੇ ਤਾਂ ਬੜੇ pushing ਹਨ ਤਾਂ ਆਪਾਂ ਇੱਕ ਕੰਮ ਜ਼ਰੂਰ ਕਰ ਸਕਦੇ ਹਾਂ ਕਿ ਇਸੇ ਕਾਲਜ ਵਿੱਚ ਆਪਾਂ new age courses ਸ਼ੁਰੂ ਕਰਵਾ ਸਕਦੇ ਹਾਂ। ਹਾਲੇ, ਇੱਥੇ ਸਿਰਫ ਬੀ.ਏ., ਬੀ.ਕਾਮ, ਬੀ.ਸੀ.ਏ., ਪੀ.ਜੀ.ਡੀ.ਸੀ.ਏ., ਐਮ.ਐਸ.ਸੀ. ਆਈ.ਟੀ. ਦੇ ਕੋਰਸ ਹਨ, ਜੋ ਕਿ ਲੇਟਰਲ ਐਂਟਰੀ ਹੈ but ਹੁਣ ਨਵਾਂ ਜ਼ਮਾਨਾ ਹੈ ਅਤੇ ਅਸੀਂ ਬਹੁਤ ਸਾਰੇ ਨਵੇਂ ਕੋਰਸਿਜ਼ ਦੀ ਜ਼ਰੂਰ ਸ਼ੁਰੂਆਤ ਕਰਵਾ ਸਕਦੇ ਹਾਂ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਸਰਦਾਰ ਕੁਲਵੰਤ ਸਿੰਘ ਜੀ, ਆਹ ਤੁਸੀਂ 'ਸਰੈਂਡਰ ਮੋਦੀ' ਕੀ ਲਿਖਿਆ ਹੈ?

**ਸਰਦਾਰ ਕੁਲਵੰਤ ਸਿੰਘ ਬਾਜੀਗਰ**: ਇਹੀ ਸਰ, ਜਿਹੜਾ ਤੁਸੀਂ ਪਹਿਲਾਂ ਸਾਰਿਆਂ ਨੂੰ ਚੁੱਪ ਕਰਵਾ ਦਿੱਤਾ ਸੀ।

**ਮਾਣਯੋਗ ਸਪੀਕਰ**: ਕੀ ਲਿਖਿਆ ਹੈ, ਪੜ੍ਹ ਕੇ ਦੱਸਿਓ।

**ਸਰਦਾਰ ਕੁਲਵੰਤ ਸਿੰਘ ਬਾਜੀਗਰ**: ਇਹ ਲਿਖਿਆ ਹੈ ਜੀ - *'ਨਰਿੰਦਰ ਮੋਦੀ ਨੇ ਕੀਤਾ ਸਰੈਂਡਰ, ਗਾਇਬ ਹੋਇਆ ਗੈਸ ਸਿਲੰਡਰ'*।

**ਮਾਣਯੋਗ ਸਪੀਕਰ**: ਵੈਸੇ, ਇਹ ਗੈਸ ਸਿਲੰਡਰ ਦੀ ਬਹੁਤ ਵੱਡੀ ਪ੍ਰਾਬਲਮ ਹੈ। ਗਰੀਬ ਲੋਕ ਜਿਹੜੇ ਚਾਹ ਵੇਚ ਕੇ ਕੰਮ ਕਰਦੇ ਸਨ, ਰੇਹੜੀਆਂ ਚਲਾਉਂਦੇ ਸੀ, ਛੋਟੇ-ਛੋਟੇ ਰੈਸਟੋਰੈਂਟ ਚਲਾਉਂਦੇ ਹਨ, ਉਨ੍ਹਾਂ ਲਈ ਇਹ ਗੈਸ ਸਿਲੰਡਰ ਵਾਲੀ ਬੜੀ ਵੱਡੀ ਪ੍ਰਾਬਲਮ ਹੈ। ਠੀਕ ਹੈ ਜੀ। ਹਾਂ ਜੀ, ਤੁਸੀਂ ਆਪਣੀ ਗੱਲ ਕਰੋ।

**ਸਰਦਾਰ ਕੁਲਵੰਤ ਸਿੰਘ ਬਾਜੀਗਰ**: ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਵਾਕਿਆ ਹੀ ਸਕੂਲਾਂ ਲਈ ਮਾਨ ਸਾਹਿਬ ਦੀ ਸਰਕਾਰ ਨੇ ਬਹੁਤ ਕੰਮ ਕੀਤੇ ਹਨ, ਮੰਤਰੀ ਸਾਹਿਬ ਨੇ ਬਹੁਤ

ਕੰਮ ਕੀਤਾ ਹੈ ਅਤੇ full ਪੈਸਾ ਵੀ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਲੜਕੀਆਂ ਲਈ ਉਚੇਰੀ ਸਿੱਖਿਆ ਸਬੰਧੀ ਮੰਗ ਇਸ ਲਈ ਕਰ ਰਿਹਾ ਹਾਂ ਕਿ ਮਹਿਲਾਵਾਂ ਲਈ ਬਹੁਤ ਕੁਝ ਕੀਤਾ ਗਿਆ ਹੈ। ਸਾਡਾ ਹਲਕਾ ਹਰਿਆਣਾ ਦੇ ਬਾਰਡਰ ਦੇ ਨਾਲ ਲੱਗਦਾ ਹੈ।

**ਮਾਣਯੋਗ ਸਪੀਕਰ**: ਸਵਾਲ ਪੁੱਛ ਲਵੋ ਜੀ।

**ਸਰਦਾਰ ਕੁਲਵੰਤ ਸਿੰਘ ਬਾਜੀਗਰ**: ਮੈਂ ਤਾਂ ਇਹ ਹੀ ਕਹਿਣਾ ਚਾਹੁੰਦਾ ਹਾਂ ਕਿ ਉੱਥੇ ਜਿਹੜਾ ਨਿਆਲਾ ਪਿੰਡ ਵਿਖੇ ਸਰਕਾਰੀ ਕੀਰਤੀ ਕਾਲਜ ਹੈ, ਉਸ ਨੂੰ ਅੱਪਗ੍ਰੇਡ ਕਰ ਦਿੱਤਾ ਜਾਵੇ ਅਤੇ ਉੱਥੇ ਉਚੇਰੀ ਸਿੱਖਿਆ ਦਾ ਪ੍ਰਬੰਧ ਕਰ ਦਿੱਤਾ ਜਾਵੇ। ਸਪੀਕਰ ਸਾਹਿਬ, ਉੱਥੇ ਕਈ ਐਸੇ ਪਰਿਵਾਰ ਹਨ, ਜਿਨ੍ਹਾਂ ਨੇ ਉਹ ਸਕੂਲ ਦਸਵੀਂ ਜਾਂ ਬਾਰ੍ਹਵੀਂ ਤੱਕ ਦਾ ਹੋਣ ਕਰਕੇ ਉਸ ਤੋਂ ਬਾਅਦ ਬੱਚੀਆਂ ਨੂੰ ਅੱਗੇ ਪੜ੍ਹਨ ਲਈ ਨਹੀਂ ਭੇਜਿਆ। ਮੇਰਾ ਸਵਾਲ ਹੈ ਕਿ ਉੱਥੇ ਕੁੜੀਆਂ ਲਈ ਕਾਲਜ ਬਣਾ ਦਿਉ, ਮੈਨੂੰ ਜਵਾਬ ਨਾ ਦਿਉ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਮੰਤਰੀ ਜੀ, ਕੀ ਤੁਸੀਂ ਉੱਥੇ ਕੁੜੀਆਂ ਦਾ ਕਾਲਜ ਬਣਾਉਗੇ?

**ਮੰਤਰੀ**: ਸਪੀਕਰ ਸਾਹਿਬ, ਮੈਂ ਆਪਣੇ ਜਵਾਬ ਵਿੱਚ ਬੜੀ ਕਲੀਅਰਲੀ ਦੱਸ ਚੁੱਕਿਆ ਹਾਂ ਅਤੇ ਮੈਂ ਵਿਧਾਇਕ ਸਾਹਿਬ ਨਾਲ ਆਪ ਬੈਠ ਕੇ ਇਸ ਬਾਰੇ ਡਿਸਕਸ ਵੀ ਕਰਾਂਗਾ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀਮਤੀ ਅਰੁਨਾ ਚੌਧਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਸਾਥੀਆਂ ਦੇ ਸਵਾਲ ਰਹਿ ਜਾਣੇ ਹਨ।

**ਸ਼੍ਰੀਮਤੀ ਅਰੁਨਾ ਚੌਧਰੀ**: ਸਰ, ਮੈਂ ਵੀ ਕਾਲਜ ਬਾਰੇ ਹੀ ਗੱਲ ਕਰਨੀ ਹੈ।

**ਮਾਣਯੋਗ ਸਪੀਕਰ**: ਹਾਂ ਜੀ, ਦੱਸੋ।

**ਸ਼੍ਰੀਮਤੀ ਅਰੁਨਾ ਚੌਧਰੀ**: ਧੰਨਵਾਦ ਜੀ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਮੇਰੇ ਇਲਾਕੇ ਸਿਧਪੁਰ ਦੇ ਦੀਨਾਨਗਰ ਵਿੱਚ ਕੋਈ ਵੀ ਡਿਗਰੀ ਕਾਲਜ ਨਹੀਂ ਹੈ। ਇੱਕ ਡਿਗਰੀ ਕਾਲਜ ਸਿਧਪੁਰ ਵਿੱਚ 8 ਏਕੜ ਵਿੱਚ ਖੋਲ੍ਹਿਆ ਗਿਆ ਹੈ। ਉੱਥੇ 10 ਪੋਸਟਾਂ ਸੈਂਕਸ਼ਨਡ ਹਨ ਪਰ ਇੱਕ ਵੀ ਪੋਸਟ ਭਰੀ ਨਹੀਂ ਗਈ ਹੈ। ਉੱਥੇ 60-70 ਬੱਚੇ ਪੜ੍ਹਦੇ ਸੀ, ਜੋ ਕਿ ਪਿਛਲੇ ਸਾਲ 19 ਰਹਿ ਗਏ ਹਨ। ਮੈਂ ਪਿਛਲੇ ਸਾਲ ਇਨ੍ਹਾਂ ਨੂੰ ਸਵਾਲ ਕੀਤਾ ਸੀ ਅਤੇ ਇਨ੍ਹਾਂ ਨੇ ਮੇਰੇ ਨਾਲ ਵਾਅਦਾ ਕੀਤਾ ਸੀ ਕਿ ਬਹੁਤ ਜਲਦ ਉੱਥੇ ਪਰਮਾਨੈਂਟ ਸਟਾਫ ਦਿੱਤਾ ਜਾਵੇਗਾ। ਸਰ, ਬੱਚਿਆਂ ਦੇ ਭਵਿੱਖ ਦਾ ਸਵਾਲ ਹੈ। ਬੱਚਿਆਂ ਨੇ ਵੀ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਉੱਥੇ ਜਲਦੀ ਪਰਮਾਨੈਂਟ ਲੈਕਚਰਾਰ ਅਤੇ ਦੂਸਰਾ ਸਟਾਫ ਦਿੱਤਾ ਜਾਵੇ।

-------

## ਰਜਿਸਟਰੀ ਸਮੇਂ ਹੀ ਮਾਲਕੀ ਵਿਅਕਤੀ ਦੇ ਨਾਮ ਤੇ ਕਰਨਾ

***1840. ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ** : ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੂਬੇ ਵਿੱਚ ਜ਼ਮੀਨ ਮਾਲਕਾਂ ਵੱਲੋਂ ਜ਼ਮੀਨ ਖਰੀਦ ਕੇ ਆਪਣਾ ਨਾਮ ਜਮ੍ਹਾਂਬੰਦੀ ਵਿੱਚ ਦਰਜ ਨਹੀਂ ਕਰਵਾਇਆ ਜਾਂਦਾ ਹੈ, ਜਿਸ ਨਾਲ ਕਈ ਵਾਰੀ ਬਾਹਰੀ ਵਿਅਕਤੀ ਉਸ ਜ਼ਮੀਨ ਉੱਤੇ ਕਬਜ਼ਾ ਕਰ ਲੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਗਿਰਦਾਵਰੀ ਨੂੰ ਖਤਮ ਕਰਕੇ ਰਜਿਸਟਰੀ ਦੇ ਸਮੇਂ ਹੀ ਮਾਲਕੀ ਵਿਅਕਤੀ ਦੇ ਨਾਮ ਤੇ ਪੂਰੇ ਤਰੀਕੇ ਨਾਲ ਕੀਤੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਦੀਪ ਸਿੰਘ ਮੁੰਡੀਆਂ**: ਸ਼੍ਰੀਮਾਨ ਜੀ, ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਇਸ ਸਬੰਧੀ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਕਿ ਜਿਹੜੀ ਵੀ ਰਜਿਸਟਰੀ ਕਰਵਾਈ ਜਾਂਦੀ ਹੈ, ਉਸ ਦੀ ਕਾਪੀ 24 ਘੰਟੇ ਦੇ ਅੰਦਰ-ਅੰਦਰ ਸਬ-ਰਜਿਸਟਰਾਰ, ਜੁਆਇੰਟ ਸਬ-ਰਜਿਸਟਰਾਰ ਵੱਲੋਂ ਹਲਕਾ ਪਟਵਾਰੀ ਦੇ ਲਾਗਿਨ ਵਿੱਚ ਭੇਜੀ ਜਾਵੇ ਅਤੇ ਹਲਕਾ ਪਟਵਾਰੀ ਦੁਆਰਾ ਉਸ ਰਜਿਸਟਰੀ ਦਾ ਇੰਤਕਾਲ ਦਰਜ ਕਰਨ ਉਪਰੰਤ ਸਬੰਧਤ ਤਹਿਸੀਲਦਾਰ/ਨਾਇਬ ਤਹਿਸੀਲਦਾਰ ਵੱਲੋਂ ਉਸ ਇੰਤਕਾਲ ਦਾ ਫੈਸਲਾ 30 ਦਿਨਾਂ ਦੇ ਅੰਦਰ-ਅੰਦਰ ਕੀਤਾ ਜਾਵੇ। ਡਿਪਟੀ ਕਮਿਸ਼ਨਰਾਂ ਨੂੰ ਇਹ ਵੀ ਹਦਾਇਤ ਕੀਤੀ ਗਈ ਹੈ ਕਿ ਇੰਤਕਾਲਾਂ ਦੀ ਮਿਤੀ-ਬੱਧ ਸਮੀਖਿਆ ਕਰਕੇ ਉਪਰੋਕਤ ਉਪਬੰਧ ਅਤੇ ਹਦਾਇਤਾਂ ਦਾ ਅਮਲ ਯਕੀਨੀ ਬਣਾਇਆ ਜਾਵੇ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ:** ਸਰ, ਮੈਂ ਕਿਹਾ ਸੀ ਕਿ ਰਜਿਸਟਰੀ ਦੇ ਸਮੇਂ ਪੰਜਾਬ ਲੈਂਡ ਰੈਵੀਨਿਊ ਐਕਟ, 1887 ਦੇ ਪ੍ਰੋਵੀਜ਼ਨ ਮੁਤਾਬਿਕ ਜਦੋਂ ਰਜਿਸਟਰੀ ਹੁੰਦੀ ਹੈ ਤਾਂ ਰਜਿਸਟਰੀ ਤੋਂ 15 ਦਿਨਾਂ ਦੇ ਵਿੱਚ ਵਿੱਚ ਇੰਤਕਾਲ ਹੋ ਜਾਣਾ ਚਾਹੀਦਾ ਹੈ।

**ਮਾਣਯੋਗ ਸਪੀਕਰ**: ਬਿਲਕੁਲ ਠੀਕ ਹੈ ਜੀ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ:** ਮੰਤਰੀ ਸਾਹਿਬ ਨੇ ਕਹਿ ਵੀ ਦਿੱਤਾ ਹੈ ਕਿ ਮੈਂ ਅੱਜ ਤੋਂ ਸਾਰੇ ਅਫਸਰ ਸਾਹਿਬਾਨਾਂ ਨੂੰ ਆਰਡਰ ਕਰ ਹੀ ਦਿੱਤਾ ਹੈ ਅਤੇ ਇਹ ਇੰਪਲੀਮੈਂਟ ਹੋ ਜਾਵੇਗਾ। ਇਸ ਗੱਲ ਲਈ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ।

**ਮਾਣਯੋਗ ਸਪੀਕਰ**: ਠੀਕ ਹੈ ਜੀ, ਤੁਸੀਂ ਧੰਨਵਾਦ ਲੈ ਲਵੋ।

**ਮੰਤਰੀ**: ਠੀਕ ਹੈ ਜੀ, ਧੰਨਵਾਦ ਲੈ ਲਿਆ।

--------

## ਹਲਕਾ ਰਾਮਪੁਰਾ ਫੂਲ ਵਿਖੇ ਬਠਿੰਡਾ ਚੰਡੀਗੜ੍ਹ ਨੈਸ਼ਨਲ ਹਾਈਵੇ ਤੇ ਬ੍ਰਿਜ ਬਣਾਉਣਾ

***1844. ਸ਼੍ਰੀ ਬਲਕਾਰ ਸਿੰਘ ਸਿੱਧੂ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਰਾਮਪੁਰਾ ਫੂਲ ਵਿਖੇ ਬਠਿੰਡਾ ਚੰਡੀਗੜ੍ਹ ਨੈਸ਼ਨਲ ਹਾਈਵੇਅ ਮੌੜ ਚੌਕ ਅਤੇ ਟੀ-ਪੁਆਇੰਟ ਬੱਸ ਸਟੈਂਡ ਤੇ ਅਕਸਰ ਗੰਭੀਰ ਸੜਕ ਹਾਦਸੇ ਵਾਪਰਦੇ ਰਹਿੰਦੇ ਹਨ; ਜੇਕਰ ਅਜਿਹਾ ਹੈ ਤਾਂ ਉਕਤ ਸਥਾਨ ਤੇ ਫਲਾਈਓਵਰ/ਬ੍ਰਿਜ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ** : ਹਲਕਾ ਰਾਮਪੁਰਾ ਫੂਲ ਵਿੱਚੋਂ ਲੰਘਦਾ ਐਨ.ਐਚ ਬਠਿੰਡਾ-ਚੰਡੀਗੜ੍ਹ (NH-07) NHAI ਦੇ ਅਧੀਨ ਹੈ। ਹਲਕਾ ਰਾਮਪੁਰਾ ਫੂਲ ਵਿਖੇ ਮੌੜ ਚੌਕ ਅਤੇ ਟੀ-ਪੁਆਇੰਟ ਬੱਸ ਸਟੈਂਡ ਤਪਾ-ਬਠਿੰਡਾ ਸੈਕਸ਼ਨ NH-07 ਉਪਰ ਸਥਿਤ ਹਨ। ਸੜਕ ਦਾ ਨਿਰਮਾਣ ਲੋਕ ਨਿਰਮਾਣ ਵਿਭਾਗ ਵੱਲੋਂ ਕੀਤਾ ਗਿਆ ਸੀ ਅਤੇ ਬਾਅਦ ਵਿੱਚ NHAI ਦੇ ਹਵਾਲੇ ਕਰ ਦਿੱਤਾ ਗਿਆ ਸੀ।

ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ ਥਾਵਾਂ ਉੱਤੇ Short Term ਸੁਰੱਖਿਆ ਪ੍ਰਬੰਧ ਜਿਵੇਂ ਕਿ NH-07 ਅਤੇ NH-254 ਦੀ Y-ਜੰਕਸ਼ਨ (ਮੌੜ ਚੌਕ) ਤੇ Median ਨੂੰ ਬੰਦ ਕਰਨ, ਰੰਬਲ ਸਟਰਿਪਸ ਲਗਾਉਣਾ, ਸੋਲਰ ਬਲਿੰਕਰ, ਸੁਰੱਖਿਆ ਸਾਈਨੇਜ਼ ਲਗਾਉਣਾ, ਸਪੀਡ ਲਿਮਿਟ ਦੇ ਬੋਰਡ ਲਗਾਉਣਾ ਅਤੇ ਸਟਰੀਟ ਲਾਈਟ ਆਦਿ ਦੇ ਕੰਮ ਕੀਤੇ ਗਏ ਹਨ। ਇਨ੍ਹਾਂ ਥਾਵਾਂ ਤੇ ਭਾਰਤ ਸਰਕਾਰ ਦੇ ਸੜਕੀ ਆਵਾਜਾਈ ਅਤੇ ਹਾਈਵੇਅ ਮੰਤਰਾਲਾ, ਨਵੀਂ ਦਿੱਲੀ ਵਲੋਂ ਚਿੰਨ੍ਹਤ ਬਲੈਕ ਸਪਾਟ ਅਤੇ ਸਥਾਈ ਤੌਰ ਤੇ ਬਲੈਕ ਸਪਾਟਸ ਨੂੰ ਸੁਧਾਰਨ ਲਈ ਕੰਸਲਟੈਂਟ ਦੀ ਨਿਯੁਕਤੀ NHAI ਵੱਲੋਂ ਕੀਤੀ ਜਾ ਰਹੀ ਹੈ। ਟੈਂਡਰ ਪ੍ਰਾਪਤ ਕਰਨ ਉਪਰੰਤ NHAI ਵੱਲੋਂ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

**ਮਾਣਯੋਗ ਸਪੀਕਰ**: ਸਿੱਧੂ ਸਾਹਿਬ ਕੋਈ ਸਪਲੀਮੈਂਟਰੀ ਹੈ?

**ਸ਼੍ਰੀ ਬਲਕਾਰ ਸਿੰਘ ਸਿੱਧੂ** : ਹਾਂ ਜੀ। ਜਿਹੜਾ ਜਵਾਬ ਵਿੱਚ ਦੱਸਿਆ ਗਿਆ ਹੈ ਕਿ ਉੱਥੇ ਸਪੀਡ ਬ੍ਰੇਕਰ ਲੱਗੇ ਹਨ ਜਾਂ ਸਾਈਨ ਬੋਰਡ ਲੱਗੇ ਹਨ ਪਰ ਕੁਝ ਵੀ ਨਹੀਂ ਲੱਗਿਆ ਹੈ। ਮੈਂ ਇਸ ਸਬੰਧੀ ਕਈ ਵਾਰ ਡੀ.ਸੀ. ਸਾਹਿਬ ਨੂੰ ਵੀ ਬੇਨਤੀ ਕੀਤੀ ਹੈ ਕਿ ਉਹ ਡਿਵਾਈਡਰ ਥੋੜ੍ਹਾ ਚੌੜਾ ਕੀਤਾ ਜਾਵੇ ਤਾਂ ਜੋ ਐਕਸੀਡੈਂਟ ਨਾ ਹੋਣ। ਸਰ, ਉੱਥੇ ਹਰ ਰੋਜ਼ ਐਕਸੀਡੈਂਟ ਹੋ ਰਹੇ ਹਨ। ਸਰ, ਪਹਿਲੀ ਗੱਲ ਇਹ ਹੈ ਕਿ ਫਲਾਈਓਵਰ ਬਣਨਾ ਚਾਹੀਦਾ ਹੈ ਅਤੇ ਇਹ ਜ਼ਰੂਰ ਹੋਵੇ ਕਿ ਡਿਵਾਈਡਰ ਥੋੜ੍ਹੇ ਚੌੜੇ ਹੋ ਜਾਣ ਤਾਂ ਹੀ ਐਕਸੀਡੈਂਟ ਤੋਂ ਬਚ ਸਕਦੇ ਹਨ।

**ਮਾਣਯੋਗ ਸਪੀਕਰ** : ਮੰਤਰੀ ਜੀ, ਮੇਰਾ ਸਿੱਧੂ ਸਾਹਿਬ ਨਾਲ ਖਾਸ ਪਿਆਰ ਹੈ। ਜਿਹੜੇ ਇਹ ਕੰਮ ਕਹਿ ਰਹੇ ਹਨ, ਇਹ ਕਿੰਨੀ ਦੇਰ ਤੱਕ ਕਰ ਦਿੱਤੇ ਜਾਣਗੇ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਇਸ ਰੋਡ ਉੱਤੇ ਕਾਫੀ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ, ਜਿਵੇਂ NH-07 ਅਤੇ NH-254 ਦੀ Y-ਜੰਕਸ਼ਨ ਤੇ ਜਿਹੜਾ Median ਸੀ, ਉਸ ਨੂੰ ਬੰਦ ਕਰ ਦਿੱਤਾ ਗਿਆ ਹੈ। ਰੰਬਲ ਸਟਰਿਪਸ ਲਗਾਏ ਗਏ ਹਨ। ਸੋਲਰ ਬਲਿੰਕਰ, ਸੁਰੱਖਿਆ ਸਾਈਨੇਜ਼, ਸਪੀਡ ਲਿਮਿਟ ਦੇ ਬੋਰਡ ਅਤੇ ਸਟਰੀਟ ਲਾਈਟ ਆਦਿ

ਦੇ ਕੰਮ ਕੀਤੇ ਗਏ ਹਨ। ਸਰ, ਰਾਹਗੀਰਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਲੌਂਗ ਟਰਮ ਵਿੱਚ ਉਕਤ ਥਾਵਾਂ ਉੱਤੇ ਬਲੈਕ ਸਪਾਟਸ ਨੂੰ ਸੁਧਾਰਨ ਲਈ ਕੰਸਲਟੈਂਟ ਦੀ ਨਿਯੁਕਤੀ NHAI ਵੱਲੋਂ ਕੀਤੀ ਜਾ ਰਹੀ ਹੈ। ਇਸ ਦੇ ਟੈਂਡਰ ਫਲੋਟ ਹੋ ਚੁੱਕੇ ਹਨ, ਪਰਸੋਂ ਮਿਤੀ 18 ਮਾਰਚ, 2026 ਨੂੰ ਟੈਂਡਰ ਖੁੱਲ੍ਹ ਰਹੇ ਹਨ ਅਤੇ ਉੱਥੇ ਸੁਰੱਖਿਆ ਦੇ ਹਰ ਪ੍ਰਬੰਧ ਕਰ ਦਿੱਤੇ ਜਾਣਗੇ।

**ਮਾਣਯੋਗ ਸਪੀਕਰ** : ਠੀਕ ਹੈ, ਸਿੱਧੂ ਸਾਹਿਬ?

**ਸ੍ਰੀ ਬਲਕਾਰ ਸਿੰਘ ਸਿੱਧੂ** : ਵੈਸੇ ਇਹ ਕੰਮ ਲਿਖੇ ਹੀ ਹਨ ਪਰ ਉੱਥੇ ਕੁਝ ਵੀ ਨਹੀਂ ਹੋਇਆ ਹੈ।

**ਮੰਤਰੀ** : ਸਰ, ਜਿਹੜਾ Median ਸੀ, ਜਿਸ ਕਰਕੇ ਐਕਸੀਡੈਂਟ ਹੁੰਦੇ ਸਨ, ਉਸ ਨੂੰ ਬੰਦ ਕਰ ਦਿੱਤਾ ਗਿਆ ਹੈ। ਰੰਬਲ ਸਟਰਿਪਸ ਲਗਾਏ ਜਾ ਚੁੱਕੇ ਹਨ। ਸੋਲਰ ਬਲਿੰਕਰ ਲੱਗ ਚੁੱਕੇ ਹਨ। ਜੇਕਰ ਕੋਈ ਹੋਰ ਗੱਲ ਮਾਣਯੋਗ ਮੈਂਬਰ ਸਾਹਿਬ ਦੇ ਧਿਆਨ ਵਿੱਚ ਹੈ ਤਾਂ ਮੈਂ ਉੱਥੇ ਪਰਸਨਲ ਵਿਜ਼ਿਟ ਕਰ ਲਵਾਂਗਾ। ਲੋਕਾਂ ਦੀ ਸੁਰੱਖਿਆ ਸਾਡੇ ਲਈ ਬਹੁਤ ਮਹੱਤਵਪੂਰਨ ਹੈ। ਅਸੀਂ ਇਸ ਨੂੰ ਕਿਸੇ ਵੀ ਕੀਮਤ ਤੇ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਜੇਕਰ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖ ਕੇ ਕੋਈ ਹੋਰ ਵੀ ਕੰਮ ਕਰਨਾ ਪਵੇ ਤਾਂ ਡੈਫੀਨੇਟਲੀ ਕਰਾਂਗੇ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਸਿੱਧੂ ਸਾਹਿਬ, ਠੀਕ ਹੈ। ਹੋ ਗਿਆ, ਹੁਣ ਬੈਠੋ। ਹਾਂ ਜੀ, ਸਰਦਾਰ ਲਾਭ ਸਿੰਘ ਉਗੋਕੇ।

---------

## ਬਿਜਲੀ ਦੇ ਖੰਭੇ ਲਗਾਉਣ ਲਈ ਨੀਤੀ ਬਣਾਉਣਾ

***1836. ਸਰਦਾਰ ਲਾਭ ਸਿੰਘ ਉਗੋਕੇ**: ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਿਜਲੀ ਵਿਭਾਗ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਨੂੰ ਤਾਰਾਂ ਰਾਹੀਂ ਬਿਜਲੀ ਦੀ ਸਪਲਾਈ ਪਹੁੰਚਾਉਣ ਲਈ ਬਿਜਲੀ ਦੇ ਖੰਭੇ ਬਿਨਾਂ ਕਿਸੇ ਜਾਣਕਾਰੀ ਲਏ ਕਿਸੇ ਦੀ ਵੀ ਮਲਕੀਅਤ ਵਿੱਚ ਬਿਨਾਂ ਮਾਲਕ ਦੀ ਆਗਿਆ ਤੋਂ ਲਗਾ ਦਿੱਤੇ ਜਾਂਦੇ ਹਨ ਅਤੇ ਮਾਲਕ ਵੱਲੋਂ ਜੇਕਰ ਉਨ੍ਹਾਂ ਨੂੰ ਹਟਾਉਣ ਲਈ ਕਿਹਾ ਜਾਂਦਾ ਹੈ ਤਾਂ ਮਹਿਕਮੇ ਵੱਲੋਂ ਫੀਸ ਭਰਵਾਈ ਜਾਂਦੀ ਹੈ; ਜੇਕਰ ਅਜਿਹਾ ਹੈ ਤਾਂ ਇਸ ਸਬੰਧੀ ਕੋਈ ਨੀਤੀ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ੍ਰੀ ਸੰਜੀਵ ਅਰੋੜਾ**: ਪੀ.ਐਸ.ਪੀ.ਸੀ.ਐਲ. ਵੱਲੋਂ ਕੰਮ ਤਕਨੀਕੀ ਆਧਾਰ ਨੂੰ ਮੁੱਖ ਰੱਖਦੇ ਹੋਏ ਕਲੀਅਰੈਂਸ ਰੱਖ ਕੇ ਕੀਤਾ ਜਾਂਦਾ ਹੈ ਕਿਉਂਕਿ ਪੀ.ਐਸ.ਪੀ.ਸੀ.ਐਲ. ਇੱਕ ਤਕਨੀਕੀ ਅਦਾਰਾ ਹੈ ਜੋ ਕਿ ਖਪਤਕਾਰਾਂ ਨੂੰ ਨਿਰੰਤਰ ਬਿਜਲੀ ਸਪਲਾਈ ਦੇਣ ਲਈ ਵਚਨਬੱਧ ਹੈ ਅਤੇ ਕੰਮ ਕਰਨ ਵੇਲੇ ਜ਼ਮੀਨ ਦੇ ਮਾਲਕਾਂ ਤੋਂ ਕੋਈ ਸਹਿਮਤੀ ਨਹੀਂ ਲਈ ਜਾਂਦੀ।

ਪੀ.ਐਸ.ਪੀ.ਸੀ.ਐਲ. ਵੱਲੋਂ ਜਦੋਂ ਵੀ ਕਿਸੇ ਨਵੀਂ ਲਾਈਨ ਦੀ ਉਸਾਰੀ ਕੀਤੀ ਜਾਂਦੀ ਹੈ ਤਾਂ ਇਸ ਗੱਲ ਦਾ ਧਿਆਨ ਰੱਖਿਆ ਜਾਂਦਾ ਹੈ ਕਿ ਕੋਈ ਵੀ ਬਿਜਲੀ ਦਾ ਖੰਭਾ ਕਿਸੇ ਦੀ ਵੀ ਚਾਰਦੀਵਾਰੀ ਵਿੱਚ ਨਾ ਲੱਗੇ ਅਤੇ ਖਾਲੀ ਉਪਲਬਧ ਜਗ੍ਹਾ ਵਿੱਚ ਹੀ ਲਗਾਇਆ ਜਾਂਦਾ ਹੈ। ਜਿਥੇ ਖਾਲੀ ਜਗ੍ਹਾ ਤੇ ਪੀ.ਐਸ.ਪੀ.ਸੀ.ਐਲ. ਵੱਲੋਂ ਲਾਈਨਾਂ ਪਹਿਲਾਂ ਖਿੱਚੀਆਂ

ਗਈਆਂ ਸਨ ਅਤੇ ਬਾਅਦ ਵਿੱਚ ਲੋਕਾਂ ਵੱਲੋਂ ਇਨ੍ਹਾਂ ਦੇ ਹੇਠ ਅਣਅਧਿਕਾਰਤ ਤੌਰ ਤੇ ਉਸਾਰੀ/ਚਾਰਦੀਵਾਰੀ ਕਰ ਲਈ ਜਾਂਦੀ ਹੈ, ਉਨ੍ਹਾਂ ਬਿਨੈਕਾਰਾਂ ਦੀ ਬੇਨਤੀ ਉਤੇ ਇਨ੍ਹਾਂ ਲਾਈਨਾਂ, ਬਿਜਲੀ ਦੇ ਖੰਭਿਆਂ ਨੂੰ ਮੌਕੇ ਦਾ ਨਿਰੀਖਣ ਕਰਨ ਉਪਰੰਤ ਲੋੜੀਂਦੇ ਸਾਜੋ-ਸਮਾਨ ਦੀ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ, ਪਾਸ ਹੋਇਆ ਜਮ੍ਹਾਂ ਤਖਮੀਨਾ ਤਿਆਰ ਕਰਨ ਉਪਰੰਤ ਅਤੇ ਬਿਨੈਕਾਰ ਵੱਲੋਂ ਤਖਮੀਨੇ ਦੀ ਰਕਮ ਜਮ੍ਹਾ ਕਰਵਾਉਣ ਤੋਂ ਬਾਅਦ, ਬਿਨੈਕਾਰ ਬਿਜਲੀ ਦੇ ਖੰਭਿਆਂ/ਲਾਈਨਾਂ ਨੂੰ ਢੁਕਵੀਂ ਜਗ੍ਹਾ ਤੇ ਸ਼ਿਫਟ ਕਰਵਾ ਸਕਦਾ ਹੈ।

**ਸਰਦਾਰ ਲਾਭ ਸਿੰਘ ਉਗੋਕੇ** : ਸਪੀਕਰ ਸਾਹਿਬ, ਬਹੁਤ ਬਹੁਤ ਸ਼ੁਕਰੀਆ। ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਮਾਧਿਅਮ ਰਾਹੀਂ ਇਹ ਸਪਲੀਮੈਂਟਰੀ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਲੋਕਾਂ ਦੇ ਪਲਾਟਾਂ ਦੇ ਵਿੱਚ ਖੰਭੇ ਲਗਾ ਦਿੱਤੇ ਗਏ ਹਨ ਜਾਂ ਸਾਡੇ ਛੱਪੜਾਂ ਦੇ ਵਿੱਚ ਖੰਭੇ ਲਗਾ ਦਿੱਤੇ ਗਏ ਹਨ, ਕੀ ਉਨ੍ਹਾਂ ਨੂੰ ਬਿਜਲੀ ਵਿਭਾਗ ਬਿਨਾਂ ਕੋਈ ਪੈਸਾ ਭਰਵਾਏ ਪਾਸੇ ਕਰੇਗਾ ਜੀ?

**ਮਾਣਯੋਗ ਸਪੀਕਰ**: ਅਰੋੜਾ ਸਾਹਿਬ, ਇਨ੍ਹਾਂ ਨੇ ਮੈਨੂੰ ਫੋਟੋ ਦਿਖਾਈ ਸੀ। ਕੀ ਤੁਹਾਨੂੰ ਉਹ ਫੋਟੋ ਦਿਖਾਈ ਹੈ?

**ਮੰਤਰੀ**: ਨਹੀਂ ਜੀ।

**ਮਾਣਯੋਗ ਸਪੀਕਰ**: ਉਥੇ ਰਸਤੇ ਦੇ ਵਿਚਾਲੇ ਖੰਭੇ ਲਗਾਏ ਹੋਏ ਹਨ। ਉਥੋਂ ਦੇ ਸਬੰਧਤ ਅਫ਼ਸਰਾਂ ਤੇ ਐਕਸੀਅਨ ਨੂੰ ਬੁਲਾ ਕੇ ਕੋਈ ਤਮਗਾ ਵਗੈਰਾ ਦਿਉ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਗੱਲ ਇਹ ਹੈ ਕਿ ਜਦੋਂ ਖੰਭੇ ਲੱਗਦੇ ਹਨ, ਉਦੋਂ ਬਿਜਲੀ ਡਿਪਾਰਟਮੈਂਟ ਨਾ ਕਿਸੇ ਦੇ ਪਲਾਟ ਵਿੱਚ ਖੰਭਾ ਲਗਾਉਂਦਾ ਹੈ ਅਤੇ ਨਾ ਹੀ ਸੜਕ ਦੇ ਸੈਂਟਰ ਵਿੱਚ ਲੱਗਦਾ ਹੈ। ਜਦੋਂ ਬਿਜਲੀ ਦੇ ਖੰਭੇ ਲੱਗਦੇ ਹਨ, ਉਹ ਇਸ ਹਿਸਾਬ ਨਾਲ ਲੱਗਦੇ ਹਨ ਕਿ ਜਿਹੜੀ ਜਗ੍ਹਾ ਖਾਲੀ ਹੋਵੇ ਅਤੇ ਜਿਹੜੀ ਮਾਸਟਰ ਪਲਾਨ ਵਿੱਚ ਖਾਲੀ ਦਿਖਾਈ ਗਈ ਹੋਵੇ ਪ੍ਰੰਤੂ ਜੇ ਕਿਸੇ ਨੇ ਕੰਸਟ੍ਰਕਸ਼ਨ ਵਾਸਤੇ ਅਲਾਊਡ ਜਗ੍ਹਾ ਤੋਂ ਵੱਧ ਕਵਰ ਕਰ ਲਈ ਹੋਵੇ ਤਾਂ ਖੰਭਾ ਵਿੱਚ ਆ ਜਾਂਦਾ ਹੈ ਪਰ ਜਦੋਂ ਵੀ ਸਾਡੇ ਕੋਲ ਕੋਈ ਇਹੋ ਜਿਹੀ ਕੰਪਲੇਂਟ ਆ ਜਾਂਦੀ ਹੈ, ਅਸੀਂ ਵੀ ਚਾਹੁੰਦੇ ਹਾਂ ਕਿ ਬਿਜਲੀ ਡਿਪਾਰਟਮੈਂਟ ਦਾ ਖੰਭਾ ਕਿਸੇ ਦੇ ਘਰ ਦੇ ਅੰਦਰ ਲੱਗਿਆ ਹੋਇਆ ਨਾ ਰਹਿ ਜਾਵੇ, ਜੇ ਕਿਸੇ ਦੇ ਘਰ ਅੰਦਰ ਖੰਭਾ ਆਉਂਦਾ ਹੈ ਤਾਂ ਅਸੀਂ ਉਸੇ ਵੇਲੇ ਮੂਵ ਕਰਾਂਗੇ ਅਤੇ ਆਪਣੀ ਕਾਸਟ ਤੇ ਕਰਾਂਗੇ। ਬਾਕੀ ਸੜਕਾਂ ਸਬੰਧੀ ਮੈਂ ਦੱਸਣਾ ਚਾਹਾਂਗਾ ਕਿ ਜਿੰਨੇ ਵੀ ਖੰਭੇ ਸੜਕਾਂ ਉਤੇ ਲੱਗੇ ਹੋਏ ਹਨ, ਅਸੀਂ ਆਲਰੇਡੀ ਸਾਰੀਆਂ ਸਬ-ਡਵੀਜ਼ਨਾਂ ਦੇ ਕੰਟਰੈਕਟ ਦੇ ਰਹੇ ਹਾਂ। ਪੰਜਾਬ ਵਿੱਚ 60 ਸਬ-ਡਵੀਜ਼ਨਾਂ ਦੇ ਕਰੀਬ ਕੰਟਰੈਕਟ ਦਿੱਤੇ ਜਾ ਚੁੱਕੇ ਹਨ ਅਤੇ ਟੋਟਲ 100 ਤੋਂ ਉੱਪਰ ਹਨ। ਅਸੀਂ ਸਾਰੀਆਂ ਦਾ ਕੰਟਰੈਕਟ ਦੇ ਰਹੇ ਹਾਂ, ਜੋ ਵੀ ਸੜਕਾਂ ਵਿੱਚ ਖੰਭੇ ਹੋਣਗੇ, ਜੋ ਵੀ ਤਾਰਾਂ ਲਟਕ ਰਹੀਆਂ ਹੋਣਗੀਆਂ, ਕੋਈ ਵੀ ਹੋਣ, ਚਾਹੇ ਉਹ ਬਿਜਲੀ ਦੀਆਂ ਹਨ, ਚਾਹੇ ਕੇਬਲ ਟੀ.ਵੀ. ਦੀਆਂ ਹੋਣ, ਉਹ ਸਾਰੀਆਂ ਸਾਫ ਸੁਥਰੀਆਂ ਕਰਾਂਗੇ। ਅਗਲੇ ਤਿੰਨ ਚਾਰ ਮਹੀਨਿਆਂ ਵਿੱਚ ਇਹ ਕੰਮ ਖਤਮ ਹੋ ਜਾਵੇਗਾ।

**ਸਰਦਾਰ ਲਾਭ ਸਿੰਘ ਉਗੋਕੇ**: ਮੰਤਰੀ ਸਾਹਿਬ, ਬਹੁਤ ਬਹੁਤ ਸ਼ੁਕਰੀਆ ਪਰ ਮੈਂ ਇੱਕ ਹੋਰ ਸਪਲੀਮੈਂਟਰੀ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਸੜਕਾਂ ਦੇ ਨਾਲ ਲਾਈਨਾਂ ਖਿੱਚਦੇ ਹਾਂ, ਸਾਨੂੰ ਜੋ ਪਤਾ ਹੈ ਕਿ ਸੜਕ 29 ਫੁੱਟ ਚੌੜੀ ਹੈ ਤਾਂ

ਕਿਉਂ ਨਾ ਉਸ ਦੀ ਪਹਿਲਾਂ ਹੀ ਮਿਣਤੀ ਕਰਵਾ ਲਈ ਜਾਵੇ ਤਾਂ ਕਿ ਸਾਨੂੰ ਦੁਬਾਰਾ ਸੜਕ ਪੁੱਟਣ ਦੀ ਜ਼ਰੂਰਤ ਹੀ ਨਾ ਪਵੇ। ਕੀ ਆਪਾਂ ਕੋਈ ਇਸ ਤਰ੍ਹਾਂ ਦੀ ਪ੍ਰਪੋਜ਼ਲ ਅੱਗੇ ਲੈ ਕੇ ਆਵਾਂਗੇ ਜੀ?

**ਮੰਤਰੀ** : ਇਹ ਪ੍ਰਪੋਜ਼ਲ ਆਲਰੈਡੀ ਹੈ । ਪਹਿਲਾਂ ਮਾਸਟਰ ਪਲਾਨ ਧਿਆਨ ਵਿੱਚ ਰੱਖ ਕੇ ਹੀ ਖੰਭਾ ਲਗਾਉਂਦੇ ਹਾਂ ਪਰ ਜੇ ਕੋਈ ਖੰਭਾ ਗਲਤ ਲੱਗ ਗਿਆ ਹੈ, ਚਾਹੇ ਅਫ਼ਸਰਾਂ ਦੀ ਗਲਤੀ ਨਾਲ ਹੋਵੇ, ਚਾਹੇ ਬਾਅਦ ਵਿੱਚ ਕੋਈ ਪਲਾਨ ਚੇਂਜ ਹੋਣ ਕਰਕੇ ਖੰਭਾ ਵਿੱਚ ਆ ਗਿਆ ਹੋਵੇ, ਉਸ ਵਾਸਤੇ ਅਸੀਂ ਅੱਗੇ ਤੋਂ ਬਿਲਕੁਲ ਜ਼ਿਆਦਾ ਧਿਆਨ ਰੱਖਾਂਗੇ, ਜਿਹੜੇ ਖੰਭੇ ਵਿੱਚ ਆਏ ਹੋਏ ਹਨ, ਉਨ੍ਹਾਂ ਨੂੰ ਠੀਕ ਕਰਵਾਵਾਂਗੇ।

**ਮਾਣਯੋਗ ਸਪੀਕਰ** : ਉਨ੍ਹਾਂ ਨੂੰ ਸ਼ਾਬਾਸ਼ ਜ਼ਰੂਰ ਦੇਣੀ ਹੈ। ਮੈਂਬਰ ਸਾਹਿਬ, ਮੈਨੂੰ ਫੋਟੋ ਦਿਖਾ ਕੇ ਗਏ ਸੀ। ਮੈਂਬਰ ਸਾਹਿਬ, ਮੰਤਰੀ ਜੀ ਨੂੰ ਉਹ ਫੋਟੋ ਭੇਜ ਦਿਉ। ਥੈਂਕ ਯੂ।

**ਸਰਦਾਰ ਲਾਭ ਸਿੰਘ ਉਗੋਕੇ** : ਠੀਕ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਰ, ਮੇਰੀ ਰਿਕੁਐਸਟ ਇਹ ਹੈ ਕਿਉਂਜੋ ਅਸੀਂ ਸਾਰੇ ਪਿੰਡਾਂ ਨਾਲ ਤੁਅਲੱਕ ਰੱਖਦੇ ਹਾਂ, ਅਕਸਰ ਜਿੱਥੇ ਜਿੱਥੇ ਅਜਿਹੇ ਖੰਭੇ ਹਨ, ਜਦੋਂ ਵੀ ਲੋਕ ਬਿਜਲੀ ਬੋਰਡ ਨੂੰ ਅਤੇ ਇਸ ਅਧੀਨ ਆਉਂਦੇ ਥੱਲੇ ਪੱਧਰ ਦੇ ਆਫਿਸਿਜ਼ ਵਿੱਚ ਜਾ ਕੇ ਰਿਕੁਐਸਟ ਕਰਦੇ ਹਨ ਤਾਂ ਉਨ੍ਹਾਂ ਵੱਲੋਂ ਇਹ ਕਿਹਾ ਜਾਂਦਾ ਹੈ ਕਿ ਅਸੀਂ ਐਸਟੀਮੇਟ ਬਣਾ ਰਹੇ ਹਾਂ ਪਰ ਖਰਚੇ ਲਈ ਤੁਸੀਂ ਪੈਸੇ ਦਿਉਗੇ। ਮੰਤਰੀ ਸਾਹਿਬ, ਕਾਈਂਡਲੀ ਇਸ ਸਬੰਧ ਵਿੱਚ ਇੱਕ ਕਲੀਅਰ ਕੱਟ ਇੰਸਟ੍ਰਕਸ਼ਨ ਹੋਵੇ ਕਿ Department will pay for it. ਅਜਿਹਾ ਕਰਨ ਨਾਲ ਕਾਫ਼ੀ ਲੋਕਾਂ ਨੂੰ ਸਹੂਲਤ ਮਿਲ ਜਾਵੇਗੀ। ਅਦਰਵਾਈਜ਼ ਹੁਣ ਕੀ ਹੁੰਦਾ ਹੈ, ਸਬੰਧਤ ਵਿਅਕਤੀ ਨੂੰ ਕਹਿ ਦਿੰਦੇ ਹਨ ਕਿ ਐਸਟੀਮੇਟ ਆ ਗਿਆ ਹੈ, ਇੰਨੇ ਪੈਸੇ ਜਮ੍ਹਾਂ ਕਰਵਾ ਦਿਉ, ਲੱਖ ਜਾਂ ਡੇਢ ਲੱਖ ਰੁਪਿਆ ਜਮ੍ਹਾਂ ਕਰਵਾਉ।

**ਮਾਣਯੋਗ ਸਪੀਕਰ** : ਇਹ ਸਵਾਲ ਵੱਖਰਾ ਬਣਦਾ ਹੈ ਪਰ ਜੇ ਮੰਤਰੀ ਸਾਹਿਬ ਜਵਾਬ ਦੇਣਾ ਚਾਹੁੰਦੇ ਹਨ ਤਾਂ ਦੇ ਸਕਦੇ ਹਨ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਪੈਸੇ ਅਸੀਂ ਤਾਂ ਮੰਗਦੇ ਹਾਂ, ਜੇ ਉਸ ਦੇ ਘਰ ਦੇ ਬਾਹਰ ਕਿਤੇ ਖੰਭਾ ਲੱਗਾ ਹੋਵੇ ਅਤੇ ਉਹ ਕਹੇ ਕਿ ਇਹ ਮੂਵ ਕਰਨਾ ਹੈ ਪਰ ਜੇ ਕਿਸੇ ਦੇ ਘਰ ਦੇ ਅੰਦਰ ਖੰਭਾ ਆ ਗਿਆ ਹੋਵੇ ਤਾਂ ਉਸ ਵਾਸਤੇ ਅਸੀਂ ਪੈਸੇ ਨਹੀਂ ਮੰਗਦੇ ਪਰ ਅਸੀਂ ਅੱਗੇ ਤੋਂ ਕੋਸ਼ਿਸ਼ ਕਰ ਰਹੇ ਹਾਂ ਕਿ ਸਪੈਸ਼ਲੀ ਜਿਹੜੇ ਪਛੜੇ ਹੋਏ ਇਲਾਕੇ ਹਨ, ਜਿੱਥੇ ਪਹਿਲਾਂ ਤਾਰਾਂ ਸੀ, ਲੋਕਾਂ ਨੇ ਥੱਲਿਉਂ ਦੀ ਘਰ ਬਣਾ ਲਏ ਹਨ ਜਾਂ ਕੁਝ ਉਸਾਰ ਲਿਆ ਹੈ, ਉਥੇ ਬਿਜਲੀ ਡਿਪਾਰਟਮੈਂਟ ਜ਼ਰੂਰ ਆਪਣੇ ਖਰਚੇ ਤੇ ਇਹ ਕੰਮ ਕਰ ਦੇਵੇਗਾ।

**ਮਾਣਯੋਗ ਸਪੀਕਰ**: ਠੀਕ ਹੈ ਜੀ।

-------

## ਬਠਿੰਡਾ ਦਿਹਾਤੀ ਵਿਖੇ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਖੋਲ੍ਹਣਾ

***1817. ਸ੍ਰੀ ਅਮਿਤ ਰਤਨ ਕੋਟਫੱਤਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬਠਿੰਡਾ ਦਿਹਾਤੀ ਵਿੱਚ ਇਸ ਵੇਲੇ ਇੱਕ ਵੀ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਨਹੀਂ ਹੈ, ਜਿਸ ਕਾਰਨ ਕੁੜੀਆਂ ਨੂੰ ਪੜ੍ਹਾਈ ਲਈ ਦੂਰ-ਦੁਰਾਡੇ ਇਲਾਕਿਆਂ ਵਿੱਚ ਜਾਣਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਪਿੰਡ ਕੋਟਸ਼ਮੀਰ, ਕੋਟਫੱਤਾ ਜਾਂ ਪਥਰਾਲਾ ਵਿੱਚ ਨਵਾਂ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਖੋਲ੍ਹਣ ਜਾਂ ਮੌਜੂਦਾ ਸਕੂਲ ਨੂੰ ਅੱਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਜੋਤ ਸਿੰਘ ਬੈਂਸ:** ਨਹੀਂ ਜੀ, ਹਲਕਾ ਬਠਿੰਡਾ ਦਿਹਾਤੀ ਵਿੱਚ ਇਸ ਵੇਲੇ ਕੋਈ ਵੀ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਨਹੀਂ ਹੈ। ਪਿੰਡ ਕੋਟ ਸ਼ਮੀਰ, ਕੋਟਫੱਤਾ ਅਤੇ ਪਥਰਾਲਾ ਵਿੱਚ ਨਵਾਂ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਖੋਲ੍ਹਣ ਦੀ ਕੋਈ ਵੀ ਤਜਵੀਜ਼ ਨਹੀ ਹੈ ਕਿਉਂਜੋ ਕੋਟਸ਼ਮੀਰ, ਕੋਟਫੱਤਾ ਅਤੇ ਪਥਰਾਲਾ ਵਿਖੇ ਪਹਿਲਾਂ ਹੀ ਸਰਕਾਰੀ ਸੀਨੀਅਰ ਸੈਕੰਡਰੀ ਕੋ-ਐੱਡ (Co-Education) ਸਕੂਲ ਮੌਜੂਦ ਹਨ।

ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਵਿਧਾਇਕ ਸਾਹਿਬ ਨੇ ਪੁੱਛਿਆ ਹੈ ਕਿ ਹਲਕਾ ਬਠਿੰਡਾ ਦਿਹਾਤੀ ਦੇ 3 ਪਿੰਡ ਕੋਟਸ਼ਮੀਰ, ਕੋਟਫੱਤਾ ਅਤੇ ਪਥਰਾਲਾ ਵਿੱਚ ਕੋਈ ਵੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਨਹੀਂ ਹੈ, ਮਾਣਯੋਗ ਵਿਧਾਇਕ ਸਾਹਿਬ ਦੀ ਇੱਛਾ ਹੈ ਕਿ ਅਸੀਂ ਉਥੇ ਗਰਲਜ਼ ਸਕੂਲ ਖੋਲ੍ਹੀਏ ਪਰ ਇਨ੍ਹਾਂ ਤਿੰਨੋਂ ਪਿੰਡਾਂ ਵਿੱਚ ਸਾਡੇ ਕੋਲ ਆਲਰੈਡੀ ਸੀਨੀਅਰ ਸੈਕੰਡਰੀ ਸਕੂਲ ਹਨ, ਉਹ ਕੋ-ਐਜੂਕੇਸ਼ਨ ਹਨ ਯਾਨੀ ਕਿ ਲੜਕੇ ਅਤੇ ਲੜਕੀਆਂ ਦੋਵਾਂ ਲਈ ਹਨ। ਇਨ੍ਹਾਂ ਤਿੰਨੋਂ ਸਕੂਲਾਂ ਵਿੱਚ more than 50% ਕੁੜੀਆਂ ਪੜ੍ਹ ਰਹੀਆਂ ਹਨ। ਸੋ, ਤਿੰਨੋਂ ਪਿੰਡਾਂ ਵਿੱਚ ਆਲਰੈਡੀ ਸਕੂਲ ਹਨ।

**ਮਾਣਯੋਗ ਸਪੀਕਰ :** ਕੋਟਫੱਤਾ ਸਾਹਿਬ, ਠੀਕ ਹੈ ਜੀ?

**ਸ੍ਰੀ ਅਮਿਤ ਰਤਨ ਕੋਟਫੱਤਾ :** ਨਹੀਂ ਸਰ। ਮੈਂ ਕਹਿਣਾ ਚਾਹੁੰਦਾ ਹਾਂ ਜੀ ਕਿ ਮੰਤਰੀ ਸਾਹਿਬ ਬਹੁਤ ਵਧੀਆ ਕੰਮ ਕਰ ਰਹੇ ਹਨ। ਸਕੂਲ ਆਫ ਐਮੀਨੈਂਸ ਅਤੇ ਹੋਰ ਵੀ ਜਿਹੜੇ ਪ੍ਰੋਗਰਾਮ ਚੱਲ ਰਹੇ ਹਨ, ਉਹ ਬਹੁਤ ਵਧੀਆ ਚੱਲ ਰਹੇ ਹਨ ਪਰ ਮੇਰੇ ਪੂਰੇ ਹਲਕੇ ਦੇ ਵਿੱਚ ਹੀ ਗਰਲਜ਼ ਸਕੂਲ ਨਹੀਂ ਹੈ। ਮੈਂ ਬੇਨਤੀ ਕਰਾਂਗਾ ਕਿ ਜਿਹੜੇ ਇਹ ਤਿੰਨ ਪਿੰਡ ਹਨ, ਜੇ ਸਪੈਸੇਫਿਕਲੀ ਇਨ੍ਹਾਂ ਤੇ ਫੋਕਸ ਕਰਕੇ, ਕੋਈ ਕਮੇਟੀ ਬਣਾ ਕੇ ਇਵੈਲਿਊਏਸ਼ਨ ਕਰ ਲੈਣ ਕਿਉਂਕਿ ਇਨ੍ਹਾਂ ਪਿੰਡਾਂ ਦੇ ਲੋਕ ਜਗ੍ਹਾ ਦੇਣ ਨੂੰ ਵੀ ਤਿਆਰ ਹਨ। ਲੋਕਾਂ ਦੀ ਮਨਸ਼ਾ ਹੁੰਦੀ ਹੈ ਕਿ ਅਜਿਹੀ ਚੀਜ਼ ਸਰਕਾਰ ਦੇਵੇ ਤਾਂ ਬਹੁਤ ਵੱਡੀ ਖੁਸ਼ੀ ਦੀ ਗੱਲ ਹੁੰਦੀ ਹੈ। ਲੋਕਾਂ ਦਾ ਸਰਕਾਰ ਤੇ ਬਹੁਤ ਭਰੋਸਾ ਹੈ ਅਤੇ ਉਨ੍ਹਾਂ ਨੂੰ ਬਹੁਤ ਉਮੀਦਾਂ ਹਨ ਕਿ ਸਰਕਾਰ ਇਸ ਗੱਲ ਨੂੰ ਪੂਰਾ ਕਰੇਗੀ। ਸੋ, ਜੇਕਰ ਮੰਤਰੀ ਸਾਹਿਬ ਕੋਈ ਕਮੇਟੀ ਬਣਾ ਕੇ ਇਸ ਨੂੰ ਇਵੈਲੂਏਟ ਕਰਵਾ ਲੈਣ ਤਾਂ ਬਿਹਤਰ ਹੋਵੇਗਾ।

**ਮਾਣਯੋਗ ਸਪੀਕਰ:** ਮੰਤਰੀ ਜੀ, ਤੁਹਾਡੇ ਕੋਲੋਂ ਬਹੁਤ ਉਮੀਦਾਂ ਹਨ।

**ਸ੍ਰੀ ਅਮਿਤ ਰਤਨ ਕੋਟਫੱਤਾ:** ਮੰਤਰੀ ਜੀ ਜਵਾਬ ਦੇ ਦੇਣ ਜੀ।

**ਮਾਣਯੋਗ ਸਪੀਕਰ:** ਉਹ ਕਰ ਲੈਣਗੇ ਜੀ। ਤੁਸੀਂ ਬੈਠੋ।

-------

**ਆਦਮਪੁਰ ਹਲਕੇ ਅੰਦਰ ਪੈਂਦੀਆਂ ਮੰਡੀ ਬੋਰਡ ਦੀਆਂ ਸੜਕਾਂ ਦੇ ਨਿਰਮਾਣ ਲਈ ਜਾਰੀ ਕੀਤੀ ਰਕਮ ਦੇ ਵੇਰਵੇ**

***1800. ਸ਼੍ਰੀ ਸੁਖਵਿੰਦਰ ਸਿੰਘ ਕੋਟਲੀ** : ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਆਦਮਪੁਰ ਹਲਕੇ ਅੰਦਰ ਪੈਂਦੀਆਂ ਮੰਡੀ ਬੋਰਡ ਦੀਆਂ ਸੜਕਾਂ ਦੇ ਨਿਰਮਾਣ ਲਈ ਸਰਕਾਰ ਦੁਆਰਾ ਪਿਛਲੇ ਚਾਰ ਸਾਲਾਂ ਦੌਰਾਨ ਕਿੰਨੀ ਰਕਮ ਜਾਰੀ ਕੀਤੀ ਗਈ ਹੈ, ਉਸ ਰਕਮ ਵਿੱਚੋਂ ਕਿਹੜੀਆਂ ਸੜਕਾਂ ਦੇ ਕੰਮ ਦਾ ਨਿਰਮਾਣ ਕੀਤਾ ਗਿਆ ਹੈ ਅਤੇ ਜਿਨ੍ਹਾਂ ਸੜਕਾਂ ਦੇ ਨਿਰਮਾਣ ਦਾ ਕੰਮ ਸ਼ੁਰੂ ਨਹੀਂ ਕੀਤਾ ਗਿਆ, ਉਸ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ:** ਵਿਧਾਨ ਸਭਾ ਹਲਕਾ ਆਦਮਪੁਰ ਵਿੱਚ ਪਿਛਲੇ ਚਾਰ ਸਾਲਾਂ ਦੌਰਾਨ ਪੰਜਾਬ ਮੰਡੀ ਬੋਰਡ ਦੀਆਂ ਸੜਕਾਂ ਦੇ ਨਿਰਮਾਣ/ਨਵੀਂ ਉਸਾਰੀ ਲਈ ਸਰਕਾਰ ਦੁਆਰਾ 651.83 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਸ ਰਾਸ਼ੀ ਵਿੱਚੋਂ 14.75 ਕਿਲੋਮੀਟਰ ਲੰਬਾਈ ਦੀਆਂ 14 ਲਿੰਕ ਸੜਕਾਂ ਦਾ ਨਿਰਮਾਣ/ਨਵੀਂ ਉਸਾਰੀ ਕੀਤੀ ਜਾ ਰਹੀ ਹੈ। ਇਨ੍ਹਾਂ ਸੜਕਾਂ ਦੀ ਮੁਰੰਮਤ ਦਾ ਕੰਮ ਮਿਤੀ 30-06-2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। ਵੇਰਵੇ ਅਨੁਲੱਗ-ੳ ਤੇ ਨੱਥੀ ਕੀਤੇ ਗਏ ਹਨ:-

# ਅਨੁਲੱਗ-ੳ

**Special Assistance to State for Capital Investment 2025-26 (ਫੇਜ਼-II) ਤਹਿਤ ਵੱਖ-ਵੱਖ ਲਿੰਕ ਸੜਕਾਂ ਦੀ ਮੋਡਰੇਨਾਈਜੇਸ਼ਨ ਕਰਨਾ**
**(ਵਿਧਾਨ ਸਭਾ ਹਲਕਾ ਆਦਮਪੁਰ)**

| ਕ੍ਰ. ਸੰ. | ਵਿਧਾਨ ਸਭਾ ਹਲਕਾ | ਸੜਕ ਦਾ ਨਾਮ | ਰੋਡ ਕੋਡ | ਲੰਬਾਈ (ਕਿ.ਮੀ.) | ਲਾਗਤ (ਲੱਖ ਰੁਪਏ ਵਿੱਚ) | ਪ੍ਰਾਪਤ ਫੰਡ | ਪ੍ਰਗਤੀ |
|---|---|---|---|---|---|---|---|
| 1 | ਆਦਮਪੁਰ | ਬਿਆਸ ਪਿੰਡ ਤੋਂ ਸਰਕਾਰੀ ਪ੍ਰਾਇਮਰੀ ਸਕੂਲ ਤੱਕ | NC | 1.6 | 68.8 | 102.5667 | ਕੰਮ ਪ੍ਰਗਤੀ ਅਧੀਨ ਹੈ |
| 2 | ਆਦਮਪੁਰ | ਕੋਟਲੀ ਥਾਨ ਸਿੰਘ ਫਿਰਨੀ ਤੋਂ ਸਰਨਾਣਾ ਤੋਂ ਭਖਰਿਆਣਾ ਤੱਕ | NC | 1 | 43 | | |
| 3 | ਆਦਮਪੁਰ | ਕੋਟਲੀ ਥਾਨ ਸਿੰਘ ਤੋਂ ਪਰਸਰਾਮਪੁਰ ਤੱਕ | NC | 1.5 | 64.5 | | |
| 4 | ਆਦਮਪੁਰ | ਪਤਾਰਾ ਤੋਂ ਚੰਦਪੁਰ ਤੱਕ | NC | 1 | 43 | | |
| 5 | ਆਦਮਪੁਰ | ਜੇਤੇਵਾਲੀ ਤੋਂ ਜੰਡੂ ਸਿੰਘਾ ਲਿੰਕ ਸੜਕ | NC | 1.1 | 47.3 | | |
| 6 | ਆਦਮਪੁਰ | ਚੰਦਪੁਰ ਪਤਾਰਾ ਰੋਡ ਤੋਂ ਮੁਜੱਫਰਪੁਰ ਤੱਕ | NC | 0.8 | 34.4 | | |
| 7 | ਆਦਮਪੁਰ | ਪਿੰਡ ਕੋਟਲੀ ਥਾਨ ਸਿੰਘ ਤੋਂ ਨਵੇਂ ਸਟੇਡੀਅਮ ਤੱਕ ਨਵੀਂ ਸੜਕ | NC | 0.8 | 34.4 | | |
| 8 | ਆਦਮਪੁਰ | ਕੋਟਲੀ ਥਾਨ ਸਿੰਘ ਸਰਨਾਣਾ ਤੋਂ ਲਿੰਕ ਸੜਕ ਭਖਰਿਆਣਾ | NC | 0.3 | 12.9 | | |
| 9 | ਆਦਮਪੁਰ | ਸਤੋਵਾਲੀ ਤੋਂ ਰੇਲਵੇ ਫਾਟਕ ਰਾਹੀਂ ਉਦੇਸੀਆਂ ਤੱਕ | NC | 1.5 | 64.5 | | |
| 10 | ਆਦਮਪੁਰ | ਭੇਲਾ ਤੋਂ ਪੰਡੋਰੀ ਨਿੱਜਰਾਂ ਤੱਕ | NC | 1.6 | 68.8 | | |
| 11 | ਆਦਮਪੁਰ | ਕੋਟਲੀ ਸ਼ੇਖ ਤੋਂ ਬਿਆਸ ਪਿੰਡ ਤੱਕ ਰੇਲਵੇ ਲਾਈਨ ਦੇ ਨਾਲ-ਨਾਲ | NC | 1.5 | 64.5 | | |
| | | **ਕੁੱਲ ਜੋੜ** | | **12.70** | **546.10** | **102.57** | |

**Special Assistance to State for Capital Investment 2025-26 (ਫੇਜ਼-II) ਤਹਿਤ ਵੱਖ-ਵੱਖ ਲਿੰਕ ਸੜਕਾਂ ਦੀ ਮੋਡਰੇਨਾਈਜੇਸ਼ਨ ਕਰਨਾ**
**(ਵਿਧਾਨ ਸਭਾ ਹਲਕਾ ਆਦਮਪੁਰ)**

| ਕ੍ਰਮ ਸੰਖਿਆ | ਵਿਧਾਨ ਸਭਾ ਹਲਕਾ | ਸੜਕ ਦਾ ਨਾਮ | ਰੋਡ ਕੋਡ | ਲੰਬਾਈ (ਕਿ.ਮੀ.) | ਲਾਗਤ (ਲੱਖ ਰੁਪਏ ਵਿੱਚ) | ਪ੍ਰਾਪਤ ਫੰਡ | ਪ੍ਰਗਤੀ |
|---|---|---|---|---|---|---|---|
| 1 | ਆਦਮਪੁਰ | ਆਦਮਪੁਰ-ਭੋਗਪੁਰ ਰੋਡ ਤੋਂ ਡੱਲੀ ਤੱਕ | NC | 0.6 | 23.7 | 5 | ਕੰਮ ਪ੍ਰਗਤੀ ਅਧੀਨ ਹੈ |

| | | | | | | | |
|---|---|---|---|---|---|---|---|
| 2 | ਆਦਮਪੁਰ | ਕਰਾਰੀ ਤੋਂ ਸੁਰੀਲਾ ਜਠੇਰੇ ਤੱਕ | NC | 1.00 | 40 | 8.43 | ਕੰਮ ਪ੍ਰਗਤੀ ਅਧੀਨ ਹੈ |
| 3 | ਆਦਮਪੁਰ | ਭੋਲਥ-ਭੋਗਪੁਰ ਰੋਡ ਤੋਂ ਭੋਗਪੁਰ ਤੱਕ | NC | 0.45 | 42.03 | 8.86 | ਕੰਮ ਪ੍ਰਗਤੀ ਅਧੀਨ ਹੈ |
| | | **ਕੁੱਲ ਜੋੜ** | | **2.05** | **105.73** | **22.29** | |

**ਸ੍ਰੀ ਸੁਖਵਿੰਦਰ ਸਿੰਘ ਕੋਟਲੀ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਚਾਰ ਸਾਲ ਦਾ ਸਮਾਂ ਲੰਘ ਗਿਆ ਹੈ ਲੇਕਿਨ 14.75 ਕਿਲੋਮੀਟਰ ਦੀਆਂ 14 ਸੜਕਾਂ ਹੀ ਉਸਾਰੀ ਤੇ ਨਿਰਮਾਣ ਅਧੀਨ ਹਨ। ਮੇਰੇ ਹਲਕੇ ਵਿਚ 150 ਤੋਂ ਵੱਧ ਪਿੰਡ ਅਤੇ 14 ਫੋਕਲ ਪੁਆਇੰਟ ਆਉਂਦੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਚਾਰ ਸਾਲਾਂ ਦੇ ਵਿਚ ਸਿਰਫ਼ 14 ਸੜਕਾਂ ਹੀ ਬਣੀਆਂ, ਉਹ ਵੀ ਹਾਲੇ ਉਸਾਰੀ ਅਧੀਨ ਹਨ, ਬਣੀ ਕੋਈ ਵੀ ਨਹੀਂ। ਜਿਹੜਾ ਆਦਮਪੁਰ ਹਲਕੇ ਦੇ 14 ਫੋਕਲ ਪੁਆਇੰਟ ਤੇ 150 ਤੋਂ ਵੱਧ ਪਿੰਡਾਂ ਦੀਆਂ ਲਿੰਕ ਸੜਕਾਂ ਹਨ, ਉਨ੍ਹਾਂ ਵਿਚੋਂ ਕਿੰਨੀਆਂ ਸੜਕਾਂ ਨਿਰਮਾਣ ਅਧੀਨ ਹਨ ਅਤੇ ਉਹ ਸੜਕਾਂ ਕਦੋਂ ਮੁਕੰਮਲ ਹੋਣਗੀਆਂ। ਜਿਹੜੀਆਂ ਬਾਕੀ ਰਹਿੰਦੀਆਂ ਹਨ, ਕੀ ਸਰਕਾਰ ਕੋਲ ਉਨ੍ਹਾਂ ਨੂੰ ਬਣਾਉਣ ਵਾਸਤੇ ਪੈਸਾ ਹੈ, ਕੋਈ ਪ੍ਰੋਵੀਜ਼ਨ ਹੈ?

**ਮੰਤਰੀ** : ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਵੱਲੋਂ ਪੁੱਛੇ ਗਏ 14.75 ਕਿਲੋਮੀਟਰ ਦਾ ਜਵਾਬ ਆਇਆ ਹੈ। ਜਿਹੜੀਆਂ ਸੜਕਾਂ ਉਸਾਰੀ ਅਧੀਨ ਹਨ, ਉਨ੍ਹਾਂ ਦਾ ਕੰਪਲੀਸ਼ਨ ਸਮਾਂ ਮਿਤੀ 30.06.2026 ਤੱਕ ਹੈ। ਅਸੀਂ ਮੁਕੰਮਲ ਕਰਵਾ ਦਿਆਂਗੇ, ਇਹ ਵਾਅਦਾ ਹੈ। ਜਿਹੜੀਆਂ ਮੰਡੀ ਬੋਰਡ ਦੀਆਂ ਸੜਕਾਂ ਹੁੰਦੀਆਂ ਹਨ, ਉਨ੍ਹਾਂ ਦੀ ਮਿਆਦ 6 ਸਾਲ ਦੀ ਹੁੰਦੀ ਹੈ। ਜਿਹੜੀ ਰਿਪੇਅਰ ਕਰਨ ਵਾਲੀ ਹੈ, ਉਸ ਨੂੰ ਜ਼ਰੂਰ ਕਰਾਂਗੇ। ਜਿਹੜੇ ਇਲਾਕੇ ਤੋਂ ਸੜਕਾਂ ਦੀ ਮੰਗ ਆਉਂਦੀ ਹੈ, ਸਾਡੀ ਕੋਸ਼ਿਸ਼ ਹੁੰਦੀ ਹੈ ਕਿ ਪਹਿਲ ਦੇ ਅਧਾਰ ਤੇ ਬਣਾਈਏ। ਜਿਸ ਦੀ ਪਹਿਲਾਂ ਲੋੜ ਹੈ, ਉਸ ਨੂੰ ਪਹਿਲਾਂ ਬਣਾ ਦਿੰਦੇ ਹਾਂ। ਜੇਕਰ ਕੋਈ ਅਜਿਹੀ ਗੱਲ ਹੈ ਤਾਂ ਤੁਸੀਂ ਮੇਰੇ ਨਾਲ ਗੱਲ ਕਰ ਲੈਣਾ ਜੀ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ 14 ਕਿਲੋਮੀਟਰ ਵਾਲੀਆਂ ਸੜਕਾਂ ਹਨ ਅਤੇ ਜਿਹੜੀਆਂ ਸਾਡੇ ਹਲਕੇ ਦੀਆਂ ਬਾਕੀ ਸੜਕਾਂ ਹਨ, ਕੀ ਉਨ੍ਹਾਂ ਨੂੰ ਬਣਾਉਣ ਲਈ ਸਰਕਾਰ ਦੀ ਕੋਈ ਪ੍ਰਪੋਜ਼ਲ ਹੈ ਜਾਂ ਕਿੰਨੀਆਂ ਸੜਕਾਂ ਉਸਾਰੀ ਅਧੀਨ ਹਨ? ਇਸ ਗੱਲ ਦਾ ਜਵਾਬ ਦਿੱਤਾ ਜਾਵੇ ਕਿ ਇਹ ਸੜਕਾਂ ਬਣਾਉਣ ਵਾਸਤੇ ਸਰਕਾਰ ਕੋਲ ਪੈਸਾ ਹੈ ਜਾਂ ਨਹੀਂ? ਜਿਹੜੀਆਂ ਬਣਾਈਆਂ ਹਨ, ਉਹ ਵੀ ਹਾਲੇ ਉਸਾਰੀ ਅਧੀਨ ਹਨ। ਜਿਹੜੀਆਂ ਬਕਾਇਆ ਸੜਕਾਂ ਹਨ, ਕੀ ਉਸ ਵਾਸਤੇ ਸਰਕਾਰ ਵੱਲੋਂ ਕੋਈ ਪੈਸਾ ਰੱਖਿਆ ਗਿਆ ਹੈ? ਸਾਡੇ ਆਦਮਪੁਰ ਹਲਕੇ ਵਿਚ ਬਹੁਤ ਬੁਰਾ ਹਾਲ ਹੈ। ਨੀਂਹ ਪੱਥਰ ਰੱਖ ਕੇ ਕਹਿ ਦਿੱਤਾ ਜਾਂਦਾ ਹੈ ਕਿ ਸੜਕਾਂ ਬਣ ਰਹੀਆਂ ਹਨ ਪਰ ਹਾਲੇ ਤੱਕ ਕੋਈ ਸੜਕ ਨਹੀਂ ਬਣੀ। ਸੋ, ਮੰਤਰੀ ਜੀ ਇਸ ਦਾ ਜਵਾਬ ਜ਼ਰੂਰ ਦੇਣ ਕਿ ਕੀ ਕੋਈ ਪ੍ਰੋਵੀਜ਼ਨ ਹੈ ਕਿ ਆਦਮਪੁਰ ਹਲਕੇ ਵਿਚ ਤੁਹਾਡੀ ਸਰਕਾਰ ਦੇ ਰਹਿੰਦੇ ਛੇ ਮਹੀਨਿਆਂ ਵਿਚ ਸੜਕਾਂ ਬਣ ਜਾਣਗੀਆਂ?

**ਮਾਣਯੋਗ ਸਪੀਕਰ** : ਮੰਤਰੀ ਜੀ, ਤੁਸੀਂ ਤਾਂ ਬਹੁਤ ਮਿਹਰਬਾਨ ਹੋ।

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਜਵਾਬ ਵਿਚ ਦੱਸਿਆ ਹੈ ਕਿ ਮਿਤੀ 30.06.2026 ਤੱਕ ਸਾਰੀਆਂ ਸੜਕਾਂ ਮੁਕੰਮਲ ਕਰ ਦਿਆਂਗੇ, ਕੋਈ ਕਸਰ ਨਹੀਂ ਛੱਡਾਂਗੇ। ਇਨ੍ਹਾਂ ਦੀਆਂ 14 ਸੜਕਾਂ ਦਾ ਕੰਮ ਹੋ ਜਾਵੇਗਾ ਪਰ ਫਿਰ ਵੀ ਜੇਕਰ ਮੈਂਬਰ ਸਾਹਿਬ ਕੋਈ ਹੋਰ ਸੜਕ ਬਣਾਉਣ ਵਾਸਤੇ ਦੱਸਣਗੇ ਤਾਂ ਉਹ ਵੀ ਕਰ ਦਿਆਂਗੇ। ਜਿਨ੍ਹਾਂ ਦੀ ਮਿਆਦ 6 ਸਾਲ ਤੋਂ ਲੰਘ ਗਈ ਹੈ, ਉਹ ਵੀ ਮੈਂ ਪਤਾ ਕਰ ਲਵਾਂਗਾ। ਤੁਸੀਂ ਜਦੋਂ ਮਰਜ਼ੀ ਮੇਰੇ ਕੋਲ ਆਇਓ, ਮੈਂ ਅਫ਼ਸਰਾਂ ਨੂੰ ਬੁਲਾ ਕੇ, ਉਨ੍ਹਾਂ ਨੂੰ ਪੁੱਛ ਕੇ ਤੁਹਾਡਾ ਕੰਮ ਕਰਵਾ ਦਿਆਂਗਾ।

-------

## ਹਲਕਾ ਬੁਢਲਾਡਾ ਦੇ ਵਾਟਰ ਵਰਕਸ ਦੇ ਵੇਰਵੇ

***1856. ਪ੍ਰਿੰਸੀਪਲ ਬੁੱਧ ਰਾਮ:** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਹਲਕਾ ਬੁਢਲਾਡਾ ਵਿੱਚ ਕੁੱਲ ਕਿੰਨੇ ਵਾਟਰ ਵਰਕਸ ਹਨ ਅਤੇ ਇਨ੍ਹਾਂ ਵਿੱਚੋਂ ਕਿੰਨੇ ਵਾਟਰ ਵਰਕਸ ਅਜਿਹੇ ਹਨ ਜੋ ਧਰਤੀ ਹੇਠਲਾ ਪਾਣੀ ਹੀ ਲੋਕਾਂ ਨੂੰ ਸਪਲਾਈ ਕਰਦੇ ਹਨ;

(ਅ) ਕੀ ਇਨ੍ਹਾਂ ਵਾਟਰ ਵਰਕਸਾਂ ਨੂੰ ਨਹਿਰੀ ਪਾਣੀ ਦੇ ਆਧਾਰ ਤੇ ਲਿਆਉਣ ਲਈ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਹਰਦੀਪ ਸਿੰਘ ਮੁੰਡੀਆਂ:** ਸ਼੍ਰੀਮਾਨ ਜੀ,

(ੳ) ਹਲਕਾ ਬੁਢਲਾਡਾ ਵਿੱਚ ਕੁੱਲ 59 ਵਾਟਰ ਵਰਕਸ ਹਨ, ਇਨ੍ਹਾਂ ਵਿੱਚੋਂ 3 ਵਾਟਰ ਵਰਕਸਾਂ ਰਾਹੀਂ ਧਰਤੀ ਹੇਠਲਾ ਪਾਣੀ ਲੋਕਾਂ ਨੂੰ ਸਪਲਾਈ ਕੀਤਾ ਜਾਂਦਾ ਹੈ।

(ਅ) ਇਨ੍ਹਾਂ 3 ਧਰਤੀ ਹੇਠਲੇ ਪਾਣੀ ਤੇ ਅਧਾਰਤ ਬਣਾਏ ਹੋਏ ਵਾਟਰ ਵਰਕਸਾਂ ਤੋਂ ਪੀਣ ਯੋਗ ਪਾਣੀ ਲੋਕਾਂ ਦੀ ਜ਼ਰੂਰਤ ਅਨੁਸਾਰ ਪੂਰੀ ਮਾਤਰਾ ਵਿੱਚ ਪ੍ਰਾਪਤ ਹੋ ਰਿਹਾ ਹੈ। ਇਸ ਲਈ ਇਨ੍ਹਾਂ ਵਾਟਰ ਵਰਕਸ ਨੂੰ ਨਹਿਰੀ ਪਾਣੀ ਤੇ ਅਧਾਰਤ ਬਣਾਉਣ ਲਈ ਸਰਕਾਰ ਦੀ ਕੋਈ ਤਜਵੀਜ਼ ਨਹੀਂ ਹੈ।

**ਪ੍ਰਿੰਸੀਪਲ ਬੁੱਧ ਰਾਮ:** ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਹਲਕਾ ਬੁਢਲਾਡਾ ਵਿੱਚ ਕੁੱਲ 59 ਵਾਟਰ ਵਰਕਸ ਹਨ ਅਤੇ ਇਨ੍ਹਾਂ ਵਿੱਚੋਂ 3 ਵਾਟਰ ਵਰਕਸ ਰਾਹੀਂ ਧਰਤੀ ਹੇਠਲਾ ਪਾਣੀ ਲੋਕਾਂ ਨੂੰ ਸਪਲਾਈ ਕੀਤਾ ਜਾਂਦਾ ਹੈ। ਮੇਰੀ ਬੇਨਤੀ ਹੈ ਕਿ ਤਿੰਨੇ ਵਾਟਰ ਵਰਕਸ ਬਹੁਤ ਜ਼ਰੂਰੀ ਹਨ। ਸਿਰਫ਼ 7-8 ਲੱਖ ਰੁਪਏ ਨਾਲ ਉਨ੍ਹਾਂ ਨੂੰ ਸਾਫ਼ ਪਾਣੀ ਮਿਲ ਜਾਵੇਗਾ। ਇੱਕ ਸਾਡਾ ਪਿੰਡ ਮੰਡੇਰ ਹੈ, ਉਸ ਦੀ ਪਾਈਪਲਾਈਨ ਚੋਕ ਹੋ ਗਈ ਹੈ।

**ਮਾਣਯੋਗ ਸਪੀਕਰ**: ਤੁਹਾਡਾ ਸਮਾਂ ਖਤਮ ਹੋ ਜਾਣਾ ਹੈ।

**ਪ੍ਰਿੰਸੀਪਲ ਬੁੱਧ ਰਾਮ:** ਮੇਰੀ ਬੇਨਤੀ ਹੈ ਕਿ ਉਹ ਜ਼ਰੂਰ ਕੰਮ ਕਰਵਾ ਦੇਣ ਜੀ। ਇਹ ਗੱਲ ਕੁਝ ਵੀ ਨਹੀਂ ਹੈ। ਇੰਨੇ ਵੱਡੇ ਮਹਿਕਮੇ ਵਿਚ ਤਿੰਨ ਵਾਟਰ ਵਰਕਸ ਕਿੰਨੀ ਕੁ ਵੱਡੀ ਗੱਲ ਹੈ?

**ਮਾਣਯੋਗ ਸਪੀਕਰ**: ਮੰਤਰੀ ਜੀ, ਦੋਧੜਾ ਸਾਹਿਬ ਵਿਚ ਜਿਹੜਾ ਗੁਰਦੁਆਰਾ ਸਾਹਿਬ ਹੈ, ਉਸ ਦਾ ਵੀ ਕੋਈ ਪਾਈਪ ਦਾ ਮਸਲਾ ਹੈ, ਉਹ ਵੀ ਧਿਆਨ ਕਰਕੇ ਕਰਵਾ ਦਿਓ ਜੀ।

**ਮੰਤਰੀ**: ਠੀਕ ਹੈ, ਮਾਣਯੋਗ ਸਪੀਕਰ ਸਾਹਿਬ।

**ਮਾਣਯੋਗ ਸਪੀਕਰ** : ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਕੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

-------

## WRITTEN ANSWER TO STARRED QUESTION LAID ON THE TABLE OF THE HOUSE UNDER RULE 38

### ਅਟਾਰੀ ਤੋਂ ਕਪੂਰਥਲਾ ਤੱਕ ਜਾਣ ਵਾਲੇ ਮਹੱਤਪੂਰਨ ਸੜਕ ਮਾਰਗ ਵੱਲ ਧਿਆਨ ਦਿਵਾਉਣਾ

***1852. ਸਰਦਾਰ ਹਰਮੀਤ ਸਿੰਘ ਸੰਧੂ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਟਾਰੀ (ਸਰਹੱਦੀ ਇਲਾਕਾ) ਤੋਂ ਸਰਾਏ ਅਮਾਨਤ ਖਾਂ, ਤਰਨ ਤਾਰਨ, ਗੋਇੰਦਵਾਲ ਸਾਹਿਬ, ਸੁਲਤਾਨਪੁਰ ਲੋਧੀ ਰਾਹੀਂ ਕਪੂਰਥਲਾ ਤੱਕ ਜਾਣ ਵਾਲੇ ਮਹੱਤਵਪੂਰਨ ਸੜਕ ਮਾਰਗ ਦੀ ਉਸਾਰੀ ਲਈ ਕੋਈ ਪ੍ਰਾਜੈਕਟ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਸ ਨੂੰ ਅਮਲੀ ਰੂਪ ਦੇ ਦਿੱਤਾ ਜਾਵੇਗਾ?

**ਸਰਦਾਰ ਹਰਭਜਨ ਸਿੰਘ :** ਅਟਾਰੀ (ਸਰਹੱਦੀ ਇਲਾਕਾ) ਤੋਂ ਸਰਾਏ ਅਮਾਨਤ ਖਾਂ, ਤਰਨ ਤਾਰਨ, ਗੋਇੰਦਵਾਲ ਸਾਹਿਬ, ਸੁਲਤਾਨਪੁਰ ਲੋਧੀ ਰਾਹੀਂ ਕਪੂਰਥਲਾ ਤੱਕ ਜਾਣ ਵਾਲੀ ਸੜਕ ਦੇ ਅਟਾਰੀ ਤੋਂ ਝਬਾਲ ਚੌਕ, ਤਰਨਤਾਰਨ ਸਾਹਿਬ ਤੱਕ 40.50 ਕਿ.ਮੀ ਅਤੇ ਤਰਨਤਾਰਨ ਸ਼ਹਿਰ ਦੇ ਬਾਈਪਾਸ (4.50 ਕਿ.ਮੀ) ਤੇ periodic renewal ਦਾ ਕੰਮ ਪ੍ਰਗਤੀ ਅਧੀਨ ਹੈ। ਇਸ ਕੰਮ ਦੀ ਲਾਗਤ 22.56 ਕਰੋੜ ਰੁਪਏ ਹੈ ਅਤੇ 50% ਕੰਮ ਮੁਕੰਮਲ ਹੋ ਚੁੱਕਾ ਹੈ। ਬਾਕੀ ਰਹਿੰਦੇ ਕੰਮ ਨੂੰ ਜਲਦ ਹੀ ਮੁਕੰਮਲ ਕਰ ਲਿਆ ਜਾਵੇਗਾ।

ਸੜਕ ਦਾ ਦੂਜਾ ਹਿੱਸਾ ਤਰਨਤਾਰਨ ਸਾਹਿਬ ਤੋਂ ਗੋਇੰਦਵਾਲ ਸਾਹਿਬ-ਕਪੂਰਥਲਾ ਤੱਕ NH-703 AA ਹੈ ਅਤੇ ਇਸ ਦੀ ਲੰਬਾਈ 50.25 ਕਿ.ਮੀ ਹੈ। ਇਸ ਸੜਕ ਨੂੰ 2019 ਵਿੱਚ ਨੈਸ਼ਨਲ ਹਾਈਵੇਅ ਡਿਕਲੇਅਰ ਕਰਕੇ ਇਸ ਦਾ ਨਾਂ ਸ੍ਰੀ ਗੁਰੂ ਨਾਨਕ ਦੇਵ ਜੀ ਮਾਰਗ ਰੱਖਿਆ ਗਿਆ ਸੀ। ਇਸ ਉਪਰੰਤ ਇਸ ਹਿੱਸੇ ਨੂੰ ਚਹੁੰ-ਮਾਰਗੀ ਕਰਨ ਲਈ ਸੜਕੀ ਆਵਾਜਾਈ ਅਤੇ ਹਾਈਵੇਜ਼ ਮੰਤਰਾਲੇ, ਨਵੀਂ ਦਿੱਲੀ ਵੱਲੋਂ ਕੰਸਲਟੈਂਟ ਦੀ ਨਿਯੁਕਤੀ ਸਾਲ 2021 ਵਿੱਚ ਕੀਤੀ ਗਈ ਸੀ। ਟ੍ਰੈਫਿਕ ਘੱਟ ਹੋਣ ਕਾਰਨ ਅਤੇ ਦਿੱਲੀ-ਕੱਟੜਾ ਐਕਸਪ੍ਰੈਸਵੇਅ ਦੀ ਉਸਾਰੀ ਹੋਣ ਕਾਰਨ ਭਾਰਤ ਸਰਕਾਰ ਦੇ ਸੜਕੀ ਆਵਾਜਾਈ ਅਤੇ ਹਾਈਵੇਜ਼ ਮੰਤਰਾਲੇ, ਨਵੀਂ ਦਿੱਲੀ ਨੇ ਜੁਲਾਈ, 2025 ਵਿੱਚ ਚਹੁੰ-ਮਾਰਗੀ ਕਰਨ ਦਾ ਪ੍ਰਸਤਾਵ defer ਕਰ ਦਿੱਤਾ ਹੈ। ਇਸ ਸੜਕ ਦੀ periodic renewal ਡਿਊ ਹੈ ਅਤੇ ਇਸ ਬਾਬਤ ਅਨੁਮਾਨ ਤਿਆਰ ਕੀਤੇ ਜਾ ਰਹੇ ਹਨ। ਅਨੁਮਾਨ ਮਨਜ਼ੂਰ ਹੋਣ ਉਪਰੰਤ ਇਹ ਕੰਮ ਵੀ ਸ਼ੁਰੂ ਕਰਵਾ ਦਿੱਤਾ ਜਾਵੇਗਾ।

-------

## UNSTARRED QUESTIONS AND ANSWERS

### ਪ੍ਰਾਹੁਣਾਚਾਰੀ ਵਿਭਾਗ ਵਿੱਚ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨਾ

**604. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਕੀ ਪ੍ਰਾਹੁਣਾਚਾਰੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪ੍ਰਾਹੁਣਾਚਾਰੀ ਵਿਭਾਗ ਵਿਚ ਜਨਵਰੀ, 2007 ਤੋਂ ਕਿੰਨੇ ਤੇ ਕਿਹੜੇ ਦਰਜੇ ਦੇ ਮੁਲਾਜ਼ਮ ਕਦੋਂ ਕਦੋਂ ਠੇਕੇ ਤੇ ਜਾਂ ਵੱਖ-ਵੱਖ ਸਕੀਮਾਂ ਰਾਹੀਂ ਭਰਤੀ ਕੀਤੇ ਗਏ ਸਨ, ਇਨ੍ਹਾਂ ਕਰਮਚਾਰੀਆਂ ਨੂੰ ਪ੍ਰਤੀ ਮਹੀਨਾ ਕਿੰਨੀ ਕਿੰਨੀ ਤਨਖਾਹ ਦਿੱਤੀ ਜਾ ਰਹੀ ਹੈ, ਕੀ ਇਨ੍ਹਾਂ ਕਰਮਚਾਰੀਆਂ ਨੂੰ ਰੈਗੂਲਰ ਕਰਮਚਾਰੀਆਂ ਦੇ ਬਰਾਬਰ ਕੰਮ

ਬਰਾਬਰ ਤਨਖਾਹ ਦਿੱਤੀ ਜਾ ਰਹੀ ਹੈ ਅਤੇ ਇਨ੍ਹਾਂ ਨੂੰ ਕਿਰਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਈ.ਸੀ.ਐਸ., ਈ.ਪੀ.ਐਫ. ਅਤੇ ਬੀਮਾ ਆਦਿ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ;

(ਅ) ਕੀ ਠੇਕੇ ਤੇ ਕੰਮ ਕਰ ਰਹੇ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਅਤੇ ਅੱਗੇ ਤੋਂ ਵਿਭਾਗ ਵਿੱਚ ਠੇਕੇ ਤੇ ਭਰਤੀ ਪੱਕੇ ਤੌਰ ਤੇ ਬੰਦ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਨ੍ਹਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰ ਦਿੱਤਾ ਜਾਵੇਗਾ;

(ੲ) ਕੀ ਉਪਰੋਕਤ ਭਾਗ (ਅ) ਵਿੱਚ ਵਰਣਿਤ ਕਰਮਚਾਰੀਆਂ ਦੀ ਭਰਤੀ ਵਿਚ ਲੋੜੀਂਦੀ ਸੰਵਿਧਾਨਿਕ ਰਿਜਰਵੇਸ਼ਨ ਪਾਲਿਸੀ ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਲੋੜੀਂਦੀ ਪ੍ਰਤੀਨਿਧਤਾ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਵਰਣਿਤ ਸਮੇਂ ਦੇ ਅੰਦਰ ਕੀਤੀ ਗਈ ਕੁੱਲ ਭਰਤੀ ਅਤੇ ਉਨ੍ਹਾਂ ਵਿੱਚੋਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਕਰਮਚਾਰੀਆਂ ਦੀ ਗਿਣਤੀ ਦਰਸਾਉਂਦਾ ਵਿਵਰਣ ਮੁਹੱਈਆ ਕਰਵਾਇਆ ਜਾਵੇ; ਜੇਕਰ ਨਹੀਂ ਤਾਂ ਭਰਤੀ ਵਿਚ ਰਿਜਰਵੇਸ਼ਨ ਪਾਲਿਸੀ ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਲੋੜੀਂਦੀ ਪ੍ਰਤੀਨਿਧਤਾ ਕਦੋਂ ਤੱਕ ਦੇ ਦਿੱਤੀ ਜਾਵੇਗੀ; ਸੰਵਿਧਾਨਿਕ ਰਿਜ਼ਰਵੇਸ਼ਨ ਪਾਲਿਸੀ ਦੀ ਉਲੰਘਣਾ ਕਰਨ ਲਈ ਕਿਹੜੇ ਕਿਹੜੇ ਅਧਿਕਾਰੀ ਜ਼ਿੰਮੇਵਾਰ ਹਨ ਅਤੇ ਅਜਿਹੇ ਅਧਿਕਾਰੀਆਂ ਖਿਲਾਫ ਸਰਕਾਰ ਨੇ ਕੀ ਕਾਰਵਾਈ ਕੀਤੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:**

(ੳ) ਇਸ ਵਿਭਾਗ ਵਿਚ ਜਨਵਰੀ, 2007 ਤੋਂ ਕੋਈ ਵੀ ਕਰਮਚਾਰੀ ਠੇਕੇ ਦੇ ਆਧਾਰ ਠੇਕੇ ਦੇ ਆਧਾਰ ਜਾਂ ਵੱਖ-ਵੱਖ ਸਕੀਮਾਂ ਰਾਹੀਂ ਭਰਤੀ ਨਹੀਂ ਕੀਤਾ ਗਿਆ।

(ਅ) ਲਾਗੂ ਨਹੀਂ ਹੈ ਜੀ।

(ੲ) ਲਾਗੂ ਨਹੀਂ ਹੈ ਜੀ।

-------

**ਝੋਨੇ ਦੀ ਖਰੀਦ (2025-26) ਵਿੱਚ ਹੋਈਆਂ ਬੇਨਿਯਮੀਆਂ ਦੀ ਜਾਂਚ**

**605. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਕੀ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਸਰਕਾਰ ਨੂੰ 2025-26 ਦੇ ਸੀਜ਼ਨ ਲਈ ਜੇ-ਫਾਰਮ ਜੈਨਰੇਟ ਕਰਨ ਅਤੇ ਕਮਿਸ਼ਨ ਏਜੰਟ (ਆੜ੍ਹਤੀਆਂ) ਦੀਆਂ ਅਦਾਇਗੀਆਂ ਕਰਨ ਵਿੱਚ ਬੇਨਿਯਮੀਆਂ ਬਾਰੇ ਕੇਂਦਰ ਸਰਕਾਰ ਤੋਂ ਕੋਈ ਵਿਸ਼ੇਸ਼ ਨਿਰਦੇਸ਼ ਜਾਂ "ਕਾਰਨ ਦੱਸੋ" ਨੋਟਿਸ ਪ੍ਰਾਪਤ ਹੋਏ ਹਨ; ਜੇਕਰ ਅਜਿਹਾ ਹੋਵੇ ਤਾਂ ਜਾਂਚ ਦੇ ਨਤੀਜਿਆਂ ਦੇ ਵੇਰਵੇ ਕੀ ਹਨ;

(ਅ) ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਪੈਦਾਵਾਰ ਦੇ ਹੋਏ ਨੁਕਸਾਨ ਦੇ ਬਾਵਜੂਦ ਖਰੀਦ ਦੀ ਮਾਤਰਾ ਪਿਛਲੇ ਸਾਲਾਂ ਦੇ ਬਰਾਬਰ ਕਿਵੇਂ ਰਹੀ ਅਤੇ ਕੀ ਸਰਕਾਰ ਨੇ ਇਨ੍ਹਾਂ ਅੰਕੜਿਆਂ ਨੂੰ ਵਧਾਉਣ ਲਈ "ਰਾਜ ਤੋਂ ਬਾਹਰ" ਝੋਨੇ ਦੀ ਸੰਭਾਵਿਤ ਰੀ-ਸਾਈਕਲਿੰਗ ਦੀ ਜਾਂਚ ਕੀਤੀ ਹੈ;

(ੲ) ਕੀ ਪ੍ਰਾਈਵੇਟ ਅਤੇ ਸਹਿਕਾਰੀ ਰਾਈਸ ਮਿੱਲਾਂ ਵਿੱਚ ਸਟਾਕ ਦੀ ਫਿਜ਼ੀਕਲ ਤਸਦੀਕ ਲਈ ਵਿਸ਼ੇਸ਼ ਪ੍ਰੋਟੋਕੋਲ ਦੀ ਪਾਲਣਾ ਕੀਤੀ ਜਾਂਦੀ ਹੈ ਅਤੇ ਬੇਨਾਮ ਜਾਂ ਅਯੋਗ ਕਿਸਾਨਾਂ ਨੂੰ ਵੰਡੇ ਗਏ "ਜਾਅਲੀ ਭੁਗਤਾਨ" ਦੇ ਦੋਸ਼ਾਂ ਪ੍ਰਤੀ ਸਰਕਾਰ ਦਾ ਜਵਾਬ ਕੀ ਹੈ;

(ਸ) ਕੀ ਸਰਕਾਰ ਇਨ੍ਹਾਂ ਬੇਨਿਯਮੀਆਂ ਵਿੱਚ ਸ਼ਾਮਲ ਪਾਏ ਗਏ ਅਧਿਕਾਰੀਆਂ ਅਤੇ ਏਜੰਟਾਂ ਵਿਰੁੱਧ ਸ਼ੁਰੂ ਕੀਤੀ ਗਈ ਅਨੁਸ਼ਾਸਨੀ ਜਾਂ ਕਾਨੂੰਨੀ ਕਾਰਵਾਈ ਦਾ ਵੇਰਵਾ ਦੇਵੇਗੀ ?

**ਸ੍ਰੀ ਲਾਲ ਚੰਦ:**

(ੳ) ਕੇਂਦਰ ਸਰਕਾਰ ਵੱਲੋਂ ਖਰੀਫ ਸੀਜ਼ਨ 2025-26 ਦੌਰਾਨ J-ਫਾਰਮ ਜਾਰੀ ਕਰਨ ਅਤੇ ਕਮਿਸ਼ਨ ਏਜੰਟਾਂ (ਆੜ੍ਹਤੀਆਂ) ਨੂੰ ਭੁਗਤਾਨ ਕਰਨ ਵਿੱਚ ਗੜਬੜੀਆਂ ਸੰਬੰਧੀ ਕੋਈ ਵਿਸ਼ੇਸ਼ ਹਦਾਇਤਾਂ ਪ੍ਰਾਪਤ ਨਹੀਂ ਹੋਈਆਂ ਹਨ।

(ਅ) ਖਰੀਫ ਸੀਜ਼ਨ 2025-26 ਵਿੱਚ ਝੋਨੇ ਦੀ ਸਰਕਾਰੀ ਖਰੀਦ ਲਗਭਗ 156.58 ਲੱਖ ਮੀਟ੍ਰਿਕ ਟਨ ਹੈ, ਜਦਕਿ ਖਰੀਫ ਸੀਜ਼ਨ 2024-25 ਅਤੇ ਖਰੀਫ ਸੀਜ਼ਨ 2023-24 ਵਿੱਚ ਇਹ ਅੰਕੜੇ ਕ੍ਰਮਵਾਰ 173.33 ਲੱਖ ਮੀਟ੍ਰਿਕ ਟਨ ਅਤੇ 185.28 ਲੱਖ ਮੀਟ੍ਰਿਕ ਟਨ ਸਨ। ਇਸ ਤਰ੍ਹਾਂ ਖਰੀਫ ਸੀਜ਼ਨ 2025-26 ਵਿੱਚ ਝੋਨੇ ਦੀ ਖਰੀਦ ਵਿੱਚ ਕਮੀ ਦਰਜ ਕੀਤੀ ਗਈ ਹੈ।

(ੲ) ਸਰਕਾਰੀ ਝੋਨਾ ਸੰਭਾਲ ਰਹੀਆਂ ਸਾਰੀਆਂ ਮਿੱਲਾਂ ਵਿੱਚ ਝੋਨੇ ਦੇ ਸਟਾਕ ਦੀ ਭੌਤਿਕ ਜਾਂਚ (Physical Verification) ਕਸਟਮ ਮਿਲਿੰਗ ਪਾਲਿਸੀ ਅਨੁਸਾਰ ਨਿਰਧਾਰਤ ਸਮਾਂ-ਸੂਚੀ ਮੁਤਾਬਕ ਨਿਯਮਿਤ ਤੌਰ 'ਤੇ ਕੀਤੀ ਜਾਂਦੀ ਹੈ। ਸੀਜ਼ਨ ਦੇ ਅੰਤ ਵਿੱਚ ਝੋਨੇ ਦੀ ਮਿਲਿੰਗ ਸ਼ੁਰੂ ਹੋਣ ਤੋਂ ਪਹਿਲਾਂ ਐਫ.ਸੀ.ਆਈ. ਨਾਲ ਮਿਲ ਕੇ 'ਕਲੋਜ਼ਰ ਪੀਵੀਜ਼' (Closure PVs) ਵੀ ਕੀਤੀਆਂ ਗਈਆਂ ਹਨ। ਕਿਸਾਨਾਂ ਨੂੰ ਭੁਗਤਾਨ ਲੈਂਡ ਇੰਟੀਗ੍ਰੇਸ਼ਨ, ਪ੍ਰਤੀ ਏਕੜ ਉਪਜ ਦੀ ਸੀਮਾ ਅਤੇ ਬਾਇਓਮੀਟ੍ਰਿਕ ਪਹਿਚਾਣ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਸਾਰੇ ਭੁਗਤਾਨ ਆਨਲਾਈਨ ਵਿਧੀ ਰਾਹੀਂ ਕੀਤੇ ਜਾਂਦੇ ਹਨ ਅਤੇ ਬੋਗਸ ਭੁਗਤਾਨ ਦੀ ਕੋਈ ਸੰਭਾਵਨਾ ਨਹੀਂ ਹੈ।

(ਸ) ਇਸ ਮੱਦ ਦਾ ਜਵਾਬ ਮੱਦ (ੳ) ਤੋਂ (ੲ) ਵਿੱਚ ਦਿੱਤੇ ਗਏ ਜਵਾਬ ਅਨੁਸਾਰ ਲਾਗੂ ਨਹੀਂ ਹੁੰਦਾ।

-------

## ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਵਿੱਚ ਸਰਕਾਰੀ ਗੈਸਟ ਹਾਊਸ ਬਣਾਉਣਾ

**620. ਡਾਕਟਰ ਨਛੱਤਰ ਪਾਲ** : ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਵਿਖੇ ਕੋਈ ਸਰਕਾਰੀ ਗੈਸਟ ਹਾਊਸ ਨਹੀਂ ਹੈ; ਜੇਕਰ ਅਜਿਹਾ

ਹੋਵੇ ਤਾਂ ਇੱਥੇ ਇੱਕ ਸਰਕਾਰੀ ਗੈਸਟ ਹਾਊਸ ਉਸਾਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ** : ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਵਿਖੇ ਇਸ ਵਿਭਾਗ ਦਾ ਕੋਈ ਗੈਸਟ ਹਾਊਸ ਨਹੀਂ ਹੈ ਅਤੇ ਨਾ ਹੀ ਗੈਸਟ ਹਾਊਸ ਬਣਾਉਣ ਦੀ ਕੋਈ ਤਜਵੀਜ਼ ਵਿਚਾਰ ਅਧੀਨ ਹੈ।

-------

**'ਪੋਸਟ ਮੈਟ੍ਰਿਕ ਸਕਾਲਰਸ਼ਿਪ' ਸਕੀਮ ਅਧੀਨ ਜਾਰੀ ਕੀਤੇ ਫੰਡਾਂ ਦੇ ਵੇਰਵੇ**

**621. ਡਾਕਟਰ ਨਛੱਤਰ ਪਾਲ** : ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਸਾਲ 2022 ਤੋਂ 2026 ਹੁਣ ਤੱਕ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਕਿੰਨੇ ਬੱਚਿਆਂ ਨੇ ਪੜ੍ਹਾਈ ਕੀਤੀ ਹੈ, ਇਸ ਸਕੀਮ ਅਧੀਨ ਬੱਚਿਆਂ ਦੀ ਗਿਣਤੀ ਮੁਤਾਬਕ ਸਾਲਵਾਰ ਕਿੰਨੇ ਪੈਸੇ ਲੋੜੀਂਦੇ ਸਨ ਅਤੇ ਸਰਕਾਰ ਵੱਲੋਂ ਕਿੰਨੇ-ਕਿੰਨੇ ਪੈਸੇ ਕਦੋਂ-ਕਦੋਂ ਜਾਰੀ ਕੀਤੇ ਹਨ; ਸਾਲਵਾਰ ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਜੀਤ ਕੌਰ:** ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਤਹਿਤ ਸਾਲ 2022-23 ਤੋਂ ਸਾਲ 2025-26 ਤੱਕ ਸੂਚਨਾ ਹੇਠ ਲਿਖੇ ਅਨੁਸਾਰ ਹੈ :

| ਸਾਲ | ਵਿਦਿਆਰਥੀ | ਲੋੜੀਂਦੀ ਰਾਸ਼ੀ | ਜਾਰੀ ਰਾਸ਼ੀ | ਰਾਸ਼ੀ ਕਦੋਂ ਜਾਰੀ ਕੀਤੀ |
|---|---|---|---|---|
| 2022-23 | 226427 | 221.09 | 221.09 | 2022-23 |
| 2023-24 | 214558 | 229.38 | 229.38 | 134.14 ਕਰੋੜ ਰੁਪਏ (2023-24)<br>95.25 ਕਰੋੜ ਰੁਪਏ (2024-25) |
| 2024-25 | 237456 | 267.54 | 267.54 | 242.01 ਕਰੋੜ ਰੁਪਏ (2024-25)<br>25.54 ਕਰੋੜ ਰੁਪਏ (2025-26) |
| 2025-26 | 191429 | 219.46 | 219.46 | 219.46 ਕਰੋੜ ਰੁਪਏ (2025-26) |

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸਾਲ 2025-26 ਲਈ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ 2,45,139 ਵਿਦਿਆਰਥੀਆਂ ਦਾ ਪ੍ਰਮਾਣਿਤ ਡਾਟਾ ਪ੍ਰਾਪਤ ਹੋਇਆ ਸੀ। ਇਨ੍ਹਾਂ ਵਿੱਚੋਂ ਉੱਪਰ ਦਰਸਾਏ ਅਨੁਸਾਰ 219.46 ਕਰੋੜ ਰੁਪਏ ਦੀ ਰਕਮ 1,91,429 ਵਿਦਿਆਰਥੀਆਂ ਲਈ ਜਾਰੀ ਕੀਤੀ ਜਾ ਚੁੱਕੀ ਹੈ। ਬਾਕੀ ਰਹਿੰਦੇ 53,710 ਵਿਦਿਆਰਥੀਆਂ ਦੀ ਬਕਾਇਆ ਰਕਮ ਜਲਦੀ ਹੀ ਜਾਰੀ ਕੀਤੀ ਜਾ ਰਹੀ ਹੈ।

--------

**ਸ਼ਗਨ ਸਕੀਮ (ਅਸ਼ੀਰਵਾਦ ਸਕੀਮ) ਅਧੀਨ ਦਿੱਤੇ ਗਏ ਸ਼ਗਨ ਦੇ ਵੇਰਵੇ**

**622. ਡਾਕਟਰ ਨਛੱਤਰ ਪਾਲ:** ਕੀ ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸ਼ਗਨ ਸਕੀਮ (ਅਸ਼ੀਰਵਾਦ ਸਕੀਮ) ਤਹਿਤ ਸਾਲ 2022 ਤੋਂ ਹੁਣ ਤੱਕ ਕਿੰਨੇ ਗਰੀਬ ਮਾਪਿਆਂ ਦੀਆਂ ਧੀਆਂ ਦੇ ਵਿਆਹਾਂ ਤੇ ਸ਼ਗਨ ਦਿੱਤਾ ਗਿਆ ਹੈ ਅਤੇ ਕਿੰਨੇ ਲਾਭਪਾਤਰੀਆਂ ਨੂੰ ਸ਼ਗਨ ਦੀ ਅਦਾਇਗੀ ਸਮੇਂ ਸਿਰ ਕੀਤੀ ਗਈ;

(ਅ) ਕਿੰਨੇ ਲਾਭਪਾਤਰੀਆਂ ਨੂੰ ਅਜੇ ਤੱਕ ਸ਼ਗਨ ਦੇਣਾ ਪੈਂਡਿੰਗ ਹੈ, ਇਨ੍ਹਾਂ ਸਾਰੇ ਲਾਭਪਾਤਰੀਆਂ ਨੂੰ ਸ਼ਗਨ ਸਕੀਮ ਦੇ ਪੈਸਿਆਂ ਦੀ ਅਦਾਇਗੀ ਸਮੇਂ ਸਿਰ ਨਾ ਕਰਨ ਦੇ ਕੀ ਕਾਰਨ ਹਨ ਅਤੇ ਕਦੋਂ ਤੱਕ ਇਨ੍ਹਾਂ ਵਿਆਹੀਆਂ ਧੀਆਂ ਨੂੰ ਸ਼ਗਨ ਦੀ ਅਦਾਇਗੀ ਕਰ ਦਿੱਤੀ ਜਾਵੇਗੀ; ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਜੀਤ ਕੌਰ:**

(ੳ) ਸ਼ਗਨ ਸਕੀਮ (ਅਸ਼ੀਰਵਾਦ ਸਕੀਮ) ਤਹਿਤ ਸਾਲ 2022 ਤੋਂ ਹੁਣ ਤੱਕ (ਅਪ੍ਰੈਲ 2022 ਤੋਂ ਹੁਣ ਤੱਕ) 2,08,592 ਗਰੀਬ ਮਾਪਿਆਂ ਦੀਆਂ ਧੀਆਂ ਦੇ ਵਿਆਹਾਂ ਤੇ ਸਮੇਂ ਸਿਰ ਸ਼ਗਨ ਦਾ ਲਾਭ ਦਿੱਤਾ ਗਿਆ ਹੈ।

(ਅ) ਬਾਕੀ ਰਹਿੰਦੇ 4723 ਲਾਭਪਾਤਰੀਆਂ ਨੂੰ ਸਕੀਮ ਤਹਿਤ ਲਾਭ ਦੇਣ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ, ਮਿਤੀ 31-03-2026 ਤੱਕ ਬਾਕੀ ਰਹਿੰਦੇ ਲਾਭਪਾਤਰੀਆਂ ਨੂੰ ਅਦਾਇਗੀ ਕਰ ਦਿੱਤੀ ਜਾਵੇਗੀ ਜੀ।

-------

**ਸੈਕਟਰ 39-ਸੀ, ਚੰਡੀਗੜ੍ਹ ਵਿੱਚ ਕੈਟਾਗਰੀ 1, ਗਰਾਊਂਡ ਫਲੋਰ ਵਿੱਚ ਟਾਈਲਾਂ ਲਗਾਉਣਾ**

**623. ਸ੍ਰੀ ਜਗਦੀਪ ਕੰਬੋਜ ਗੋਲਡੀ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੈਕਟਰ 39-ਸੀ, ਚੰਡੀਗੜ੍ਹ ਵਿੱਚ ਕੈਟਾਗਰੀ 1, ਗਰਾਊਂਡ ਫਲੋਰ ਦੇ ਕੁੱਲ ਕਿੰਨੇ ਫਲੈਟ/ਮਕਾਨ ਹਨ; ਕੀ ਸਰਕਾਰ ਨੇ ਇਨ੍ਹਾਂ ਗਰਾਊਂਡ ਫਲੋਰ ਦੇ ਫਲੈਟਾਂ/ਮਕਾਨਾਂ ਵਿੱਚ ਅਗਲੇ ਅਤੇ ਪਿਛਲੇ ਵਿਹੜਿਆਂ ਵਿੱਚ ਟਾਈਲਾਂ ਲਗਾ ਦਿੱਤੀਆਂ ਹਨ; ਜੇਕਰ ਨਹੀਂ ਤਾਂ ਇਨ੍ਹਾਂ ਵਿੱਚ ਟਾਈਲਾਂ ਕਦੋਂ ਤੱਕ ਲਗਾ ਦਿੱਤਾ ਜਾਣਗੀਆਂ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਭਜਨ ਸਿੰਘ:** ਸੈਕਟਰ 39-ਸੀ, ਚੰਡੀਗੜ੍ਹ ਵਿਖੇ ਪ੍ਰਾਂਤਕ ਮੰਡਲ, ਲੋਕ ਨਿਰਮਾਣ ਵਿਭਾਗ (ਭ ਤੇ ਮ) ਸ਼ਾਖਾ ਅਧੀਨ ਹੇਠ ਦਰਸਾਏ ਗਰਾਊਂਡ ਫਲੋਰ ਦੇ ਫਲੈਟ ਹਨ :-

1. ਕੈਟਾਗਰੀ-1 (ਗਰੁੱਪ-1 ਮਕਾਨ ਨੰ: 2583-2618 = 36 ਨੰ.)
2. ਕੈਟਾਗਰੀ-1 (ਗਰੁੱਪ-2 ਮਕਾਨ ਨੰ: 2561-2582 = 22 ਨੰ.)
3. ਕੈਟਾਗਰੀ-1 (ਗਰੁੱਪ-4 ਮਕਾਨ ਨੰ: 2487-2502, 2535-2542 = 24 ਨੰ.)
4. ਕੈਟਾਗਰੀ-1 (ਗਰੁੱਪ-1ਏ ਮਕਾਨ ਨੰ: 2471-2486, 2503-2518= 32 ਨੰ.)

5. ਕੈਟਾਗਰੀ-1 (ਗਰੁੱਪ-1ਬੀ ਮਕਾਨ ਨੰ: 2519-2534, 2543-2560 = 34 ਨੰ.)

ਕੁੱਲ = 148 ਨੰਬਰ ਮਕਾਨ

ਪ੍ਰਾਂਤਕ ਮੰਡਲ, ਲੋਕ ਨਿਰਮਾਣ ਵਿਭਾਗ (ਭ ਤੇ ਮ) ਸ਼ਾਖਾ, ਚੰਡੀਗੜ੍ਹ ਅਧੀਨ ਸੈਕਟਰ 39-ਸੀ, ਚੰਡੀਗੜ੍ਹ ਵਿਖੇ ਕੈਟਾਗਰੀ-1 ਦੇ ਇਨ੍ਹਾਂ ਕੁੱਲ 148 ਨੰਬਰ ਸਰਕਾਰੀ ਮਕਾਨਾਂ ਵਿੱਚ ਗਰਾਊਂਡ ਫਲੋਰ ਦੇ ਫਲੈਟਸ ਵਿੱਚੋਂ 23 ਨੰਬਰ ਮਕਾਨਾਂ (ਗਰੁੱਪ-1, 2 ਅਤੇ 4) ਦੇ ਵਿੱਚ ਅਗਲੇ ਅਤੇ ਪਿਛਲੇ ਵਿਹੜੇ ਵਿੱਚ ਟਾਈਲਾਂ ਲੱਗ ਚੁੱਕੀਆ ਹਨ ਅਤੇ 61 ਨੰਬਰ ਮਕਾਨਾਂ ਵਿੱਚ ਟਾਈਲਾਂ ਲਗਾਉਣ ਦਾ ਕੰਮ ਪ੍ਰਗਤੀ ਅਧੀਨ ਹੈ। ਬਾਕੀ ਰਹਿੰਦੇ 64 ਮਕਾਨਾਂ (ਗਰੁੱਪ 1-ਏ ਅਤੇ 1-ਬੀ) ਦਾ ਅਗਲੇ ਅਤੇ ਪਿਛਲੇ ਵਿਹੜੇ ਵਿੱਚ ਟਾਈਲਾਂ ਲਗਾਉਣ ਦਾ ਅਨੁਮਾਨ ਜਲਦ ਤੋਂ ਜਲਦ ਤਿਆਰ ਕਰਕੇ ਆਗਾਮੀ ਵਿੱਤੀ ਵਰ੍ਹੇ ਵਿੱਚ ਕਰ ਦਿੱਤਾ ਜਾਵੇਗਾ ਜੀ।

------

## ਡੂੰਗੀਆਂ-ਬੀਨੇਵਾਲ ਤੋਂ ਖੁਰਾਲਗੜ੍ਹ ਸਾਹਿਬ ਸੜਕ ਦੀ ਮੌਜੂਦਾ ਸਥਿਤੀ

**625. ਡਾਕਟਰ ਨਛੱਤਰ ਪਾਲ** : ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਡੂੰਗੀਆਂ–ਬੀਨੇਵਾਲ ਤੋਂ ਇਤਿਹਾਸਕ ਤਪ ਅਸਥਾਨ ਖੁਰਾਲਗੜ੍ਹ ਸਾਹਿਬ (ਨੇੜੇ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ) ਨੂੰ ਜਾਂਦੀ ਜਿਹੜੀ ਸੜਕ ਦਾ ਸਰਵੇ ਬੇਗਮਪੁਰਾ ਹੈਰੀਟੇਜ ਪ੍ਰੋਜੈਕਟ ਸਮੇਂ ਹੋਇਆ ਸੀ, ਦੀ ਮੌਜੂਦਾ ਸਥਿਤੀ ਕੀ ਹੈ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ**: ਡੂੰਗੀਆਂ-ਬੀਨੇਵਾਲ ਤੋਂ ਇਤਿਹਾਸਕ ਤਪ ਅਸਥਾਨ ਖੁਰਾਲਗੜ੍ਹ ਸਾਹਿਬ (ਨੇੜੇ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ) ਨੂੰ ਜਾਂਦੀ ਸੜਕ ਦਾ ਸਰਵੇ ਬੇਗਮਪੁਰਾ ਹੈਰੀਟੇਜ ਪ੍ਰੋਜੈਕਟ ਸਮੇਂ ਹੋਇਆ ਸੀ। ਇਸ ਸੜਕ ਨੂੰ ਸਪੈਸ਼ਲ ਅਸਿਸਟੈਂਸ ਟੂ ਸਟੇਟਸ ਫਾਰ ਕੈਪੀਟਲ ਇਨਵੈਸਟਮੈਂਟ ਸਾਲ 2026-27 ਪਾਰਟ-2 ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਵਿੱਤੀ ਸਾਲ 2026-27 ਵਿੱਚ ਇਸ ਸੜਕ ਦੀ ਮੁਰੰਮਤ ਦਾ ਕੰਮ ਕਰਵਾ ਦਿੱਤਾ ਜਾਵੇਗਾ।

-------

## ਹੀਰੋ ਖੁਰਦ, ਅੱਕਾਂਵਾਲੀ ਅਤੇ ਸ਼ੇਖੂਪੁਰ ਖੁਡਾਲ ਵਿਖੇ ਆਮ ਆਦਮੀ ਕਲੀਨਿਕ ਖੋਲ੍ਹਣਾ

**627. ਪ੍ਰਿੰਸੀਪਲ ਬੁੱਧ ਰਾਮ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ ਕਈ ਪਿੰਡ ਜਿਵੇਂ ਹੀਰੋ ਖੁਰਦ, ਅੱਕਾਂਵਾਲੀ ਅਤੇ ਸ਼ੇਖੂਪੁਰ ਖੁਡਾਲ ਵਿਖੇ ਕੋਈ ਵੀ ਆਮ ਆਦਮੀ ਕਲੀਨਿਕ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਇਨ੍ਹਾਂ ਪਿੰਡਾਂ ਵਿੱਚ ਆਮ ਆਦਮੀ ਕਲੀਨਿਕ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਡਾਕਟਰ ਬਲਬੀਰ ਸਿੰਘ** : ਸ਼੍ਰੀਮਾਨ ਜੀ, ਹਲਕਾ ਬੁਢਲਾਡਾ ਦੇ ਪਿੰਡ ਹੀਰੋ ਖੁਰਦ, ਅੱਕਾਂਵਾਲੀ ਅਤੇ ਸ਼ੇਖੂਪੁਰ ਖੁਡਾਲ ਵਿਖੇ ਕੋਈ ਵੀ ਆਮ ਆਦਮੀ ਕਲੀਨਿਕ ਨਹੀਂ ਹੈ। ਇੱਥੇ ਇਹ ਦੱਸਣਯੋਗ ਹੈ ਕਿ ਜਿਨ੍ਹਾਂ ਪਿੰਡਾਂ ਦੀ ਅਬਾਦੀ ਇੱਕ ਹਜ਼ਾਰ ਤੋਂ ਵੱਧ ਹੈ ਅਤੇ ਕੋਈ ਵੀ ਸਿਹਤ ਸੰਸਥਾ ਮੌਜੂਦ ਨਹੀਂ ਹੈ, ਉਨ੍ਹਾਂ ਪਿੰਡਾਂ ਵਿਖੇ ਸਰਕਾਰ ਵੱਲੋਂ ਜਲਦ ਹੀ

ਪਿੰਡ ਕਲੀਨਿਕ ਖੋਲ੍ਹੇ ਜਾ ਰਹੇ ਹਨ। ਹਲਕਾ ਬੁਢਲਾਡਾ ਦੇ ਉਕਤ ਤਿੰਨ ਪਿੰਡਾਂ ਵਿੱਚ ਵੀ ਜਲਦ ਹੀ ਪਿੰਡ ਕਲੀਨਿਕ ਖੋਲ੍ਹਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

-------

**ਫਾਰਮਾਸਿਸਟ ਦੀਆਂ ਜਾਬ ਰਿਸਪਾਂਸਿਬਿਲਟੀਜ਼ ਦੇ ਵੇਰਵੇ**

**628. ਸ਼੍ਰੀ ਨਰਿੰਦਰ ਪਾਲ ਸਿੰਘ ਸਵਨਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਫਾਰਮਾਸਿਸਟ ਦੀ ਅਸਾਮੀ ਦੀਆਂ ਜਾਬ ਰਿਸਪਾਸਿਬਿਲਟੀਜ਼ ਕੀ ਹਨ ਅਤੇ ਕਿਹੜੇ-ਕਿਹੜੇ ਕੰਮ/ਡਿਊਟੀਆਂ ਉਨ੍ਹਾਂ ਦੇ ਕਾਰਜ ਖੇਤਰ ਵਿੱਚ ਸ਼ਾਮਲ ਹਨ?

**ਡਾਕਟਰ ਬਲਬੀਰ ਸਿੰਘ:** ਸ਼੍ਰੀਮਾਨ ਜੀ, ਪੰਜਾਬ ਰਾਜ ਵਿੱਚ ਕੰਮ ਕਰਦੇ ਫਾਰਮਾਸਿਸਟਾਂ ਦੀਆਂ ਜਾਬ ਰਿਸਪਾਸਿਬਿਲੀਟੀਜ਼ ਅਤੇ ਡਿਊਟੀਆਂ ਹੇਠ ਲਿਖੇ ਅਨੁਸਾਰ ਹਨ:-

1. ਮੈਡੀਕਲ ਅਫ਼ਸਰ ਦੁਆਰਾ ਜਾਰੀ ਕੀਤੀ ਗਈ ਪਰਚੀ (Prescriptions) ਅਨੁਸਾਰ ਦਵਾਈਆਂ ਵੰਡਣਾ ਅਤੇ ਦਵਾਈਆਂ ਦਾ ਰਿਕਾਰਡ ਰੱਖਣਾ।

2. ਮਰੀਜ਼ਾਂ ਨੂੰ ਇੰਜੈਕਸ਼ਨ ਲਗਾਉਣਾ ਅਤੇ ਮੈਡੀਕਲ ਅਫ਼ਸਰ ਦੀ ਨਿਗਰਾਨੀ ਹੇਠ ਆਈ.ਵੀ. ਇੰਜੈਕਸ਼ਨ ਲਗਾਉਣਾ।

3. ਮੈਡੀਕਲ ਅਫ਼ਸਰ ਦੀ ਗੈਰ-ਮੌਜੂਦਗੀ ਵਿੱਚ, ਫਾਰਮਾਸਿਸਟ ਕਿਸੇ ਹੋਰ ਸਰਕਾਰੀ ਮੈਡੀਕਲ ਅਫ਼ਸਰ ਨਾਲ ਟੈਲੀਫੋਨ 'ਤੇ ਸਲਾਹ ਕਰਨ ਤੋਂ ਬਾਅਦ ਦਵਾਈ ਲਿਖ ਸਕਦਾ ਹੈ ਜਾਂ ਦੇ ਸਕਦਾ ਹੈ। ਫਾਰਮਾਸਿਸਟ ਪਰਚੀ ਉੱਤੇ ਸਲਾਹ ਦੇਣ ਵਾਲੇ ਮੈਡੀਕਲ ਅਫ਼ਸਰ ਦਾ ਨਾਮ, ਅਹੁਦਾ ਅਤੇ ਤਾਇਨਾਤੀ ਵਾਲੀ ਥਾਂ ਦਾ ਰਿਕਾਰਡ ਦਰਜ ਕਰੇਗਾ। ਇਸ ਤੋਂ ਇਲਾਵਾ, ਇਹ ਵੀ ਦਸਤਾਵੇਜ਼ੀ ਤੌਰ 'ਤੇ ਦਰਜ ਕੀਤਾ ਜਾਣਾ ਚਾਹੀਦਾ ਹੈ ਕਿ ਤਾਇਨਾਤ ਮੈਡੀਕਲ ਅਫ਼ਸਰ ਮੌਜੂਦ ਨਹੀਂ ਹੈ ਜਾਂ ਦੌਰੇ 'ਤੇ ਹੈ ਜਾਂ ਨਿਯੁਕਤ ਨਹੀਂ ਹੈ ਜਾਂ ਛੁੱਟੀ 'ਤੇ ਹੈ।

4. ਡਿਊਟੀ ਤੋਂ ਬਾਅਦ ਐਮਰਜੈਂਸੀ ਡਿਊਟੀਆਂ ਨਿਭਾਉਣਾ ਅਤੇ ਐਮਰਜੈਂਸੀ ਦਵਾਈਆਂ ਦੀ ਕਿੱਟ ਦਾ ਰੱਖ ਰਖਾਅ ਰੱਖਣਾ।

5. ਮੈਡੀਕਲ ਅਫ਼ਸਰ ਦੀ ਮੈਡੀਕੋ-ਲੀਗਲ, ਪੋਸਟ-ਮਾਰਟਮ, ਆਪ੍ਰੇਸ਼ਨ ਦੇ ਕੰਮ, ਡਿਲੀਵਰੀ ਅਤੇ ਆਪ੍ਰੇਸ਼ਨ ਤੋਂ ਬਾਅਦ ਦੀ ਦੇਖਭਾਲ ਵਿੱਚ ਸਹਾਇਤਾ ਕਰਨਾ।

6. ਦਵਾਈਆਂ/ਸਰਜੀਕਲ ਉਪਕਰਨਾਂ ਅਤੇ ਵੈਕਸੀਨ ਸਟੋਰਾਂ ਦੀ ਸਾਂਭ-ਸੰਭਾਲ ਕਰਨਾ। (ਫਾਰਮਾਸਿਸਟ/ਚੀਫ਼ ਫਾਰਮਾਸਿਸਟ ਦੀ ਇਹ ਡਿਊਟੀ ਹੋਵੇਗੀ ਕਿ ਉਹ ਅਗਲੇ ਛੇ ਮਹੀਨਿਆਂ ਵਿੱਚ ਮਿਆਦ ਖਤਮ (expire) ਹੋਣ ਵਾਲੀਆਂ ਦਵਾਈਆਂ ਦੀ ਸੂਚੀ ਮੈਡੀਕਲ ਅਫ਼ਸਰ, ਐਸ.ਐਮ.ਓ. (SMO) ਜਾਂ ਸਬੰਧਤ ਅਧਿਕਾਰੀ ਦੇ ਧਿਆਨ ਵਿੱਚ ਲਿਆਵੇ।)

7. ਉਹ ਪਰਚੀ ਫੀਸ (parche-fee) ਅਤੇ ਪੈਸਿਆਂ ਦੇ ਹੋਰ ਖਾਤਿਆਂ ਦਾ ਰਿਕਾਰਡ ਆਪਣੇ ਕੋਲ ਰੱਖੇਗਾ/ਰੱਖੇਗੀ, ਜਦੋਂ ਉਸ ਨੂੰ ਇਸ ਸਬੰਧੀ ਪੁੱਛਿਆ ਜਾਵੇਗਾ।

8. ਜੇਕਰ ਸਿਖਲਾਈ ਲੈ ਰਹੇ ਫਾਰਮਾਸਿਸਟ (trainee pharmacists) ਉਸ ਨਾਲ ਡਿਊਟੀ 'ਤੇ ਲਗਾਏ ਜਾਂਦੇ ਹਨ ਤਾਂ ਉਨ੍ਹਾਂ ਨੂੰ ਪ੍ਰੈਕਟੀਕਲ ਗਿਆਨ ਦੇਣਾ ਅਤੇ ਇਸ ਦਾ ਰਿਕਾਰਡ ਮੇਨਟੇਨ ਕਰਕੇ ਰੱਖਣਾ।

9. ਮੈਡੀਕਲ ਅਫ਼ਸਰ ਦੀ ਗੈਰ-ਮੌਜੂਦਗੀ ਵਿੱਚ ਉਹ ਸਿਵਲ ਡਿਸਪੈਂਸਰੀ/ਮਿੰਨੀ ਪੀ.ਐਚ.ਸੀ. ਦਾ ਇੰਚਾਰਜ ਹੋਵੇਗਾ/ਹੋਵੇਗੀ।

10. ਮੈਡੀਕਲ ਅਫ਼ਸਰ (ਮਿੰਨੀ PHCs) ਦੀ ਅਗਵਾਈ ਹੇਠ ਸਮੇਂ ਸਿਰ ਸੰਖੇਪ ਰਿਪੋਰਟਾਂ ਤਿਆਰ ਕਰਕੇ ਦੇਣਾ।

11. ਫਾਰਮੇਸੀ ਦੇ ਕੰਮ ਦੇ ਸਬੰਧ ਵਿੱਚ ਮੈਡੀਕਲ ਅਫ਼ਸਰ/ਚੀਫ਼ ਫਾਰਮਾਸਿਸਟ ਦੁਆਰਾ ਸੌਂਪੀ ਗਈ ਕੋਈ ਵੀ ਡਿਊਟੀ ਨਿਭਾਉਣਾ।

-------

## ਫਾਜ਼ਿਲਕਾ ਦੀ ਬਾਂਧਾ ਝੀਲ ਦੀ ਤਾਜ਼ਾ ਸਥਿਤੀ

**629. ਸ੍ਰੀ ਨਰਿੰਦਰ ਪਾਲ ਸਿੰਘ ਸਵਨਾ:** ਕੀ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਹਲਕਾ ਫਾਜ਼ਿਲਕਾ ਵਿਖੇ ਬਾਂਧਾ ਝੀਲ ਨਿਰਮਾਣ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦਾ 20.02.2026 ਤੱਕ ਕਿੰਨਾ ਕੰਮ ਮੁਕੰਮਲ ਹੋ ਚੁੱਕਿਆ ਹੈ ਅਤੇ ਕਿੰਨਾ ਖਰਚ ਕੀਤਾ ਜਾ ਚੁੱਕਿਆ ਹੈ;

(ਅ) ਉਪਰੋਕਤ ਝੀਲ ਉੱਤੇ ਕਿੰਨਾ ਖਰਚਾ ਕੀਤਾ ਜਾਣਾ ਹੈ ?

**ਸਰਦਾਰ ਤਰੁਨਪ੍ਰੀਤ ਸਿੰਘ ਸੋਂਦ:** (ੳ) ਹਲਕਾ ਫਾਜ਼ਿਲਕਾ ਵਿਖੇ ਬਾਂਧਾ ਝੀਲ ਨਿਰਮਾਣ ਸਬੰਧੀ ਵਿਭਾਗ ਵਿੱਚ ਹਾਲ ਦੀ ਘੜੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

(ਅ) ਜਵਾਬ ਲੜੀ ਨੰ. (ੳ) ਅਨੁਸਾਰ ਹੈ।

-------

## ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਦੇਣਾ

**637. ਸ੍ਰੀਮਤੀ ਸਰਵਜੀਤ ਕੌਰ ਮਾਣੂਕੇ :** ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਪਿੱਛੇ ਜਿਹੇ ਹੜ੍ਹਾਂ ਦੀ ਸਥਿਤੀ ਗੰਭੀਰ ਰਹੀ ਹੈ, ਜਿਸ ਨਾਲ ਹਲਕਾ ਜਗਰਾਉਂ ਦੇ ਪਿੰਡ

ਬਾਘੀਆ, ਬਹਾਦਰਕੇ, ਸ਼ੇਰੇਵਾਲ, ਮੱਧੇਪੁਰ, ਕੰਨੀਆ ਹੁਸੈਨੀ ਆਦਿ ਪਿੰਡਾਂ ਵਿੱਚ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ, ਜਿਸ ਵਿੱਚ ਕੰਨੀਆ ਹੁਸੈਨੀ ਅਤੇ ਮੱਧੇਪੁਰ ਨੂੰ ਮੁਆਵਜ਼ਾ ਦਿੱਤਾ ਜਾ ਚੁੱਕਿਆ ਹੈ ਪ੍ਰੰਤੂ ਬਾਘੀਆ, ਬਹਾਦਰਕੇ, ਸ਼ੇਰੇਵਾਲ ਨੂੰ ਹਾਲੇ ਤੱਕ ਹੜ੍ਹਾਂ ਦੇ ਨੁਕਸਾਨ ਦਾ ਕੋਈ ਵੀ ਮੁਆਵਜ਼ਾ ਨਹੀਂ ਦਿੱਤਾ ਗਿਆ; ਜੇਕਰ ਅਜਿਹਾ ਹੈ ਤਾਂ ਇਨ੍ਹਾਂ ਬਾਕੀ ਰਹਿੰਦੇ ਪਿੰਡਾਂ ਨੂੰ ਮੁਆਵਜ਼ਾ ਕਦੋਂ ਤੱਕ ਦੇ ਦਿੱਤਾ ਜਾਵੇਗਾ?

**ਸਰਦਾਰ ਹਰਦੀਪ ਸਿੰਘ ਮੁੰਡੀਆਂ:** ਸ੍ਰੀਮਾਨ ਜੀ, ਪਿੱਛੇ ਜਿਹੇ ਹੜ੍ਹਾਂ ਕਾਰਨ ਹਲਕਾ ਜਗਰਾਉਂ ਦੇ ਪਿੰਡ ਬਾਘੀਆ, ਬਹਾਦਰਕੇ, ਸ਼ੇਰੇਵਾਲ, ਮੱਧੇਪੁਰ, ਕੰਨੀਆ ਹੁਸੈਨੀ ਆਦਿ ਪਿੰਡਾਂ ਵਿੱਚ ਫਸਲਾਂ ਦਾ ਨੁਕਸਾਨ ਹੋਇਆ ਹੈ, ਜਿਸ ਵਿੱਚ ਕੰਨੀਆ ਹੁਸੈਨੀ ਅਤੇ ਮੱਧੇਪੁਰ ਨੂੰ ਮੁਆਵਜ਼ਾ ਦਿੱਤਾ ਜਾ ਚੁੱਕਿਆ ਹੈ। ਪਿੰਡ ਬਾਘੀਆ, ਬਹਾਦਰਕੇ ਅਤੇ ਸ਼ੇਰੇਵਾਲ ਵਿਖੇ ਫਸਲਾਂ ਦੇ ਹੋਏ ਖਰਾਬੇ ਦਾ ਮੁਆਵਜ਼ਾ ਦੇਣ ਸਬੰਧੀ ਤਜਵੀਜ਼ ਵਿਚਾਰ ਅਧੀਨ ਹੈ।

-------

## ਡਰੇਨ ਨੂੰ ਪੱਕਾ ਕਰਨਾ

**640. ਸ੍ਰੀਮਤੀ ਸਰਵਜੀਤ ਕੌਰ ਮਾਣੂਕੇ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਗਰਾਉਂ ਸ਼ਹਿਰ ਵਿਚੋਂ ਲੰਘਦੀ ਡ੍ਰੇਨ ਜੋ ਕਿ ਨਾਨਕਸਰ ਵੱਲ ਜਾਂਦੀ ਹੈ, ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਸ ਤੇ ਅਮਲ ਕੀਤਾ ਜਾਵੇਗਾ?

**ਸ੍ਰੀ ਸੰਜੀਵ ਅਰੋੜਾ:** ਮਾਲ ਵਿਭਾਗ ਦੇ ਰਿਕਾਰਡ ਅਨੁਸਾਰ ਜਗਰਾਉਂ ਸ਼ਹਿਰ ਵਿਚੋਂ ਲੰਘਦੀ ਡ੍ਰੇਨ, ਜੋ ਕਿ ਨਾਨਕਸਰ ਵੱਲ ਜਾਂਦੀ ਹੈ, ਦੀ ਮਾਲਕ ਪ੍ਰੋਵਿਨਸ਼ੀਅਲ ਸਰਕਾਰ ਹੈ ਅਤੇ ਕਾਸ਼ਤਕਾਰ ਦੇ ਖਾਨੇ ਵਿਚ ਮਕਬੂਜ਼ਾ ਨਹਿਰੀ ਡਰੇਨ ਦਰਜ ਹੈ। ਇਸ ਡਰੇਨ ਨੂੰ ਪੱਕਾ ਕਰਨ ਸਬੰਧੀ ਹਾਲ ਦੀ ਘੜੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

-------

## ਗੁਰੂ ਗੋਬਿੰਦ ਸਿੰਘ ਮਾਰਗ (ਲੱਖਾ-ਮਾਣੂੰਕੇ) ਸੜਕ ਦਾ ਨਿਰਮਾਣ

**641. ਸ੍ਰੀਮਤੀ ਸਰਵਜੀਤ ਕੌਰ ਮਾਣੂਕੇ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਗੁਰੂ ਗੋਬਿੰਦ ਸਿੰਘ ਮਾਰਗ (ਲੱਖਾ-ਮਾਣੂੰਕੇ) ਲਿੰਕ ਸੜਕ ਦੀ ਉਸਾਰੀ ਕਾਫੀ ਸਮਾਂ ਬੀਤ ਜਾਣ ਦੇ ਬਾਵਜੂਦ ਪੂਰੀ ਨਹੀਂ ਕੀਤੀ ਗਈ; ਜੇਕਰ ਅਜਿਹਾ ਹੈ ਤਾਂ ਇਸ ਸੜਕ ਦੀ ਉਸਾਰੀ ਦਾ ਕੰਮ ਹਾਲੇ ਤੱਕ ਪੂਰਾ ਨਾ ਹੋਣ ਦੇ ਕੀ ਕਾਰਨ ਹਨ ਅਤੇ ਇਹ ਸੜਕ ਕਦੋਂ ਤੱਕ ਬਣ ਕੇ ਤਿਆਰ ਹੋ ਜਾਵੇਗੀ?

**ਸਰਦਾਰ ਹਰਭਜਨ ਸਿੰਘ:** ਗੁਰੂ ਗੋਬਿੰਦ ਸਿੰਘ ਮਾਰਗ (ਜੀ.ਜੀ.ਐਸ. ਮਾਰਗ) ਇੱਕ ਪਲੈਨ ਰੋਡ ਹੈ, ਜਿਸ ਦਾ ਰੋਡ ਕੋਡ ODR-31 ਹੈ, ਇਸ ਸੜਕ ਦੀ ਲੰਬਾਈ 18.30 ਕਿ.ਮੀ. ਹੈ। ਇਸ ਸੜਕ ਦਾ ਕੰਮ ਮੈਸ: ਦਾਸ ਬਿਲਡਰਜ਼ ਨੂੰ ਇਸ ਵਿਭਾਗ ਵੱਲੋਂ ਅਲਾਟ ਕੀਤਾ ਗਿਆ ਸੀ। ਏਜੰਸੀ ਵੱਲੋਂ ਮੌਕੇ ਉੱਤੇ 74% ਕੰਮ ਮੁਕੰਮਲ ਕਰ ਲਿਆ ਗਿਆ ਹੈ। ਪਿਛਲੇ ਕੁਝ ਮਹੀਨਿਆਂ ਦੌਰਾਨ ਸਰਦੀ ਦੇ ਮੌਸਮ ਕਾਰਨ ਬਾਕੀ ਕੰਮ ਸਮੇਂ ਸਿਰ ਮੁਕੰਮਲ ਨਹੀਂ ਕੀਤਾ ਜਾ ਸਕਿਆ।

ਕੰਮ ਸਮੇਂ ਸਿਰ ਮੁਕੰਮਲ ਨਾ ਕਰਨ ਕਾਰਨ ਏਜੰਸੀ ਨੂੰ ਪੈਨਲਟੀ ਲਗਾਈ ਗਈ ਅਤੇ ਬਕਾਇਆ ਕੰਮ ਨੂੰ ਮੁਕੰਮਲ ਕਰਨ ਲਈ ਏਜੰਸੀ ਨਾਲ ਤਾਲਮੇਲ ਕਰਕੇ ਮਿਤੀ 30-04-2026 ਤੱਕ ਮੁਕੰਮਲ ਕਰਵਾ ਦਿੱਤਾ ਜਾਵੇਗਾ।

-------

**ਸੀਵਰੇਜ ਦੀ ਸਮੱਸਿਆ ਦਾ ਹੱਲ ਕਰਨਾ**

**644. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਹਲਕਾ ਜਗਰਾਉਂ ਸ਼ਹਿਰ ਦੇ 23 ਦੇ 23 ਵਾਰਡਾਂ ਵਿਚ ਕੋਈ ਵੀ ਵਿਕਾਸ ਕਾਰਜ ਹਾਲੇ ਤੱਕ ਨਹੀਂ ਹੋਇਆ ਜਿਵੇਂ ਕਿ ਸੀਵਰੇਜ ਦੀ ਸਮੱਸਿਆ ਹੈ, ਗਲੀਆਂ ਵਿਚ ਪਾਣੀ ਖੜ੍ਹਾ ਰਹਿੰਦਾ ਹੈ ਅਤੇ ਨਾਲੀਆਂ block ਪਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ਇਹ ਸਾਰੇ ਕੰਮ ਨੇਪਰੇ ਚੜ੍ਹਨਗੇ; ਵੇਰਵੇ ਸਹਿਤ ਦੱਸਿਆ ਜਾਵੇ;

(ਅ) ਕੀ ਇਹ ਵੀ ਠੀਕ ਹੈ ਕਿ ਜਗਰਾਉਂ ਸ਼ਹਿਰ ਦੇ ਕਮਲ ਚੌਕ ਵਿਚ ਬਰਸਾਤੀ ਪਾਣੀ ਦੀ ਬਹੁਤ ਸਮੱਸਿਆ ਹੈ, ਜਦੋਂ ਬਾਰਿਸ਼ ਹੁੰਦੀ ਹੈ ਤਾਂ ਸ਼ਹਿਰ ਵਿਚ ਲਗਭਗ 4-4 ਫੁੱਟ ਪਾਣੀ ਭਰ ਜਾਂਦਾ ਹੈ, ਜਿਸ ਕਾਰਨ ਲੋਕਾਂ ਦਾ ਆਪਣੇ ਘਰ ਵਿਚੋਂ ਬਾਹਰ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ; ਜੇਕਰ ਅਜਿਹਾ ਹੈ ਤਾਂ ਜਗਰਾਉਂ ਸ਼ਹਿਰ ਦੀ ਸੀਵਰੇਜ ਦੀ ਸਮੱਸਿਆ ਦਾ ਕਦੋਂ ਤੱਕ ਹੱਲ ਕਰ ਦਿੱਤਾ ਜਾਵੇਗਾ?

**ਸ੍ਰੀ ਸੰਜੀਵ ਅਰੋੜਾ:**

(ੳ) ਹਾਂ ਜੀ। ਨਗਰ ਕੌਂਸਲ, ਜਗਰਾਉਂ ਵਲੋਂ ਸ਼ਹਿਰ ਦੇ 23 ਦੇ 23 ਵਾਰਡਾਂ ਵਿਚ ਵਿਕਾਸ ਦੇ ਵੱਖ-ਵੱਖ ਕੰਮ, ਜਿਨ੍ਹਾਂ ਵਿਚ ਗਲੀਆਂ/ਸੜਕਾਂ ਦੀ ਉਸਾਰੀ, ਸੀਵਰੇਜ ਦੀ ਸਾਫ-ਸਫਾਈ ਦਾ ਕੰਮ, ਨਾਲੀਆਂ/ਨਾਲਿਆਂ ਦੀ ਉਸਾਰੀ ਆਦਿ ਦੇ ਕੰਮਾਂ ਦੇ 616.01 ਲੱਖ ਰੁਪਏ ਦੇ ਟੈਂਡਰ ਲਗਾਉਣ ਉਪਰੰਤ ਵਰਕ ਆਰਡਰ ਜਾਰੀ ਕਰਕੇ ਜ਼ਿਆਦਾਤਰ ਕੰਮ ਸ਼ੁਰੂ ਕਰਵਾਏ ਜਾ ਚੁੱਕੇ ਹਨ। ਇਸ ਤੋਂ ਇਲਾਵਾ ਨਗਰ ਕੌਂਸਲ ਵਲੋਂ ਸੀਵਰੇਜ ਦੀ ਸਫਾਈ ਦੇ ਕੰਮ ਲਈ 45.00 ਲੱਖ ਰੁਪਏ ਦਾ ਵਰਕ ਆਰਡਰ ਜਾਰੀ ਕੀਤਾ ਜਾ ਚੁੱਕਾ ਹੈ ਅਤੇ ਜਲਦ ਹੀ ਇਹ ਕੰਮ ਵੀ ਸ਼ੁਰੂ ਹੋ ਜਾਵੇਗਾ।

(ਅ) ਹਾਂ ਜੀ, ਜਗਰਾਉਂ ਸ਼ਹਿਰ ਦੇ ਕਮਲ ਚੌਕ ਅਤੇ ਨਾਲ ਲੱਗਦੇ ਇਲਾਕਿਆਂ ਵਿਚ ਬਰਸਾਤਾਂ ਦੇ ਦਿਨਾਂ ਵਿਚ ਪਾਣੀ ਦੀ ਸਮੱਸਿਆ ਦੀ ਨਿਕਾਸੀ ਲਈ ਤਖਮੀਨਾ ਤਿਆਰ ਕੀਤਾ ਗਿਆ, ਜਿਸ ਦੀ ਲਾਗਤ ਤਕਰਬੀਨ 12 ਕਰੋੜ ਰੁਪਏ, ਹੁਣ ਯੂ.ਆਈ.ਡੀ.ਐਫ. ਦੇ ਟਰੈਂਚ 3 ਦੇ ਅਧੀਨ ਇਨ੍ਹਾਂ ਕੰਮਾਂ ਦੇ ਫੰਡਾਂ ਦੀ ਵਿਵਸਥਾ ਰੱਖੀ ਜਾ ਰਹੀ ਹੈ। ਤਿਆਰ ਕੀਤੇ ਗਏ ਤਖਮੀਨੇ ਦੀ ਪ੍ਰਵਾਨਗੀ ਅਤੇ ਫੰਡਜ਼ ਦੀ ਉਪਲਬਧਤਾ ਅਨੁਸਾਰ ਮੌਕੇ ਤੇ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ। ਇਹ ਕੰਮ 12 ਮਹੀਨਿਆਂ ਵਿਚ ਮੁਕੰਮਲ ਕਰ ਦਿੱਤਾ ਜਾਵੇਗਾ।

-------

## MATTERS RAISED DURING ZERO HOUR

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਮਾਣਯੋਗ ਸਪੀਕਰ ਸਾਹਿਬ, ਤੁਸੀਂ ਗੁਰੂ ਘਰ ਨੂੰ ਬਹੁਤ ਪਿਆਰ ਕਰਨ ਵਾਲੇ ਹੋ, ਫੇਥ ਕਰਨ ਵਾਲੇ ਹੋ, ਅਸੀਂ ਸਾਰੇ ਹੀ ਕਰਨ ਵਾਲੇ ਹਾਂ। ਮੇਰੀ ਤੁਹਾਨੂੰ ਗੁਜ਼ਾਰਿਸ਼ ਹੈ ਕਿ ਭਾਈ ਗੁਰਜੀਤ ਸਿੰਘ ਖਾਲਸਾ ਸਮਾਣਾ ਵਿਖੇ ਬੀ.ਐਸ.ਐਨ.ਐੱਲ ਦੇ ਟਾਵਰ ਉੱਤੇ, ਜੋ ਕਿ 400 ਫੁੱਟ ਉੱਚਾ ਹੈ, ਪਿਛਲੇ ਸਵਾ-ਡੇਢ ਸਾਲ ਤੋਂ ਚੜ੍ਹੇ ਹੋਏ ਹਨ। ਉਨ੍ਹਾਂ ਦੀ ਮੰਗ ਹੈ ਕਿ THE PUNJAB PREVENTION OF OFFENCES AGAINST HOLY SCRIPTURES BILL, 2025 ਤੇ ਸਰਕਾਰ ਕਾਨੂੰਨ ਕਿਉਂ ਨਹੀਂ ਲੈ ਕੇ ਆ ਰਹੀ? ਇਸ ਕਾਨੂੰਨ ਨੂੰ ਹਾਊਸ ਵੱਲੋਂ ਸਿਲੈਕਟ ਕਮੇਟੀ ਨੂੰ ਘੱਲਿਆਂ ਨੂੰ ਤਕਰੀਬਨ 8 ਮਹੀਨੇ ਹੋ ਚੁੱਕੇ ਹਨ। ਕਿਰਪਾ ਕਰਕੇ ਇਸ ਤੇ ਅੱਜ before session ਗੌਰਮਿੰਟ ਆਪਣਾ ਸਟੈਂਡ ਕਲੀਅਰ ਕਰੇ ਕਿਉਂਕਿ ਸਾਰਾ ਪੰਜਾਬ ਚਾਹੁੰਦਾ ਹੈ ਅਤੇ ਤੁਹਾਡੇ ਤੋਂ ਉਮੀਂਦ ਰੱਖਦਾ ਹੈ, ਬਾਕੀਆਂ ਤੋਂ ਤਾਂ ਭਾਵੇਂ ਘੱਟ ਰੱਖੇ ਪਰ ਤੁਹਾਡੇ ਤੋਂ ਅਸੀਂ ਜ਼ਰੂਰ ਰੱਖਦੇ ਹਾਂ ਕਿ ਅਸੀਂ ਕਦੋਂ ਇਸ ਤੇ ਕਾਨੂੰਨ ਲੈ ਕੇ ਆਵਾਂਗੇ because from every point of view, it is very very important. ਕਿਰਪਾ ਕਰਕੇ ਇਸ ਤੇ ਅੱਜ ਸਟੇਟਮੈਂਟ ਜ਼ਰੂਰ ਦਿੱਤੀ ਜਾਵੇ। ਧੰਨਵਾਦ ਜੀ।

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ (ਧਰਮਕੋਟ):** ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਅੱਜ ਜ਼ੀਰੋ ਆਵਰ ਤੇ ਬੋਲਣ ਦਾ ਮੌਕਾ ਦਿੱਤਾ ਹੈ।

**ਮਾਣਯੋਗ ਸਪੀਕਰ:** ਤੁਸੀਂ ਬਾਕੀਆਂ ਵਾਂਗ ਆਪਣੇ ਗਲੇ ਵਿੱਚ ਚੋਗਾ ਨਹੀਂ ਪਾਇਆ? ਕੀ ਤੁਹਾਡੇ ਮੇਚ ਦਾ ਨਹੀਂ ਸੀ।

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ:** ਸਪੀਕਰ ਸਾਹਿਬ, ਪਾਇਆ ਸੀ। ਮੈਨੂੰ ਗਰਮੀ ਲੱਗੀ ਤੇ ਮੈਂ ਲਾਹ ਦਿੱਤਾ ਜੀ। ਮੈਂ ਦੁਬਾਰਾ ਪਾ ਲੈਂਦਾ ਹਾਂ। ਸਰ, ਜ਼ਿਲ੍ਹਾ ਮੋਗਾ ਕਹਿਣ ਨੂੰ ਤਾਂ ਸੈਂਟਰ ਹੈ, ਉੱਥੇ ਡਾਕਟਰਾਂ ਦੀ ਘਾਟ ਦਾ ਮੁੱਦਾ ਮੈਂ ਪਹਿਲਾਂ ਵੀ ਹਾਊਸ ਵਿੱਚ ਚੁੱਕਿਆ ਸੀ ਪਰ ਇਸ ਵਾਰ ਮੈਂ ਬਿਜਲੀ ਬੋਰਡ, ਪੀ.ਐਸ.ਪੀ.ਸੀ.ਐੱਲ. ਦੇ ਮੁਲਾਜ਼ਮਾਂ ਦੀ ਘਾਟ ਬਾਰੇ ਦੱਸਣਾ ਚਾਹੁੰਦਾ ਹਾਂ। ਮੈਂ ਫਿੱਗਰਜ਼ ਨਾਲ ਦੱਸਦਾ ਹਾਂ। ਸਾਡੇ ਜ਼ਿਲ੍ਹੇ ਵਿੱਚ ਲਾਈਨਮੈਨਜ਼ ਦੀਆਂ 80% ਪੋਸਟਾਂ, ਅਸਿਸਟੈਂਟ ਲਾਈਨਮੈਂਨਾਂ ਦੀਆਂ 63% ਪੋਸਟਾਂ ਅਤੇ ਜੇ.ਈ. ਦੀਆਂ 65% ਪੋਸਟਾਂ ਵੇਕੈਂਟ ਹਨ। ਰੈਵੈਨਿਊ ਅਕਾਊਂਟੈਂਟ, ਜਿਨ੍ਹਾਂ ਉੱਪਰ ਸਾਰਾ ਕੰਮ ਹੁੰਦਾ ਹੈ ਕਿਉਂਕਿ ਸਾਰਾ ਕੁਝ ਆਨ-ਲਾਈਨ ਹੋ ਗਿਆ ਹੈ, ਮੇਰੇ ਹਲਕੇ ਵਿੱਚ ਟੋਟਲ 4 ਪੋਸਟਾਂ ਹਨ ਜਿਨ੍ਹਾਂ ਵਿੱਚੋਂ ਤਿੰਨ ਪੋਸਟਾਂ ਵੇਕੈਂਟ ਹਨ। ਇੱਕ ਮੈਂ ਤੁਹਾਡਾ ਧਿਆਨ ਮੇਰੇ ਜ਼ਿਲ੍ਹੇ ਦੇ ਰੈਵੈਨਿਊ ਡਿਪਾਰਟਮੈਂਟ ਵੱਲ ਲਿਆਉਣਾ ਚਾਹੁੰਦਾ ਹਾਂ ਜਿੱਥੇ ਪਟਵਾਰੀਆਂ ਦੀਆਂ 190 ਸੈਂਕਸ਼ਨਡ ਪੋਸਟਾਂ ਹਨ ਪਰੰਤੂ ਸਿਰਫ 78 ਪੋਸਟਾਂ ਹੀ ਭਰੀਆਂ ਹੋਈਆਂ ਹਨ, 112 ਪੋਸਟਾਂ ਖਾਲੀ ਹਨ। ਅਸੀਂ ਪਿਛਲੇ ਸਾਲ 25 ਪਟਵਾਰੀਆਂ ਨੂੰ ਟਰੇਨਿੰਗ ਦਿੱਤੀ ਸੀ। ਸਪੀਕਰ ਸਾਹਿਬ, ਟਰੇਨਿੰਗ ਅਸੀਂ ਕਰਵਾਈ ਪਰੰਤੂ ਉਨ੍ਹਾਂ ਦੀਆਂ ਨਿਯੁਕਤੀਆਂ ਸਾਡੇ ਜ਼ਿਲ੍ਹੇ ਤੋਂ ਬਾਹਰ ਕਰ ਦਿੱਤੀਆਂ ਗਈਆਂ। ਇਸੇ ਤਰ੍ਹਾਂ ਕਾਨੂੰਗੋ ਦੀਆਂ ਵੀ ਸਾਡੇ ਜ਼ਿਲ੍ਹੇ ਦੇ ਵਿੱਚ ਟੋਟਲ 28 ਪੋਸਟਾਂ ਹਨ ਪਰੰਤੂ 14 ਪੋਸਟਾਂ ਹੀ ਭਰੀਆਂ ਹੋਈਆਂ ਹਨ ਅਤੇ 14 ਪੋਸਟਾਂ ਖਾਲੀ ਹਨ। ਕੱਲ੍ਹ ਹੀ ਇੱਕ ਕਾਨੂੰਗੋ ਦੀ ਬਦਲੀ ਆਰਜ਼ੀ ਤੌਰ ਤੇ ਕਪੂਰਥਲਾ ਕਰ ਦਿੱਤੀ ਗਈ। ਸਰ, ਮੈਂ ਤੁਹਾਡੇ ਮਾਧਿਅਮ ਰਾਹੀਂ ਸਦਨ ਵਿੱਚ ਇਹ ਮੰਗ ਕਰਦਾ ਹਾਂ ਕਿ ਇਹ ਪੋਸਟਾਂ ਜਲਦੀ ਤੋਂ ਜਲਦੀ ਭਰੀਆਂ ਜਾਣ। ਧੰਨਵਾਦ।

**ਮਾਣਯੋਗ ਸਪੀਕਰ:** ਸ੍ਰੀ ਅਸ਼ੋਕ ਪਰਾਸ਼ਰ ਜੀ, ਤੁਸੀਂ ਸ਼ੁਰੂ ਵਿੱਚ ਕੁਐਸਚਨ ਆਵਰ ਵੇਲੇ ਕੁਝ ਕਹਿਣਾ ਚਾਹੁੰਦੇ ਸੀ?

**ਸ੍ਰੀ ਅਸ਼ੋਕ ਪਰਾਸ਼ਰ (ਪੱਪੀ) (ਲੁਧਿਆਣਾ ਕੇਂਦਰੀ)** : ਸਪੀਕਰ ਸਾਹਿਬ, ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ ਸਿਵਲ ਹਸਪਤਾਲ ਵਿੱਚ ਨਸ਼ਾ ਛੁਡਾਊ ਕੇਂਦਰ ਵਿੱਚ 18 ਬੈੱਡ ਹਨ। ਮੈਂ ਚਾਹੁੰਦਾ ਹਾਂ ਕਿ ਉੱਥੇ ਘੱਟੋ-ਘੱਟ 50-100 ਬੈੱਡਾਂ ਦਾ ਹੋਰ ਇੰਤਜ਼ਾਮ ਕੀਤਾ ਜਾਵੇ ਤਾਂਕਿ ਕਾਫੀ ਬੱਚੇ ਐਡਜਸਟ ਹੋ ਸਕਣ। ਲੋਕਾਂ ਕੋਲ ਇੰਨੇ ਪੈਸੇ ਨਹੀਂ ਹਨ ਕਿ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਨਸ਼ਾ ਕੇਂਦਰ ਵਿੱਚ ਨਸ਼ਾ ਛੁਡਾਉਣ ਲਈ ਭੇਜਣ। ਸਾਡੇ ਉੱਥੇ ਸਰਕਾਰੀ ਤੌਰ ਤੇ ਬੈੱਡ ਵਧਾਏ ਜਾਣ ਤਾਂ ਕਿ ਬੱਚਿਆਂ ਦਾ ਉੱਥੇ ਇਲਾਜ ਕਰਵਾਇਆ ਜਾਵੇ।

**ਮਾਣਯੋਗ ਸਪੀਕਰ** : ਤੁਸੀਂ ਤਾਨਾਸ਼ਾਹ ਵਾਲੀ ਕੀ ਗੱਲ ਕਰਦੇ ਸੀ?

**ਸ੍ਰੀ ਅਸ਼ੋਕ ਪਰਾਸ਼ਰ (ਪੱਪੀ)** : ਮੋਦੀ ਜੀ ਦੀ ਤਾਨਾਸ਼ਾਹੀ ਦੇਖ ਰਹੇ ਹਾਂ। ਅਸੀਂ ਛਾਤੀ ਤੇ ਵੀ ਲਿਖੀ ਫਿਰਦੇ ਹਾਂ ਅਤੇ ਲੋਕਾਂ ਦੇ ਢਿੱਡਾਂ ਵਿੱਚ ਵੀ ਵਾੜੀ ਫਿਰਦੇ ਹਾਂ। ਇਹ ਮੋਦੀ ਦੀ ਤਾਨਾਸ਼ਾਹੀ ਹੈ ਕਿ ਗੈਸ ਸਿਲੰਡਰ ਨਹੀਂ ਮਿਲ ਰਹੇ, ਅੱਜ ਗਰੀਬ ਆਦਮੀ ਚਾਹ ਨੂੰ ਵੀ ਤਰਸ ਰਿਹਾ ਹੈ ਅਤੇ ਹੋਟਲਾਂ ਨੂੰ ਤਾਲੇ ਲੱਗ ਰਹੇ ਹਨ।

**ਮਾਣਯੋਗ ਸਪੀਕਰ** : ਵੈਸੇ ਪਤਾ ਨਹੀਂ ਕਿ ਕੀ ਕਾਰਨ ਹੈ ਕਿ ਅਮਰੀਕਾ ਤੋਂ ਮਹਿੰਗੀ ਗੈਸ ਲੈਣ ਨੂੰ ਤਿਆਰ ਸੀ ਪਰ ਹੋਰ ਦੇਸ਼ਾਂ ਤੋਂ, ਜਿੱਥੋਂ ਸਸਤੀ ਮਿਲਦੀ ਸੀ, ਉਥੋਂ ਲੈਂਦੇ ਨਹੀਂ ਸਨ।

**ਸ੍ਰੀ ਅਸ਼ੋਕ ਪਰਾਸ਼ਰ (ਪੱਪੀ)** : ਮੋਦੀ ਜੀ ਦੀ ਵਿਦੇਸ਼ ਨੀਤੀ ਕਹਿੰਦੀ ਹੈ ਕਿ ਮਸ਼ਹੂਰੀ ਲਈ ਪਾਰਟੀ ਬਹੁਤ ਹੈ ਪਰ ਜਿਹੜੇ ਦੋ ਦੇਸ਼ ਸਾਡੇ ਨਾਲ ਚੰਗਾ ਵਰਤਦੇ ਸਨ, ਉਨ੍ਹਾਂ ਨੂੰ ਵੀ ਦੂਰ ਕਰ ਲਿਆ ਹੈ। ਮੋਦੀ ਜੀ ਦੀ ਇੰਨੀ ਕੁ ਤਾਨਾਸ਼ਾਹੀ ਹੈ। ਧੰਨਵਾਦ ਜੀ।

**ਮਾਣਯੋਗ ਸਪੀਕਰ** : ਠੀਕ ਹੈ ਜੀ।

**ਡਾਕਟਰ ਵਿਜੈ ਸਿੰਗਲਾ (ਮਾਨਸਾ)** : ਧੰਨਵਾਦ। ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਣਯੋਗ ਸਿਹਤ ਮੰਤਰੀ ਸਾਹਿਬ ਦਾ ਧਿਆਨ ਇੱਕ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਮਾਨਸਾ ਦਾ ਇੱਕ ਕਸਬਾ ਭੀਖੀ ਹੈ। ਉਥੋਂ ਦੇ ਸੀ.ਐਚ.ਸੀ. (ਕਮਿਊਨਿਟੀ ਹੈਲਥ ਸੈਂਟਰ) ਦੀ ਹਾਲਤ ਬੜੀ ਖਸਤਾ ਹੈ। ਦੋ-ਤਿੰਨ ਵਾਰ ਉਸ ਦਾ ਸਰਵੇ ਵੀ ਹੋ ਚੁੱਕਾ ਹੈ, ਸੈਂਕਸ਼ਨ ਵੀ ਹੋ ਚੁੱਕੀ ਹੈ ਲੇਕਿਨ ਬਿਲਡਿੰਗ ਨਹੀਂ ਬਣ ਰਹੀ ਹੈ। ਉਥੇ ਸਟਾਫ ਦੀ ਵੀ ਬੜੀ ਭਾਰੀ ਕਮੀ ਹੈ। ਇਸ ਬਾਰੇ ਮੈਂ ਧਿਆਨ ਦਿਵਾਊ ਨੋਟਿਸ ਵੀ ਲਗਾਇਆ ਸੀ। ਕਾਈਂਡਲੀ, ਜੇ ਮੰਤਰੀ ਸਾਹਿਬ ਇਸ ਦਾ ਜਵਾਬ ਦੇ ਸਕਦੇ ਹਨ ਤਾਂ ਦੇਣ। ਉਸ ਏਰੀਏ ਦੀ 25000 ਪਾਪੂਲੇਸ਼ਨ ਹੈ, ਉਸ ਨੂੰ 40 ਦੇ ਕਰੀਬ ਪਿੰਡ ਵੀ ਲੱਗਦੇ ਹਨ, ਜਿਸ ਕਾਰਨ ਉਥੇ ਬਹੁਤ ਜ਼ਿਆਦਾ ਪੇਸ਼ੈਂਟ ਆਉਂਦੇ ਹਨ ਪਰੰਤੂ ਉਥੇ ਸਟਾਫ ਅਤੇ ਮੈਡੀਕਲ ਸਪੈਸ਼ਲਿਸਟਾਂ ਦੀ ਵੀ ਭਾਰੀ ਕਮੀ ਹੈ। ਬਿਲਡਿੰਗ ਬੜੀ ਖਸਤਾ ਹਾਲਤ ਵਿੱਚ ਹੈ। ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ।

**ਮਾਣਯੋਗ ਸਪੀਕਰ** : ਬੈਠੋ ਹੁਣ। ਇੱਕ ਹੀ ਗੱਲ ਰੱਖਣੀ ਹੁੰਦੀ ਹੈ।

-------

## WELCOME ANNOUNCEMENT BY THE HON'BLE SPEAKER

**Mr. Speaker:** Mighty Khalsa International School, ਸ੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀ ਅਤੇ ਅਧਿਆਪਕ ਅੱਜ ਵਿਧਾਨ ਸਭਾ ਦੀ ਕਾਰਵਾਈ ਦੇਖਣ ਵਾਸਤੇ ਪਧਾਰੇ ਹਨ। ਆਉ, ਅਸੀਂ ਉਨ੍ਹਾਂ ਦਾ ਸਵਾਗਤ ਕਰੀਏ। (ਥੰਪਿੰਗ)

------

## MATTERS RAISED DURING ZERO HOUR *(Resumption)*

**ਮਾਣਯੋਗ ਸਪੀਕਰ** : ਸਰਦਾਰ ਮਨਜੀਤ ਸਿੰਘ ਬਿਲਾਸਪੁਰ ਸਾਹਿਬ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਮੇਰੇ ਹਲਕੇ ਦਾ ਪਿੰਡ ਜਵਾਹਰ ਸਿੰਘ ਵਾਲਾ, ਇਸ ਨੂੰ ਪੱਤੋਂ ਜਵਾਹਰ ਸਿੰਘ ਵਾਲਾ ਵੀ ਕਿਹਾ ਜਾਂਦਾ ਹੈ, ਇਹ ਪਿੰਡ ਨਿਹਾਲ ਸਿੰਘ ਵਾਲਾ ਦੇ ਬਿਲਕੁਲ ਨਾਲ ਹੈ ਅਤੇ ਐਨ.ਐਚ. 254 ਰੋਡ ਉਤੇ ਪੈਂਦਾ ਹੈ। ਜਦੋਂ ਅਸੀਂ ਪੱਤੋਂ ਚੌਕ ਤੋਂ ਪਿੰਡ ਖੋਟੇ ਵੱਲ ਨੂੰ ਜਾਂਦੇ ਹਾਂ ਤਾਂ ਉਥੇ ਇੱਕ ਬਸਤੀ ਆਉਂਦੀ ਹੈ। ਉਥੇ ਜ਼ਿਆਦਾਤਰ ਗਰੀਬ ਪਰਿਵਾਰਾਂ ਦੇ ਲੋਕ ਰਹਿੰਦੇ ਹਨ। ਇਹ ਬਸਤੀ ਵਾਲੀ ਜਗ੍ਹਾ ਰੋਡ ਵਿੱਚ ਆ ਗਈ ਹੈ ਪਰੰਤੂ ਉਨ੍ਹਾਂ ਲੋਕਾਂ ਨੂੰ ਕਮਰਸ਼ੀਅਲ ਰੇਟ ਨਹੀਂ ਦਿੱਤਾ ਜਾ ਰਿਹਾ। ਲੋਕ ਉਹ 6 ਮਹੀਨੇ ਤੋਂ ਧਰਨਾ ਲਗਾਈ ਬੈਠੇ ਹਨ, ਇਹ ਦਿਨ ਰਾਤ ਦਾ ਧਰਨਾ ਹੈ। ਮੈਂ ਸਿਵਲ ਪ੍ਰਸ਼ਾਸਨ ਤੋਂ ਮੰਗ ਕਰਦਾ ਹਾਂ ਕਿ ਉਨ੍ਹਾਂ ਨੂੰ ਕਮਰਸ਼ੀਅਲ ਰੇਟ ਦਿੱਤਾ ਜਾਵੇ ਲੇਕਿਨ ਉਨ੍ਹਾਂ ਨੂੰ ਬਹੁਤ ਘੱਟ ਕੀਮਤ ਦਿੱਤੀ ਜਾ ਰਹੀ ਹੈ। ਸੋ, ਇਸ ਬਾਰੇ ਸਿਵਲ ਪ੍ਰਸ਼ਾਸਨ ਨੂੰ ਹਦਾਇਤਾਂ ਕੀਤੀਆਂ ਜਾਣ। ਧੰਨਵਾਦ ਜੀ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣਾ ਹੱਥ ਖੜ੍ਹਾ ਕਰਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ** : ਥੋੜ੍ਹਾ ਜਿਹਾ ਇੱਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਵੀ ਕਰ ਲਈਏ। ਫਿਰ ਇਹ ਗੁੱਸੇ ਹੋ ਜਾਂਦੇ ਹਨ। ਹਾਂ ਜੀ, ਸਰਦਾਰ ਪਰਗਟ ਸਿੰਘ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ)** : ਧੰਨਵਾਦ ਸਪੀਕਰ ਸਾਹਿਬ। ਸਰਕਾਰ ਦੇ ਚਾਰ ਸਾਲ ਕੰਪਲੀਟ ਹੋ ਗਏ ਹਨ। ਬੇਅਦਬੀਆਂ ਸਬੰਧੀ ਸੀ.ਐਮ. ਸਾਹਿਬ ਨੇ ਸਟੇਟਮੈਂਟ ਦਿੱਤੀ ਸੀ ਕਿ ਅਸੀਂ ਲੋੜੀਂਦੀਆਂ ਪਰਮਿਸ਼ਨਾਂ ਦੇ ਦਿੱਤੀਆਂ ਹਨ। ਮੈਂ ਚਾਹਾਂਗਾ ਕਿ ਅੱਜ ਦਾ ਸੈਸ਼ਨ ਖਤਮ ਹੋਣ ਤੱਕ ਸੀ.ਐਮ. ਸਾਹਿਬ ਉਸ ਦੀ ਲੇਟੈਸਟ ਸਥਿਤੀ ਜ਼ਰੂਰ ਦੱਸਣ ਕਿ ਬੇਅਦਬੀਆਂ ਦੇ ਇਸ਼ੂ ਤੇ ਕੀ ਪ੍ਰਾਗਰੈਸ ਹੋਈ ਹੈ ਕਿਉਂਕਿ ਇਹ ਆਮ ਆਦਮੀ ਪਾਰਟੀ ਸਰਕਾਰ ਦੀ ਪਹਿਲੀ ਗਾਰੰਟੀ ਸੀ।

ਦੂਜੀ ਗੱਲ, ਰਣਜੀਤ ਸਿੰਘ ਦੇ ਪੋਸਟ ਮਾਰਟਮ ਦੀ ਰਿਪੋਰਟ ਆ ਗਈ ਹੈ। ਪੋਸਟ ਮਾਰਟਮ ਦੀ ਰਿਪੋਰਟ ਵਿੱਚ ਸਾਹਮਣੇ ਤੋਂ ਥੱਲੇ ਵਾਲੇ ਪਾਸੇ ਨੂੰ ਦੋ ਗੋਲੀਆਂ ਆਈਆਂ ਹਨ ਅਤੇ ਉਸ ਦੇ ਸਿਰ ਤੇ ਕਿਸੇ ਚੀਜ਼ ਦੀ ਭਾਰੀ ਸੱਟ

ਦਿਖਾਈ ਗਈ ਹੈ। ਬੇਸੀਕਲੀ ਇਹ ਲੋਕਾਂ ਦੇ ਸ਼ੱਕ ਦੇ ਘੇਰੇ ਵਿੱਚ ਹੈ। ਲੋਕਾਂ ਨੂੰ ਇਹ ਪਤਾ ਲੱਗਣਾ ਚਾਹੀਦਾ ਹੈ, ਉਸ ਪਰਿਵਾਰ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਅਸਲ ਵਿੱਚ ਇਹ ਕੀ ਹੋਇਆ ਹੈ। ਜੇ ਉਸ ਮਾਮਲੇ ਵਿੱਚ ਪੁਲਿਸ ਸਹੀ ਹੈ ਤਾਂ ਠੀਕ ਹੈ ਵਰਨਾ ਇਸ ਦੀ ਜਾਂਚ ਕਰਨੀ ਬਣਦੀ ਹੈ ਤਾਂ ਕਿ ਇਹੋ ਜਿਹੀਆਂ ਚੀਜ਼ਾਂ ਨਾ ਹੋਣ ਅਤੇ ਅਸੀਂ ਪੰਜਾਬ ਨੂੰ ਪੁਲਿਸ ਰਾਜ ਵੱਲ ਨਾ ਧੱਕੀ ਜਾਈਏ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ)** : ਸਪੀਕਰ ਸਾਹਿਬ, ਸਰਕਾਰ ਨੇ ਬੜਾ ਐਲਾਨ ਕੀਤਾ ਸੀ ਕਿ ਅਸੀਂ ਕੱਚੇ ਮੁਲਾਜ਼ਮਾਂ ਨੂੰ ਪੱਕਿਆਂ ਕਰਾਂਗੇ। ਇਸ ਸਰਕਾਰ ਦੇ 4 ਸਾਲ ਲੰਘ ਚੱਲੇ ਹਨ। ਚੀਮਾ ਸਾਹਿਬ ਕੋਈ ਬਿਆਨ ਤਾਂ ਆਵੇ ਕਿ ਮੁਲਾਜ਼ਮਾਂ ਨੂੰ ਪੱਕਿਆਂ ਕਰਨਾ ਹੈ ਕਿ ਨਹੀਂ ਕਰਨਾ। ਕੋਈ ਕਿਸੇ ਪਾਸੇ ਤਾਂ ਫ਼ੈਸਲਾ ਲਿਆ ਜਾਵੇ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ)** : ਮਾਣਯੋਗ ਸਪੀਕਰ ਸਾਹਿਬ, ਧੰਨਵਾਦ। ਉਸਮਾਨਪੁਰ ਤੋਂ ਤਾਜੋਵਾਲ, ਕਾਹਮਾ ਤੋਂ ਬੈਂਸਾ, ਰਾਹੋਂ ਤੋਂ ਘੱਕੇਵਾਲ, ਮਹਾਲੋਂ ਤੋਂ ਜਬੋਵਾਲ, ਨਵਾਂਸ਼ਹਿਰ ਤੋਂ ਗੜ੍ਹਸ਼ੰਕਰ ਦੀਆਂ ਸੜਕਾਂ ਦੀ ਹਾਲਤ ਬੜੀ ਖਰਾਬ ਹੈ, ਇਹ ਸੜਕਾਂ ਬਣਾਈਆਂ ਜਾਣ। ਨਵਾਂ ਸ਼ਹਿਰ ਦੇ ਕੂੜੇ ਦੇ ਡੰਪ ਨੂੰ ਚੁਕਵਾਇਆ ਜਾਵੇ। ਨਵਾਂ ਸ਼ਹਿਰ-ਸਮਰਾਲਾ-ਚੰਡੀਗੜ੍ਹ ਰੇਲਵੇ ਲਾਈਨ ਜੋੜਨ ਲਈ ਕੇਂਦਰ ਸਰਕਾਰ ਨਾਲ ਮਸਲਾ ਟੇਕ-ਅੱਪ ਕੀਤਾ ਜਾਵੇ। ਸਪੀਕਰ ਸਾਹਿਬ, ਜਿਹੜੇ 3000 ਈ.ਟੀ.ਟੀ.ਅਧਿਆਪਕ ਨਿਯੁਕਤੀ ਪੱਤਰ ਲਈ 200 ਦਿਨਾਂ ਤੋਂ ਧਰਨੇ ਤੇ ਬੈਠੇ ਹਨ, ਉਨ੍ਹਾਂ ਦੀ ਮੰਗ ਮੰਨੀ ਜਾਵੇ। ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦੇਣਾ, ਬੰਦੀ ਸਿੰਘਾਂ ਨੂੰ ਰਿਹਾਅ ਕਰਨਾ, ਭਾਈ ਅੰਮ੍ਰਿਤਪਾਲ ਸਿੰਘ ਜੀ ਨੂੰ ਲੋਕ ਸਭਾ ਵਿੱਚ ਬੋਲਣ ਦੇਣ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਕਿ ਉਹ ਆਪਣੇ ਲੋਕਾਂ ਦੀ ਗੱਲ ਰੱਖ ਸਕਣ। ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ (ਫਿਲੌਰ, ਐਸ.ਸੀ.)** : ਸਪੀਕਰ ਸਾਹਿਬ, ਧੰਨਵਾਦ। ਮੈਂ ਅੱਜ ਆਪਣੇ ਇਲਾਕੇ ਔਰ ਸਾਡੇ ਜ਼ਿਲ੍ਹੇ ਦੇ ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ ਨਾਲ ਜੁੜਿਆ ਇੱਕ ਭਖਵਾਂ ਮੁੱਦਾ ਉਠਾਉਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਦੁਆਬਾ ਦੇ ਜ਼ਿਆਦਾਤਰ ਲੋਕ, ਕਿਸਾਨ, ਐਨ.ਆਰ.ਆਈ. ਭਰਾ ਆਪਣੇ ਪਿੰਡਾਂ ਵਿੱਚ ਜ਼ਮੀਨਾਂ ਠੇਕੇ ਤੇ ਦਿੰਦੇ ਹਨ ਅਤੇ ਛੋਟੇ ਕਿਸਾਨ, ਮਜ਼ਦੂਰ ਉਨ੍ਹਾਂ ਜ਼ਮੀਨਾਂ ਤੇ ਫਸਲ ਬੀਜਦੇ ਹਨ। ਸਪੀਕਰ ਸਾਹਿਬ, ਉਨ੍ਹਾਂ ਨੂੰ ਇੱਕ ਬਹੁਤ ਵੱਡੀ ਸਮੱਸਿਆ ਆ ਰਹੀ ਹੈ ਕਿ ਕੋਆਪਰੇਟਿਵ ਡਿਪਾਰਟਮੈਂਟ ਰਾਹੀਂ, ਦੇਸ਼ ਦੀ ਸਰਕਾਰ, ਸੂਬਾ ਸਰਕਾਰ ਵੱਲੋਂ ਜਿਹੜੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਚਾਹੇ ਉਹ ਖਾਦ ਦੀ ਹੋਵੇ, ਯੂਰੀਆ ਦੀ ਹੋਵੇ, ਡੀ.ਏ.ਪੀ. ਦੀ ਹੋਵੇ, ਉਹ ਸਬਸਿਡੀ ਅਵੇਲ ਕਰਨ ਲਈ ਉਹ ਜ਼ਮੀਨ ਉਸ ਕਿਸਾਨ ਦੇ ਨਾਂ ਹੋਣੀ ਜ਼ਰੂਰੀ ਹੈ। ਇੱਕ ਕਿਸਾਨ ਜਿਹੜਾ ਠੇਕੇ ਤੇ 20 ਏਕੜ ਜ਼ਮੀਨ ਲੈ ਕੇ ਖੇਤੀ ਕਰ ਰਿਹਾ ਹੈ ਪਰ ਉਸ ਕੋਲ ਮਲਕੀਅਤ ਸਿਰਫ ਚਾਰ ਏਕੜ ਦੀ ਹੈ ਤਾਂ ਸਰਕਾਰ ਵੱਲੋਂ ਉਨ੍ਹਾਂ ਨੂੰ ਪੂਰੀ ਸਬਸਿਡੀ ਦਿੱਤੀ ਜਾਵੇ। ਖੇਤੀਬਾੜੀ ਮੰਤਰੀ ਜੀ ਬੈਠੇ ਹਨ, ਸਰਕਾਰ ਵੱਲੋਂ ਜਿਹੜੇ ਕਿਸਾਨ ਆਈ.ਡੀ. ਬਣਾਏ ਜਾ ਰਹੇ ਹਨ, ਉਨ੍ਹਾਂ ਨਾਲ ਇਹ ਮੁਸ਼ਕਿਲ ਹੋਰ ਵਧਣ ਜਾ ਰਹੀ ਹੈ। ਮੇਰੀ ਸਰਕਾਰ ਨੂੰ ਅਪੀਲ ਹੈ ਕਿ ਸੁਸਾਇਟੀਆਂ ਰਾਹੀਂ ਸਰਕਾਰ ਤੋਂ ਕਿਸਾਨਾਂ ਵਾਸਤੇ ਮਿਲਣ ਵਾਲੀਆਂ ਸਹੂਲਤਾਂ ਜ਼ਰੂਰ ਦਿੱਤੀਆਂ ਜਾਣ। ਜਿਹੜਾ ਕਿਸਾਨ ਵੀਹ ਏਕੜ ਦੀ

ਜ਼ਮੀਨ ਤੇ ਫਸਲ ਬੀਜ ਰਿਹਾ ਹੈ, ਭਾਵੇਂ ਉਸ ਕੋਲ ਚਾਰ ਏਕੜ ਦੀ ਮਲਕੀਅਤ ਹੈ ਤਾਂ ਵੀ ਸਰਕਾਰ ਉਨ੍ਹਾਂ ਨੂੰ ਉਹ ਸਬਸਿਡੀ ਅਵੇਲ ਕਰਨ ਦਾ ਮੌਕਾ ਦੇਵੇ।

**ਮਾਣਯੋਗ ਸਪੀਕਰ**: ਧੰਨਵਾਦ। ਸਰਦਾਰ ਬਲਵਿੰਦਰ ਸਿੰਘ ਧਾਲੀਵਾਲ। ਇਨ੍ਹਾਂ ਦਾ ਮਾਈਕ ਚਲਾਓ ਜੀ।

**ਸਰਦਾਰ ਬਲਵਿੰਦਰ ਸਿੰਘ ਧਾਲੀਵਾਲ (ਫਗਵਾੜਾ, ਐਸ.ਸੀ.)**: ਸਪੀਕਰ ਸਾਹਿਬ, ਧੰਨਵਾਦ। ਸਰ, ਫਗਵਾੜਾ ਹਲਕੇ ਵਿੱਚ ਇੱਕ ਮੁਹੱਲਾ ਬਾਬਾ ਗੜੀਆ ਪੈਂਦਾ ਹੈ, ਉਸ ਵਿੱਚ ਲਗਭਗ 200 ਮੀਟਰ ਤੇ ਡੈੱਡ ਲਾਈਨਜ਼ ਜਾਂਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਆਲਟਰਨੇਟਿਵ ਲਾਈਨ ਦਿੱਤੀ ਗਈ ਹੈ, ਉਸ ਤੋਂ ਉਨ੍ਹਾਂ ਦੀ ਲਾਈਟ ਚਲਦੀ ਹੈ। ਸੋ, ਕਿਰਪਾ ਕਰਕੇ ਇਸ ਡੈੱਡ ਲਾਈਨ ਨੂੰ ਰਿਮੂਵ ਕਰਨ ਦੇ ਉਪਰਾਲੇ ਕੀਤੇ ਜਾਣ। ਧੰਨਵਾਦ ਜੀ।

**ਸ੍ਰੀ ਨਰੇਸ਼ ਕਟਾਰੀਆ (ਜੀਰਾ)**: ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਤੇ ਬੋਲਣ ਦਾ ਮੌਕਾ ਦਿੱਤਾ। ਮੇਰੀ ਬੇਨਤੀ ਹੈ ਕਿ ਫਿਰੋਜ਼ਪੁਰ ਦੇ ਕਮਿਸ਼ਨਰ, ਅਰੁਨ ਸੇਖੜੀ ਜੀ 28.02.2026 ਨੂੰ ਰਿਟਾਇਰ ਹੋਏ ਹਨ ਤੇ ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਰਿਟਾਇਰਮੈਂਟ ਤੋਂ ਇੱਕ ਹਫਤਾ ਪਹਿਲਾਂ ਦੇ ਸਮੇਂ ਦੀ ਕਿਸੇ ਹਾਈ ਲੈਵਲ ਕਮੇਟੀ ਤੋਂ ਜਾਂਚ ਕਰਵਾਈ ਜਾਵੇ। ਇਸ ਦੇ ਨਾਲ ਹੀ ਪਿੰਡ ਮੱਹੂ ਦੇ ਪ੍ਰਿੰਸੀਪਲ ਸੁਖਵਿੰਦਰ ਸਿੰਘ ਦੀ ਵੀ ਜਾਂਚ ਕਰਵਾਈ ਜਾਵੇ। ਉਨ੍ਹਾਂ ਨੇ ਫਰਵਰੀ ਮਹੀਨੇ ਦੇ ਅਖੀਰਲੇ ਹਫਤੇ ਵਿੱਚ ਫਾਜ਼ਿਲਕਾ, ਜਲਾਲਾਬਾਦ, ਧਰਮਕੋਟ ਵਿੱਚ ਬਹੁਤ ਸਾਰੇ ਗਲਤ ਕੰਮ ਕੀਤੇ ਹਨ। ਸਾਰੇ ਐਮ.ਐਲ.ਏ. ਸਾਹਿਬਾਨ ਬੈਠੇ ਹਨ, ਸਾਰਿਆਂ ਨੂੰ ਪੁੱਛ ਲਓ ਕਿ ਵਾਕਿਆ ਹੀ ਉਹ ਗਲਤ ਕੰਮ ਕਰਕੇ ਗਿਆ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਗਿਆਸਪੁਰਾ ਸਾਹਿਬ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.)** : ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮਾਂ ਬੋਲੀ ਪੰਜਾਬੀ ਮੇਰੀ ਰੂਹ ਦੀ ਧੜਕਣ ਬਣ ਜਾਵੇ, ਜਿੱਥੇ ਵੀ ਬੋਲਾਂ ਇਹ ਬੋਲੀ ਦਿਲਾਂ ਨੂੰ ਨਾਲ ਮਿਲਾਏ। ਮਾਣਯੋਗ ਸਪੀਕਰ ਸਾਹਿਬ, ਤੁਸੀਂ ਜਗ੍ਹਾ ਜਗ੍ਹਾ ਤੇ ਪੰਜਾਬੀ ਮਾਂ ਬੋਲੀ ਵਿੱਚ ਲਿਖੇ ਬੋਰਡ ਦੇਖੋਗੇ ਤਾਂ ਉਸ ਵਿੱਚ ਸਾਡੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਬਹੁਤ ਵੱਡਾ ਉਪਰਾਲਾ ਕੀਤਾ ਹੋਇਆ ਹੈ ਕਿ ਪੰਜਾਬੀ ਮਾਂ ਬੋਲੀ ਬੋਰਡਾਂ ਵਿੱਚ ਉਪਰਲੇ ਪਾਸੇ ਲਿਖਣੀ ਹੈ ਪਰ ਜਦੋਂ ਅਸੀਂ ਹਾਈਵੇਅ ਉਤੇ ਜਾਂਦੇ ਹਾਂ, ਬੋਰਡ ਦੇਖਦੇ ਹਾਂ ਤਾਂ ਸਿਰ ਬੜਾ ਸ਼ਰਮਸਾਰ ਹੁੰਦਾ ਹੈ ਕਿ ਜਲੰਧਰ ਵਿੱਚ 'ਜ' ਉਤੇ ਟਿੱਪੀ ਪਾਈ ਹੁੰਦੀ ਹੈ ਤੇ ਜੇ ਅਸੀਂ ਦੇਖਦੇ ਹਾਂ ਕਿ ਡੇਹਲੋਂ ਲਿਖਿਆ ਹੈ ਤਾਂ ਹੋੜੇ ਦੀ ਜਗ੍ਹਾ ਕਨੌੜਾ ਪਾਇਆ ਹੁੰਦਾ ਹੈ। ਕਹਿਣ ਦਾ ਮਤਲਬ ਹੈ ਕਿ ਹਰ ਜਗ੍ਹਾ ਉਤੇ ਪੰਜਾਬੀ ਮਾਂ ਬੋਲੀ ਦੀ ਲਿਖਤ ਵਿੱਚ ਬਹੁਤ ਸਾਰੀਆਂ ਗਲਤੀਆਂ ਹਨ। ਮੈਂ ਮਾਣਯੋਗ ਮੰਤਰੀ ਸਾਹਿਬਾਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਕੇਂਦਰ ਵਿੱਚ ਵੀ ਨੈਸ਼ਨਲ ਹਾਈਵੇਅ ਦੇ ਬੋਰਡਾਂ ਤੇ ਪੰਜਾਬੀ ਮਾਂ ਬੋਲੀ ਦੀਆਂ ਬੇਅੰਤ ਗਲਤੀਆਂ ਹਨ। ਇਨ੍ਹਾਂ ਗਲਤੀਆਂ ਨੂੰ ਸੁਧਾਰਨਾ ਚਾਹੀਦਾ ਹੈ।

ਪੰਜਾਬੀਏ ਜ਼ੁਬਾਨੇ ਨੀ ਰਕਾਨੇ, ਮੇਰੇ ਦੇਸ਼ ਦੀਏ,
ਫਿੱਕੀ ਪੈ ਗਈ ਚਿਹਰੇ ਦੀ ਨੁਹਾਰ ਨੀ,
ਮੀਢੀਆਂ ਖਿਲਾਰੀ ਫਿਰੇਂ ਨੀ, ਬੁੱਲ੍ਹੇ ਦੀਏ ਕਾਫੀਏ,

ਕੀਹਨੇ ਤੇਰਾ ਲੈ ਲਿਆ ਸ਼ਿੰਗਾਰ ਨੀ,
ਪੰਜਾਬੀਏ ਜ਼ੁਬਾਨੇ ਨੀ ਰਕਾਨੇ, ਮੇਰੇ ਦੇਸ਼ ਦੀਏ,
ਫਿੱਕੀ ਪੈ ਗਈ ਚਿਹਰੇ ਦੀ ਨੁਹਾਰ ਨੀ। ਧੰਨਵਾਦ ਜੀ।

**ਸ੍ਰੀ ਮਦਨ ਲਾਲ ਬੱਗਾ (ਲੁਧਿਆਣਾ ਉੱਤਰੀ)**: ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਇੱਕ ਬਹੁਤ ਹੀ ਅਹਿਮ ਮਸਲਾ ਹੈ ਕਿ ਬੁੱਢਾ ਦਰਿਆ ਜਿਹੜਾ ਸ਼ਹਿਰ ਵਿੱਚੋਂ ਨਿਕਲ ਰਿਹਾ ਹੈ, ਅਸੀਂ ਤਿੰਨ-ਚਾਰ ਸਾਲਾਂ ਤੋਂ ਬੜੇ ਐਫਰਟਸ ਕਰਕੇ ਸ਼ਹਿਰ ਦਾ ਪੋਰਸ਼ਨ ਕਾਫੀ ਸਾਫ ਕਰ ਲਿਆ ਹੈ। ਸਾਡੇ ਮਾਣਯੋਗ ਲੋਕਲ ਬਾਡੀਜ਼ ਦੇ ਮੰਤਰੀ ਸਾਹਿਬ ਬੈਠੇ ਹਨ ਤੇ ਡੇਅਰੀ ਡਿਪਾਰਟਮੈਂਟ ਦੇ ਮੰਤਰੀ ਸਾਹਿਬ ਵੀ ਬੈਠੇ ਹਨ, ਸ਼ਹਿਰ ਤੋਂ ਅਗਲੇ ਪਾਸੇ ਡੇਅਰੀ ਕੰਪਲੈਕਸ ਤੋਂ ਲੈ ਕੇ ਚਾਹੇ ਉਹ ਜੈਨਪੁਰ ਹੈ, ਚਾਹੇ ਮਲਿਕਪੁਰ ਹੈ, ਮੈਂ ਚਾਹਾਂਗਾ ਕਿ ਬਰਸਾਤ ਤੋਂ ਪਹਿਲਾਂ ਪਹਿਲਾਂ ਇਸ ਦੀ ਇੱਕ ਵਾਰੀ ਬਿਲਕੁਲ ਸਫਾਈ ਕਰਵਾਈ ਜਾਵੇ ਕਿਉਂਕਿ ਸਾਡੀ ਕੀਤੀ ਹੋਈ ਸਫਾਈ ਤਾਂ ਹੀ ਕਾਮਯਾਬ ਹੋਵੇਗੀ ਜੇਕਰ ਅਗਲਾ ਪੋਰਸ਼ਨ, ਜਿੱਥੇ ਪਾਣੀ ਦਾ ਨਿਕਾਸ ਹੋਣਾ ਹੈ, ਉਹ ਸਾਫ ਹੋਵੇਗਾ। ਜੇਕਰ ਉਹ ਸਾਫ ਨਹੀਂ ਹੋਵੇਗਾ ਤਾਂ ਸ਼ਹਿਰ ਦਾ ਫਿਰ ਦੁਬਾਰਾ ਤੋਂ ਬਹੁਤ ਵੱਡਾ ਨੁਕਸਾਨ ਹੋਵੇਗਾ। ਇਸ ਕਰਕੇ ਮੈਂ ਤੁਹਾਡੇ ਮਾਧਿਅਮ ਤੋਂ ਚਾਹਾਂਗਾ ਕਿ ਇਸ ਦਾ ਖਿਆਲ ਕਰਕੇ ਜਿਹੜਾ ਅਗਲਾ ਪੋਰਸ਼ਨ ਹੈ, ਜਿਹੜਾ ਸ਼ਹਿਰ ਤੋਂ ਬਾਹਰਲੇ ਪਾਸੇ ਨੂੰ ਜਾਂਦਾ ਹੈ, ਉਸ ਨੂੰ ਇੱਕ ਵਾਰ ਸੁਚੱਜੇ ਢੰਗ ਨਾਲ ਸਾਫ ਕਰਵਾਇਆ ਜਾਵੇ। ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

**ਡਾਕਟਰ ਅਜੈ ਗੁਪਤਾ (ਅੰਮ੍ਰਿਤਸਰ ਕੇਂਦਰੀ)** : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਆਪਣੇ ਹਲਕੇ ਦੇ ਇੱਕ ਬਹੁਤ ਹੀ ਇਤਿਹਾਸਕ ਅਤੇ ਬਹੁਤ ਇੰਪਾਰਟੈਂਟ ਮਹਿਲਾ ਹਸਪਤਾਲ ਬਾਰੇ ਗੱਲ ਕਰਨਾ ਚਾਹਾਂਗਾ, ਡਾਬ ਖਟੀਕਾਂ ਜਨਾਨਾ ਹਸਪਤਾਲ, ਜਿਹੜਾ ਘੱਟੋ ਘੱਟ 100 ਸਾਲ ਪੁਰਾਣਾ ਹਸਪਤਾਲ ਹੈ, ਇਸ ਵੇਲੇ ਇਸ ਦੀ ਹਾਲਤ ਬਹੁਤ ਮਾੜੀ ਹੈ। ਇਸ ਵਿੱਚ 2-3 ਚੀਜ਼ਾਂ ਦੀ ਬਹੁਤ ਜ਼ਰੂਰਤ ਹੈ। ਸਭ ਤੋਂ ਪਹਿਲਾਂ ਤਾਂ ਇੱਥੇ ਚੋਰੀਆਂ ਬਹੁਤ ਹੁੰਦੀਆਂ ਹਨ, ਉਸ ਲਈ ਮੈਂ ਚਾਹੁੰਦਾ ਹਾਂ ਕਿ ਪੁਲਿਸ ਪ੍ਰਸ਼ਾਸਨ ਨੂੰ ਕਹਿ ਕੇ ਉੱਥੇ ਪਰਮਾਨੈਂਟ ਪੋਸਟ ਬਣਾਈ ਜਾਵੇ ਤਾਂ ਜੋ ਜਿਹੜੀਆਂ ਸਾਡੀਆਂ ਮਾਵਾਂ-ਭੈਣਾਂ ਉੱਥੇ ਇਲਾਜ ਕਰਵਾਉਣ ਆਉਂਦੀਆਂ ਹਨ, ਉਹ ਆਪਣੇ ਆਪ ਨੂੰ ਬਿਲਕੁਲ ਮਹਿਫੂਜ਼ ਸਮਝਣ ਔਰ ਦੂਸਰਾ ਇਹ ਵੀ ਕਹਿਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਇੱਕ ਹੋ ਗਿਆ ਹੈ ਜੀ।

**ਸ੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਅੱਜ ਮੈਂ ਪੰਜਾਬ ਪੁਲਿਸ ਦੀ ਗੱਲ ਕਰਨੀ ਚਾਹਾਂਗੀ, ਪੰਜਾਬ ਪੁਲਿਸ ਦੇਸ਼ ਦੀ ਬਿਹਤਰੀਨ ਫੋਰਸ ਵਿੱਚੋਂ ਗਿਣੀ ਜਾਂਦੀ ਹੈ। ਸਮੇਂ ਦੀ ਮੰਗ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੁਲਿਸ ਵਿੱਚ ਬਹੁਤ ਸੁਧਾਰ ਲਿਆਂਦੇ ਹਨ, ਨਵੀਆਂ ਭਰਤੀਆਂ ਕੀਤੀਆਂ ਹਨ, ਜਿਸ ਵਿੱਚ ਆਪਾਂ ਕੋਸ਼ਿਸ਼ ਕਰੀਏ ਕਿ ਟ੍ਰੇਨਿੰਗ ਤੋਂ ਲੈ ਕੇ ਮੁਲਾਜ਼ਮਾਂ ਦੀ ਡਿਊਟੀ ਤੱਕ ਨੂੰ ਸਮਾਂਬੱਧ ਕੀਤਾ ਜਾਵੇ ਤਾਂ ਜੋ ਪੁਲਿਸ ਵਾਲੇ ਤਣਾਅ ਤੋਂ ਦੂਰ ਰਹਿਣ। ਜਦੋਂ ਅਸੀਂ ਪਾਰਦਰਸ਼ੀ ਨਿਯੁਕਤੀਆਂ ਕੀਤੀਆਂ ਹਨ ਤਾਂ ਪੁਲਿਸ ਨੂੰ ਲੋਕ-ਮਿੱਤਰ ਬਣਾਉਣ ਵਾਸਤੇ ਸੁਧਾਰ ਅਤੇ ਉਪਾਅ ਕਰਨ ਦੀ ਵੀ ਲੋੜ ਹੈ। ਡਿਊਟੀ ਨਿਸ਼ਚਿਤ

ਹੋਣ ਦੇ ਨਾਲ ਅਸੀਂ ਹੋਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵੱਲ ਵਧਾਂਗੇ। ਗਰਾਊਂਡ ਲੈਵਲ ਤੇ ਫੀਲਡ ਕਰਮਚਾਰੀਆਂ ਦੀ ਪ੍ਰਤੀ ਲੱਖ ਵਸੋਂ ਪਿੱਛੇ ਗਿਣਤੀ ਵੱਧ ਜਾਵੇਗੀ। ਧੰਨਵਾਦ ਜੀ।

**ਸਰਦਾਰ ਗੁਰਦੇਵ ਸਿੰਘ ਦੇਵ ਮਾਨ (ਨਾਭਾ, ਐਸ.ਸੀ.)**: ਸਪੀਕਰ ਸਾਹਿਬ, ਸਮਾਂ ਦੇਣ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ। ਇੱਕ ਬੜਾ ਗੰਭੀਰ ਮਸਲਾ ਹੈ ਜੀ। ਨਾਭਾ ਸ਼ਹਿਰ ਵਿੱਚ ਸਾਡਾ ਹਾਈਵੇਅ ਨਿਕਲਦਾ ਹੈ, ਜਿਹੜਾ ਮੰਡੀ ਗੋਬਿੰਦਗੜ੍ਹ, ਅਮਲੋਹ, ਭਾਦਸੋਂ, ਨਾਭਾ, ਭਵਾਨੀਗੜ੍ਹ ਅਤੇ ਨਾਭਾ ਸ਼ਹਿਰ ਵਿੱਚੋਂ ਕਰਾਸ ਹੁੰਦਾ ਹੈ, ਉੱਥੇ ਬੋਹੜਾਂ ਗੇਟ ਦਾ ਇੱਕ ਅਸਥਾਨ ਹੈ, ਜਿੱਥੇ ਹੁਣ ਤੱਕ 7-8 ਮੌਤਾਂ ਹੋ ਚੁੱਕੀਆਂ ਹਨ ਕਿਉਂਕਿ ਟਰੈਫਿਕ ਜ਼ਿਆਦਾ ਹੈ ਔਰ ਇਹ 7 ਮੌਤਾਂ ਪਿਛਲੇ 2-3 ਮਹੀਨਿਆਂ ਵਿੱਚ ਹੋਈਆਂ ਹਨ ਜੀ। ਮੈਂ ਸਟੇਟ ਗੌਰਮਿੰਟ ਨੂੰ ਵੀ ਲਿਖਿਆ ਹੈ ਕਿ ਉੱਥੇ ਫਲਾਈਓਵਰ ਬਣਾਇਆ ਜਾਵੇ। ਅਸੀਂ ਸਪੀਡ-ਬ੍ਰੇਕਰ ਵੀ ਬਣਾਏ ਹਨ ਪਰ ਫਿਰ ਵੀ ਕੰਟਰੋਲ ਨਹੀਂ ਹੋ ਰਿਹਾ ਹੈ ਕਿਉਂਕਿ ਸਾਡੇ ਬਹੁਤ ਇੰਡਸਟਰੀ ਹੈ, ਹਿੰਦੁਸਤਾਨ ਲਿਵਰ ਲਿਮਟਿਡ ਬਹੁਤ ਵੱਡੀ ਇੰਡਸਟਰੀ ਹੈ, ਇਸ ਦੇ ਨਾਲ ਹੀ ਪ੍ਰੀਤ ਕੰਬਾਈਨ, ਮਲਕੀਤ ਕੰਬਾਈਨ, ਕਰਤਾਰ ਕੰਬਾਈਨ ਤੋਂ ਇਲਾਵਾ ਪੂਰੇ ਨਾਰਥ ਇੰਡੀਆ ਨੂੰ ਸਪਲਾਈ ਦੇਣ ਵਾਸਤੇ ਇੰਡੇਨ ਦਾ ਪਲਾਂਟ ਨਾਭੇ ਹੈ। ਉਸ ਕਰਕੇ ਵੀ ਟਰੈਫਿਕ ਬਹੁਤ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਗ ਕਰਦਾ ਹਾਂ ਕਿ ਇਹ ਫਲਾਈਓਵਰ ਜਲਦੀ ਤੋਂ ਜਲਦੀ ਬਣਾਇਆ ਜਾਵੇ ਤਾਂ ਜੋ ਇਸ ਸਮੱਸਿਆ ਦਾ ਹੱਲ ਹੋਵੇ।

**ਮਾਣਯੋਗ ਸਪੀਕਰ:** ਬੈਠੋ ਜੀ। ਸਰਦਾਰ ਗੁਰਦਿੱਤ ਸਿੰਘ ਸੇਖੋਂ।

**ਸਰਦਾਰ ਗੁਰਦਿੱਤ ਸਿੰਘ ਸੇਖੋਂ (ਫਰੀਦਕੋਟ)**: ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧਿਆਨ ਪੰਜਾਬ ਵਿੱਚ ਪਸ਼ੂਆਂ ਅਤੇ ਖਾਸ ਕਰਕੇ ਮੱਝਾਂ ਦੇ ਮਸਲੇ ਵੱਲ ਲਿਆਉਣਾ ਚਾਹੁੰਦਾ ਹਾਂ। ਪਾਕਿਸਤਾਨ ਦੀਆਂ ਮੱਝਾਂ 20-22 ਕਿੱਲੋ ਦੁੱਧ ਦਿੰਦੀਆਂ ਹਨ ਔਰ ਹਰਿਆਣਾ ਵਿੱਚ ਵੀ ਪਸ਼ੂ ਪਾਲਕ ਹਨ। ਕੇਰਲਾ ਵਰਗੀਆਂ ਸਟੇਟਾਂ ਨੇ ਗਾਵਾਂ ਤੇ ਬਹੁਤ ਵੱਡੀ ਖੋਜ ਕੀਤੀ ਹੈ, ਉਥੋਂ ਦਾ ਟੀਕਾ ਪੰਜਾਬ ਵਿੱਚ 2500/- ਰੁਪਏ ਦਾ ਆ ਕੇ ਵਿਕਦਾ ਹੈ। ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਸਾਡੇ ਕੋਲ ਯੂਨੀਵਰਸਿਟੀ ਹੈ ਅਤੇ ਸਾਡਾ ਪਸ਼ੂ ਪਾਲਣ ਵਿਭਾਗ ਹੈ, ਆਪਾਂ ਇਸ ਫੀਲਡ ਵੱਲ ਖੋਜ ਕਰੀਏ। ਇਹੋ ਜਿਹੇ ਪਸ਼ੂ, ਜਿਹੜੇ ਚੰਗੇ ਦੁੱਧ ਦਿੰਦੇ ਹਨ, ਉਨ੍ਹਾਂ ਦੀ ਬ੍ਰੀਡ ਨੂੰ ਅੱਗੇ ਵਧਾਉਣ ਵਾਸਤੇ ਉਪਰਾਲਾ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡਾ ਫਰੀਦਕੋਟ ਜ਼ਿਲ੍ਹਾ ਸੇਮ ਦਾ ਮਾਰਿਆ ਹੋਇਆ ਹੈ।

**ਮਾਣਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ। ਸਰਦਾਰ ਜਗਰੂਪ ਸਿੰਘ ਗਿੱਲ।

**ਸਰਦਾਰ ਜਗਰੂਪ ਸਿੰਘ ਗਿੱਲ (ਬਠਿੰਡਾ ਸ਼ਹਿਰੀ)** : ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਤੁਹਾਡੇ ਧਿਆਨ ਵਿੱਚ ਸ਼ਾਮਲਾਟ ਜ਼ਮੀਨਾਂ ਦਾ ਬਹੁਤ ਹੀ ਮਹੱਤਵਪੂਰਨ ਮੁੱਦਾ ਲਿਆਉਣਾ ਚਾਹੁੰਦਾ ਹਾਂ। ਮੇਰੇ ਹਲਕੇ ਬਠਿੰਡਾ ਵਿੱਚ ਸ਼ਾਮਲਾਤ ਦਾ ਬਹੁਤ ਵੱਡਾ ਰਕਬਾ ਹੈ, ਜਿੱਥੇ ਬਹੁਤ ਵੱਡੀ ਆਬਾਦੀ ਵਸੀ ਹੋਈ ਹੈ। ਸਰਕਾਰ ਨੇ ਬਹੁਤ ਚੰਗਾ ਕੰਮ ਕੀਤਾ ਹੈ ਕਿ ਲਾਲ ਲਕੀਰ ਦੇ ਅੰਦਰ ਪੈਂਦੇ ਘਰਾਂ ਦੀ ਡਿਮਾਰਕੇਸ਼ਨ ਕਰਕੇ ਉਨ੍ਹਾਂ ਨੂੰ ਮਾਲਕ ਬਣਾਇਆ ਹੈ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸੇ ਤਰ੍ਹਾਂ ਹੀ ਜਿਹੜੀ ਪੱਤੀ ਸ਼ਾਮਲਾਤ ਹੈ, ਇਹ ਵੀ ਲੋਕਾਂ ਦੀ ਮਾਲਕੀ ਹੁੰਦੀ ਹੈ। ਜਿਹੜੇ ਲੋਕ ਉੱਥੇ ਘਰ ਪਾ ਕੇ ਵਸੇ ਹਨ ਜਾਂ ਜਿਨ੍ਹਾਂ ਦੇ ਕਬਜ਼ੇ ਵਿੱਚ ਹੈ, ਇਸ ਤਰ੍ਹਾਂ ਦਾ ਤਰੀਕਾ ਅਪਣਾ ਕੇ ਉਨ੍ਹਾਂ ਨੂੰ ਵੀ ਮਾਲਕ ਬਣਾਉਣਾ ਚਾਹੀਦਾ ਹੈ। ਇਹ ਮੈਂ ਤੁਹਾਡੇ ਰਾਹੀਂ ਬੇਨਤੀ ਸਰਕਾਰ ਨੂੰ ਕਰਾਂਗਾ।

**ਸਰਦਾਰ ਜੀਵਨ ਸਿੰਘ ਸੰਗੋਵਾਲ (ਗਿੱਲ, ਐਸ.ਸੀ.)** : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਇੱਕ ਬਹੁਤ ਅਹਿਮ ਮੁੱਦੇ ਤੇ ਇੱਥੇ ਗੱਲ ਕਰਨੀ ਚਾਹੁੰਦਾ ਹਾਂ। ਮੈਨੂੰ ਲੱਗਦਾ ਹੈ ਕਿ ਜਿੰਨੇ ਮੈਂਬਰ ਬੈਠੇ ਹਨ, ਹਰੇਕ ਦੇ ਹਲਕੇ ਵਿੱਚ ਅਜਿਹਾ ਹੋਵੇਗਾ ਤੇ ਸਾਰੇ ਮੇਰੀ ਇਸ ਗੱਲ ਨਾਲ ਸਹਿਮਤ ਹੋਣਗੇ। ਮੇਰੇ ਹਲਕੇ ਵਿੱਚ ਅਜਿਹੀ ਬਹੁਤ ਜ਼ਮੀਨ ਪਈ ਹੈ, ਜਿਨ੍ਹਾਂ ਨੂੰ ਆਪਾਂ ਮਹੰਤਾਂ ਦੀ ਜ਼ਮੀਨ ਵੀ ਕਹਿ ਦਿੰਦੇ ਹਾਂ ਅਤੇ ਲੋਹ ਲੰਗਰ ਦੀ ਜ਼ਮੀਨ ਵੀ ਕਹਿ ਦਿੰਦੇ ਹਾਂ। ਪਿੰਡ ਰਣੀਆ ਵਿੱਚ 50 ਕਿੱਲੇ ਅਤੇ ਜਸਪਾਲ ਬਾਂਗਰ ਵਿੱਚ ਵੀ ਬਹੁਤ ਜ਼ਮੀਨ ਪਈ ਹੈ। ਉਸ ਜ਼ਮੀਨ ਉੱਤੇ ਨਜਾਇਜ਼ ਕਬਜ਼ੇ ਹੋ ਰਹੇ ਹਨ, ਲੜਾਈ-ਝਗੜੇ ਵੀ ਰਹੇ ਹੋ ਹਨ। ਸਪੀਕਰ ਸਾਹਿਬ, ਬਹੁਤੇ ਕਿਸਾਨਾਂ ਵੱਲੋਂ ਤਾਂ ਇਹ ਜ਼ਮੀਨ ਮੁੱਲ ਲਈ ਹੋਈ ਹੈ ਅਤੇ ਰਜਿਸਟਰੀ ਵੀ ਹੋਈ ਪਈ ਹੈ, ਉਨ੍ਹਾਂ ਦੇ ਨਾਮ ਤੇ ਇੰਤਕਾਲ ਵੀ ਹੋਏ ਪਏ ਹਨ। ਉਹ ਕਿਸਾਨ ਦਰ-ਦਰ ਭਟਕਦੇ ਫਿਰ ਰਹੇ ਹਨ ਪਰੰਤੂ ਉਨ੍ਹਾਂ ਦੀ ਜ਼ਮੀਨ ਅੱਗੇ ਸੇਲ ਨਹੀਂ ਹੋ ਰਹੀ ਹੈ। ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਮਾਲਕੀ ਦਿੱਤੀ ਜਾਵੇ। ਧੰਨਵਾਦ ਜੀ।

**ਸ੍ਰੀਮਤੀ ਨੀਨਾ ਮਿੱਤਲ (ਰਾਜਪੁਰਾ)** : ਸਪੀਕਰ ਸਾਹਿਬ, ਮੇਰੇ ਰਾਜਪੁਰਾ ਹਲਕੇ ਵਿੱਚ ਬਨੂੜ ਏਰੀਆ ਆਉਂਦਾ ਹੈ। ਹੁਣੇ ਸਰਦਾਰ ਭਗਵੰਤ ਸਿੰਘ ਮਾਨ ਜੀ ਵੱਲੋਂ ਇਸ ਨੂੰ ਸਬ-ਡਵੀਜ਼ਨ ਬਣਾ ਕੇ ਲੋਕਾਂ ਦੀ ਮੰਗ ਨੂੰ ਪੂਰਾ ਕੀਤਾ ਹੈ, ਇਸ ਲਈ ਮੈਂ ਮੁੱਖ ਮੰਤਰੀ ਸਾਹਿਬ ਦਾ ਬਹੁਤ-ਬਹੁਤ ਧੰਨਵਾਦ ਕਰਦੀ ਹਾਂ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦੀ ਹਾਂ ਕਿ ਉਥੋਂ ਦੇ ਲੋਕਾਂ ਦੀ ਇੱਕ ਮੰਗ ਹੈ ਕਿ ਪਹਿਲਾਂ ਪੀ.ਜੀ.ਆਈ. ਚੰਡੀਗੜ੍ਹ ਵਿਖੇ ਜਾਣ ਲਈ ਸੀ.ਟੀ.ਯੂ. ਦੀ ਇੱਕ ਬੱਸ ਚੱਲਦੀ ਸੀ ਪਰ ਹੁਣ ਉਹ ਬੱਸ ਉਥੋਂ ਬੰਦ ਕਰ ਦਿੱਤੀ ਗਈ ਹੈ। ਹੁਣ ਇਹ ਬੱਸ ਚਾਰ ਕਿਲੋਮੀਟਰ ਅੱਗੇ ਤੰਗੋਰੀ ਪਿੰਡ ਤੋਂ ਚੱਲਦੀ ਹੈ। ਬਨੂੜ ਹਲਕੇ ਦੇ ਬਹੁਤ ਸਾਰੇ ਲੋਕ ਅਜਿਹੇ ਹਨ, ਜਿਹੜੇ ਡੇਲੀ ਪੀ.ਜੀ.ਆਈ., ਚੰਡੀਗੜ੍ਹ ਵਿਖੇ ਜਾਂਦੇ ਹਨ ਅਤੇ ਸ਼ਾਮ ਨੂੰ ਵਾਪਸ ਆਉਂਦੇ ਹਨ। ਮੇਰੀ ਮੰਗ ਹੈ ਕਿ ਸੀ.ਟੀ.ਯੂ. ਬੱਸ ਵਾਲਿਆਂ ਨਾਲ ਗੱਲ ਕੀਤੀ ਜਾਵੇ ਕਿ ਇਹ ਬੱਸ ਬਨੂੜ ਤੋਂ ਚਲਾਈ ਜਾਵੇ ਜਾਂ ਫਿਰ ਪੀ.ਆਰ.ਟੀ.ਸੀ. ਵੱਲੋਂ ਸਪੈਸ਼ਲ ਬੱਸ ਬਨੂੜ ਤੋਂ ਪੀ.ਜੀ.ਆਈ., ਚੰਡੀਗੜ੍ਹ ਲਈ ਚਲਾਈ ਜਾਵੇ ਤਾਂ ਜੋ ਲੋਕਾਂ ਦੀ ਮੰਗ ਪੂਰੀ ਹੋ ਸਕੇ ਅਤੇ ਉਨ੍ਹਾਂ ਦੀ ਖੱਜਲ-ਖੁਆਰੀ ਘੱਟ ਸਕੇ। ਧੰਨਵਾਦ ਜੀ।

**ਸ੍ਰੀ ਰਜਨੀਸ਼ ਕੁਮਾਰ ਦਹੀਯਾ (ਫਿਰੋਜ਼ਪੁਰ ਦਿਹਾਤੀ, ਐਸ.ਸੀ.)**: ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਦੌਰਾਨ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਜ਼ਰੀਏ ਸਰਕਾਰ ਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿੰਡਾਂ ਵਿੱਚ ਗਰੀਬ ਪਰਿਵਾਰਾਂ ਨੂੰ ਪੰਜ-ਪੰਜ ਮਰਲੇ ਦੇ ਪਲਾਟ ਦਿੱਤੇ ਜਾਂਦੇ ਹਨ। ਕਈ ਪਰਿਵਾਰ ਇਸ ਤਰ੍ਹਾਂ ਦੇ ਹੁੰਦੇ ਹਨ ਕਿ ਔਖੇ-ਸੌਖੇ ਆਪਣਾ ਘਰ ਬਣਾ ਲੈਂਦੇ ਹਨ ਔਰ ਕਈਆਂ ਦੇ ਹਾਲਾਤ ਇੰਨੇ ਮਾੜੇ ਹੁੰਦੇ ਹਨ ਕਿ ਉਹ ਆਪਣਾ ਘਰ ਨਹੀਂ ਬਣਾ ਸਕਦੇ, ਕਈਆਂ ਦੀਆਂ ਅਜਿਹੀਆਂ ਮਜਬੂਰੀਆਂ ਬਣ ਜਾਂਦੀਆਂ ਹਨ ਕਿ ਉਹ ਆਪਣਾ ਪਲਾਟ ਵੇਚ ਜਾਂਦੇ ਹਨ। ਸਰ, ਅੱਜਕੱਲ੍ਹ ਪ੍ਰਧਾਨ ਮੰਤਰੀ ਆਵਾਸ ਯੋਜਨਾ ਰਾਹੀਂ ਘਰ ਬਣਾਉਣ ਲਈ ਪੈਸੇ ਮਿਲਦੇ ਹਨ, ਤਕਰੀਬਨ ਢਾਈ-ਪੌਣੇ ਤਿੰਨ ਲੱਖ ਰੁਪਿਆ ਉਨ੍ਹਾਂ ਗਰੀਬ ਪਰਿਵਾਰਾਂ ਨੂੰ ਮਿਲਦਾ ਹੈ। ਮੇਰੀ ਬੇਨਤੀ ਹੈ ਕਿ ਇਨ੍ਹਾਂ ਗਰੀਬ ਪਰਿਵਾਰਾਂ ਲਈ ਕੋਈ ਪਾਲਿਸੀ ਬਣਾਈ ਜਾਵੇ ਕਿ ਜਿਹੜੇ ਉਨ੍ਹਾਂ ਨੂੰ ਪੰਜ-ਪੰਜ ਮਰਲੇ ਦੇ ਪਲਾਟ ਦਿੱਤੇ ਜਾਂਦੇ ਹਨ, ਉਸ ਵਿੱਚ ਢਾਈ-ਪੌਣੇ ਤਿੰਨ ਲੱਖ ਰੁਪਏ ਦੀ ਕੰਪੋਨੈਂਟ ਅਮਾਊਂਟ ਜੋੜ ਕੇ ਉਨ੍ਹਾਂ ਨੂੰ ਪੱਕੇ ਮਕਾਨ ਹੀ ਬਣਾ ਕੇ ਦਿੱਤੇ ਜਾਣ ਤਾਂ ਕਿ ਲੋਕਾਂ ਨੂੰ ਆਪਣਾ ਰੈਣ ਬਸੇਰਾ ਮਿਲ ਸਕੇ। ਬਹੁਤ-ਬਹੁਤ ਧੰਨਵਾਦ ਜੀ।

**ਸ਼੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ.)** : ਸਪੀਕਰ ਸਾਹਿਬ, ਮੇਰੇ ਹਲਕੇ ਦੀਨਾਨਗਰ ਵਿਖੇ ਇੰਟਰਨੈਸ਼ਨਲ ਬਾਰਡਰ ਨਾਲ ਸੱਤ ਪਿੰਡ ਪੈਂਦੇ ਹਨ, ਜਿਨ੍ਹਾਂ ਨੂੰ ਕੋਈ ਵੀ ਲੈਂਡ ਲਿੰਕ ਨਹੀਂ ਹੈ। ਉਥੇ ਰਾਵੀ ਅਤੇ ਉਝ ਦਰਿਆ ਦਾ confluence ਹੈ। ਜਦੋਂ ਬਾਜਵਾ ਸਾਹਿਬ ਪੀ.ਡਬਲਿਊ.ਡੀ ਮਨਿਸਟਰ ਸਨ ਤਾਂ ਸਾਲ 2005-06 ਦੌਰਾਨ pantoon bridge ਬਣਾਇਆ ਗਿਆ ਸੀ। ਸਪੀਕਰ ਸਾਹਿਬ, ਉਸ ਤੋਂ ਬਾਅਦ ਅਗਸਤ, 2021 ਵਿੱਚ ਸੈਂਟਰਲ ਰਿਜ਼ਰਵ ਇਨਫਰਾਸਟਰੱਕਚਰ ਸਕੀਮ ਦੇ ਫੰਡ ਵਿੱਚੋਂ 100 ਕਰੋੜ 48 ਲੱਖ ਰੁਪਿਆ ਇਸ ਪੁਲ ਦੇ ਨਿਰਮਾਣ ਵਾਸਤੇ ਮਿਲਿਆ ਸੀ। ਇਹ ਸੈਂਕਸ਼ਨ ਹੋ ਗਿਆ ਹੈ ਅਤੇ ਕੋਈ ਵੀ ਐਨ.ਓ.ਸੀ. ਪੈਂਡਿੰਗ ਨਹੀਂ ਹੈ। ਪਿਛਲੇ ਸਾਲ ਸੈਸ਼ਨ ਦੌਰਾਨ ਮੈਂ ਲੋਕ ਨਿਰਮਾਣ ਮੰਤਰੀ ਜੀ ਨੂੰ ਸਵਾਲ ਲਗਾਇਆ ਸੀ ਅਤੇ ਉਸ ਦੀ ਕਾਪੀ ਮੇਰੇ ਕੋਲ ਹੈ। ਮੰਤਰੀ ਜੀ ਵੱਲੋਂ ਸਦਨ ਦੀ ਫਲੋਰ ਉੱਤੇ ਭਰੋਸਾ ਦਿੱਤਾ ਗਿਆ ਸੀ ਕਿ 31 ਦਸੰਬਰ, 2025 ਵਿੱਚ ਇਸ ਪੁਲ ਦਾ ਨਿਰਮਾਣ ਸ਼ੁਰੂ ਹੋ ਜਾਵੇਗਾ ਲੇਕਿਨ ਅਫਸੋਸ ਹੈ ਕਿ 31 ਦਸੰਬਰ, 2025 ਨਿਕਲ ਗਿਆ ਅਤੇ ਸਾਲ 2026 ਵੀ ਅੱਧ ਤੱਕ ਪਹੁੰਚ ਚੁੱਕਾ ਹੈ ਪਰੰਤੂ ਉਥੇ ਹਾਲੇ ਤੱਕ ਇੱਕ ਇੱਟ ਵੀ ਨਹੀਂ ਲੱਗੀ ਹੈ। ਸਪੀਕਰ ਸਾਹਿਬ, ਬਰਸਾਤ ਦੇ ਦਿਨਾਂ ਦੌਰਾਨ ਪੁਲ ਡਿਸਮੈਂਟਲ ਹੋ ਜਾਂਦਾ ਹੈ। ਉਥੇ ਕੋਈ ਆਵਾਜਾਈ ਦਾ ਸਾਧਨ ਨਹੀਂ ਹੈ। ਪੈਸੇ ਵੀ ਪਏ ਹਨ। ਮੰਤਰੀ ਜੀ ਨੇ ਸਦਨ ਦੀ ਫਲੋਰ ਤੇ ਐਸ਼ੋਰੈਂਸ ਵੀ ਦਿੱਤੀ ਸੀ ਪਰੰਤੂ ਉਸ ਆਸ਼ਵਾਸਨ ਦੇ ਤੌਰ ਤੇ ਉਥੇ ਇੱਕ ਇੱਟ ਤੱਕ ਨਹੀਂ ਲੱਗੀ ਹੈ। ਸਰ, ਇਹ ਬੜੇ ਅਫਸੋਸ ਦੀ ਗੱਲ ਹੈ। ਪਤਾ ਨਹੀਂ ਇਨ੍ਹਾਂ ਨੇ ਇਸ ਸਾਲ ਬਣਾਉਣਾ ਹੈ ਜਾਂ ਨਹੀਂ। ਇਹ ਮੈਨੂੰ ਦੱਸ ਦੇਣ ਕਿ ਬਣਾਉਣਗੇ ਜਾਂ ਨਹੀਂ ਬਣਾਉਣਗੇ?

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ)** : ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਤੁਹਾਡੇ ਜ਼ਰੀਏ ਮਾਣਯੋਗ ਫਾਈਨਾਂਸ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਲਈ ਸਰਕਾਰ ਨੇ ਵਾਅਦਾ ਕੀਤਾ ਸੀ। ਉਸ ਲਈ ਪੁਰਾਣੀ ਫੋਟੋ ਵੀ ਲੱਭੀ ਹੈ, ਜਿਸ ਵਿੱਚ ਲਿਖਿਆ ਹੈ ਕਿ 'ਸ਼ੌਂਕ ਨਹੀਂ ਮਜਬੂਰੀ ਹੈ, ਪੁਰਾਣੀ ਪੈਨਸ਼ਨ ਜ਼ਰੂਰੀ' ਹੈ। ਮੇਰਾ ਖਿਆਲ ਹੈ ਕਿ ਪੈਸੇ ਵੀ ਕਾਫੀ ਹਨ, ਅੱਜ ਪੁਰਾਣੀ ਪੈਨਸ਼ਨ ਨੂੰ ਅਨਾਊਂਸ ਕਰ ਦੇਣਾ ਚਾਹੀਦਾ ਹੈ। ਦੂਸਰਾ, ਜਿਹੜਾ ਮੁਲਾਜ਼ਮਾਂ ਦੇ ਬਕਾਇਆ ਡੀ.ਏ. ਸਬੰਧੀ ਜਸਟਿਸ ਹਰਪ੍ਰੀਤ ਸਿੰਘ ਜੀ ਨੇ ਆਰਡਰ ਕੀਤਾ ਹੈ।

**ਮਾਣਯੋਗ ਸਪੀਕਰ**: ਇੱਕ ਸਮੇਂ ਸਿਰਫ ਇੱਕ ਹੀ ਮੁੱਦਾ ਚੁੱਕਿਆ ਜਾਵੇ ਜੀ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ (ਅਜਨਾਲਾ)**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਾਡੇ ਏਰੀਏ ਅਤੇ ਗੁਰਦਾਸਪੁਰ ਦੀ ਗੱਲ ਕਰਨੀ ਚਾਹੁੰਦਾ ਹਾਂ। ਰਾਵੀ ਦਰਿਆ ਦੇ ਪੈਰਲਲ ਦੋ ਨਾਲੇ ਨੌਮਨੀ ਅਤੇ ਸੱਕੀ ਨਾਲੇ ਵਗਦੇ ਹਨ। ਉਨ੍ਹਾਂ ਉੱਤੇ ਬਹੁਤ ਜ਼ਿਆਦਾ ਨਜਾਇਜ਼ ਕਬਜ਼ੇ ਹੋ ਗਏ ਹਨ। ਸਪੀਕਰ ਸਾਹਿਬ, ਇੱਕ ਤਾਂ ਉਨ੍ਹਾਂ ਦੀ ਨਿਸ਼ਾਨਦੇਹੀ ਕਰਵਾਈ ਜਾਵੇ। ਮੇਰੀ ਸਰਕਾਰ ਕੋਲੋਂ ਇੱਕ ਹੋਰ ਮੰਗ ਹੈ ਕਿ ਨਾਲਿਆਂ ਦੀ ਖੁਲਾਈ ਕੀਤੀ ਜਾਵੇ ਕਿਉਂਕਿ ਜਦੋਂ ਹੜ੍ਹ ਆਉਂਦਾ ਹੈ ਤਾਂ ਉਹ ਸਾਰੇ ਇਕੱਠੇ ਹੋ ਜਾਂਦੇ ਹਨ। ਮੈਂ ਪਹਿਲਾਂ ਵੀ ਕਿਹਾ ਸੀ ਅਤੇ ਅੱਜ ਫਿਰ ਕਹਿੰਦਾ ਹਾਂ ਕਿ ਜਦੋਂ ਰਾਵੀ ਦਰਿਆ ਵਿੱਚ ਹੜ੍ਹ ਆਉਂਦਾ ਹੈ ਤਾਂ ਧੁੱਸੀ ਬੰਨ੍ਹ ਟੁੱਟਦੇ ਹਨ, ਇਸ ਵਾਰ 23 ਬਰੀਚਿਜ਼ ਹੋਈਆਂ ਸਨ ਭਾਵ 23 ਥਾਵਾਂ ਤੋਂ ਧੁੱਸੀ ਬੰਨ੍ਹ ਟੁੱਟੇ ਸਨ, ਕੁਝ ਥਾਂ ਰਿਪੀਟ ਹੋਏ ਹਨ। ਜਿਹੜੇ ਸਾਲ 2023 ਵਿੱਚ ਟੁੱਟੇ ਸਨ, ਉਹ ਹੁਣ ਵੀ ਟੁੱਟੇ ਹਨ। ਉੱਥੇ ਲੋਕਾਂ ਦੀ ਮੰਗ ਹੈ ਕਿ ਪੱਥਰ ਦੀਆਂ ਦੀਵਾਰਾਂ ਕਰਵਾਈਆਂ ਜਾਣ ਤਾਂ ਜੋ ਦੁਬਾਰਾ ਹੜ੍ਹ ਆਉਣ ਦੀ ਸਥਿਤੀ ਵਿੱਚ ਬਰੀਚ ਨਾ ਹੋਵੇ। ਭਾਵੇਂ ਮਹਿਕਮੇ ਨੇ ਪਹਿਲਾਂ ਉਸ ਨੂੰ ਕੱਚਾ ਕਰ ਦਿੱਤਾ ਹੈ। ਇਹ ਮਹਿਕਮੇ ਨੇ ਵਧੀਆ

ਕੀਤਾ ਹੈ। ਇਸ ਦੇ ਨਾਲ ਲੋਕਾਂ ਦੀ ਮੰਗ ਹੈ ਕਿ ਇਨ੍ਹਾਂ ਨੂੰ ਪੱਕਾ ਕੀਤਾ ਜਾਵੇ। ਸਰ, ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ।

**ਮਾਣਯੋਗ ਸਪੀਕਰ**: ਬੱਸ ਜੀ, ਤੁਹਾਡੀ ਗੱਲ ਆ ਗਈ ਹੈ। ਹੁਣ ਗੁਰਲਾਲ ਘਨੌਰ ਜੀ ਬੋਲਣਗੇ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ** : ਸਰ, ਅੱਜ ਚਾਹ ਨਹੀਂ ਮਿਲੀ।

**ਮਾਣਯੋਗ ਸਪੀਕਰ** : ਬੱਸ, ਇੱਕੋ ਗੱਲ ਹੀ ਹੁੰਦੀ ਹੈ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ** : ਸਰ, ਅੱਜ ਚਾਹ ਨਹੀਂ ਮਿਲੀ। ਸਾਨੂੰ ਸਿਲੰਡਰ ਦਾ ਪ੍ਰਬੰਧ ਤਾਂ ਕਰਕੇ ਦੇਵੋ। ਮੈਂ ਇਹੀ ਕਹਿ ਰਿਹਾ ਹਾਂ ਕਿ ਸਾਨੂੰ ਸਿਲੰਡਰ ਦੇਵੋ। ਮੋਦੀ ਸਰਕਾਰ ਕਿੱਥੇ ਗਈ? ਸਾਡੇ ਲਈ ਸਿਲੰਡਰ ਦਾ ਪ੍ਰਬੰਧ ਕਰ ਦਿਓ। ਸਾਨੂੰ ਸਿਲੰਡਰ ਦਿਵਾਓ ਜੀ। ਸਪੀਕਰ ਸਾਹਿਬ, ਅਸੀਂ ਤੁਹਾਨੂੰ ਬੇਨਤੀ ਕਰ ਰਹੇ ਹਾਂ। ਸਾਡਾ ਸਿਲੰਡਰ ਕਿੱਥੇ ਗਿਆ?

**ਮਾਣਯੋਗ ਸਪੀਕਰ**: ਕੇਂਦਰ ਸਰਕਾਰ ਵੱਲੋਂ ਗੈਸ ਸਿਲੰਡਰ ਦੀ ਬਹੁਤ ਵੱਡੀ ਮਿਸਮੈਨੇਜਮੈਂਟ ਹੋਈ ਹੈ। ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਦੀ ਆਪਣੀ ਕੋਈ ਪਰਸਨਲ ਮਜਬੂਰੀ ਹੈ, ਜਿਸ ਕਰਕੇ ਸਾਰੇ ਦੇਸ਼ ਦੇ ਗਰੀਬ ਲੋਕ, ਜਿਹੜੇ ਆਪਣਾ ਰੁਜ਼ਗਾਰ ਚਲਾਉਂਦੇ ਸਨ, ਛੋਟੇ-ਛੋਟੇ ਹੋਟਲ ਚਲਾਉਂਦੇ ਸਨ, ਚਾਹ ਦੇ ਖੋਖੇ ਚਲਾਉਂਦੇ ਸਨ, ਆਪਣੇ ਛੋਟੇ ਛੋਟੇ ਕੰਮ ਚਲਾਉਂਦੇ ਸਨ, ਉਨ੍ਹਾਂ ਸਾਰਿਆਂ ਦੀ ਰੋਜ਼ੀ-ਰੋਟੀ ਖਰਾਬ ਕਰ ਦਿੱਤੀ ਗਈ ਹੈ। ਵਿੱਤ ਮੰਤਰੀ ਜੀ, ਕੁਝ ਕਹਿਣਾ ਚਾਹੁੰਦੇ ਹਨ।

(ਇਸ ਸਮੇਂ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਮੰਤਰੀ ਸਾਹਿਬਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਡਾਕਟਰ ਸੁਖਵਿੰਦਰ ਕੁਮਾਰ ਸੁੱਖੀ, ਕੇਂਦਰ ਸਰਕਾਰ ਵੱਲੋਂ ਘਰੇਲੂ ਸਿਲੰਡਰ ਦੀ ਕੀਤੀ ਗਈ ਮਿਸਮੈਨੇਜਮੈਂਟ ਸਨਮੁੱਖ ** ਨਾਅਰੇ ਲਗਾ ਰਹੇ ਸਨ ਅਤੇ ਇਸ ਦੇ ਨਾਲ ਹੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉਨ੍ਹਾਂ ਦੇ ਸਮਰਥਨ ਵਿੱਚ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ।)

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਮਾਣਯੋਗ ਸਪੀਕਰ ਸਾਹਿਬ, ਇਹ ਪ੍ਰੋਟੈਸਟ ਦੇਸ਼ ਦੀ ਕੇਂਦਰ ਸਰਕਾਰ ਖਿਲਾਫ ਹੋ ਰਿਹਾ ਹੈ। ਅੱਜ ਦੇਸ਼ ਦੀ ਕੇਂਦਰ ਸਰਕਾਰ, ਭਾਰਤੀ ਜਨਤਾ ਪਾਰਟੀ ਅਤੇ ਖਾਸ ਕਰਕੇ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਜੀ ਬਿਲਕੁਲ ਫੇਲ੍ਹ ਹੋ ਚੁੱਕੇ ਹਨ। ਉਹ ਵਿਦੇਸ਼ ਦੌਰੇ ਕਰਨ ਦੇ ਆਦੀ ਹਨ, ਉਹ ਵਿਦੇਸ਼ਾਂ ਵਿੱਚ ਦੌਰੇ ਕਰਦੇ ਹਨ ਅਤੇ ਐਸ਼ਪ੍ਰਸਤੀ ਕਰਕੇ ਮੁੜ ਆਉਂਦੇ ਹਨ। ਉਹ ਆਪਣੇ ਯਾਰਾਂ-ਦੋਸਤਾਂ ਨੂੰ ਮਿਲ ਕੇ ਮੁੜ ਆਉਂਦੇ ਹਨ। (ਵਿਘਨ)(ਸ਼ੋਰ) ਸਪੀਕਰ ਸਾਹਿਬ, ਵਿਦੇਸ਼ ਨੀਤੀ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਅੱਜ ਦੇਸ਼ ਨੇ ਸਰੰਡਰ ਕਰ ਦਿੱਤਾ। ਅੱਜ ਭਾਰਤੀ ਜਨਤਾ ਪਾਰਟੀ ਨੇ ਦੇਸ਼ ਨੂੰ ਬਰਬਾਦ ਕਰਨ ਦਾ ਕੰਮ ਕੀਤਾ ਹੈ। ਅੱਜ ਦੇਸ਼ ਦੇ ਹਰ ਘਰ ਦੀ

** Not recorded as ordered by the Chair.

ਰਸੋਈ ਵਿੱਚ ਗੈਸ ਦੀ ਕਿੱਲਤ ਹੈ। ਅੱਜ ਢਾਬੇ, ਰੈਸਟੋਰੈਂਟ ਅਤੇ ਵੱਡੇ ਵੱਡੇ ਕਾਰੋਬਾਰ ਬੰਦ ਹੋ ਗਏ ਹਨ। ਅੱਜ ਦੇਸ਼ ਅੰਦਰ ਸਭ ਤੋਂ ਵੱਧ ਮਹਿੰਗਾਈ ਹੋ ਰਹੀ ਹੈ। ਮੈਂ ਸਮਝਦਾ ਹਾਂ ਕਿ ਦੇਸ਼ ਦਾ ਮਜ਼ਦੂਰ, ਦੇਸ਼ ਦਾ ਕਿਸਾਨ, ਦੇਸ਼ ਦਾ ਵਪਾਰੀ ਮਰਨ ਲਈ ਮਜਬੂਰ ਹੋ ਰਿਹਾ ਹੈ। ਮੋਦੀ ਸਰਕਾਰ ਵੱਲੋਂ ਦੇਸ਼ ਦੀ ਆਰਥਿਕਤਾ ਨੂੰ ਖਤਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਦੇਸ਼ ਦੀ ਵਿਦੇਸ਼ ਨੀਤੀ ਬਣਾਉਣੀ ਸੀ।

(ਇਸ ਸਮੇਂ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਮੰਤਰੀ ਸਾਹਿਬਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਡਾਕਟਰ ਸੁਖਵਿੰਦਰ ਕੁਮਾਰ ਸੁੱਖੀ, ਕੇਂਦਰ ਸਰਕਾਰ ਵੱਲੋਂ ਘਰੇਲੂ ਸਿਲੰਡਰ ਦੀ ਕੀਤੀ ਗਈ ਮਿਸਮੈਨੇਜਮੈਂਟ ਸਨਮੁੱਖ ** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਇਸ ਦੇ ਨਾਲ ਹੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉਨ੍ਹਾਂ ਦੇ ਸਮਰਥਨ ਵਿੱਚ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ**: ਨਾਅਰੇ ਰਿਕਾਰਡ ਨਾ ਕੀਤੇ ਜਾਣ। ਦੇਖੋ, ਮੈਂ ਤੁਹਾਡਾ ਦਰਦ ਸਮਝਦਾ ਹਾਂ। ਪਤਾ ਨਹੀਂ, ਕਿਹੜਾ ਦਬਾਅ ਸੀ ਜਿਹੜਾ ਨਰੇਂਦਰ ਮੋਦੀ ਜੀ ਨੇ ਈਰਾਨ, ਰਸ਼ੀਆ ਅਤੇ ਹੋਰ ਦੇਸ਼ਾਂ ਤੋਂ ਜਿਹੜਾ ਸਸਤਾ ਤੇਲ ਅਤੇ ਗੈਸ ਮਿਲਦਾ ਸੀ, ਉਹ ਛੱਡ ਕੇ ਟਰੰਪ ਦੇ ਸਾਹਮਣੇ ਸਰੰਡਰ ਕਰਕੇ ਕਈ ਗੁਣਾ ਮਹਿੰਗਾ ਕੱਚਾ ਤੇਲ ਅਤੇ ਗੈਸ ਅਮਰੀਕਾ ਤੋਂ ਖਰੀਦਣਾ ਮੰਨਿਆ ਅਤੇ ਦੇਸ਼ ਦਾ ਨੁਕਸਾਨ ਕੀਤਾ। ਇਹ ਬਹੁਤ ਵੱਡਾ ਨੁਕਸਾਨ ਹੈ। ਅੱਜ ਦੇਸ਼ ਵਿੱਚ ਗੈਸ ਸਿਲੰਡਰ ਹੀ ਨਹੀਂ ਮਿਲ ਰਹੇ। ਮੈਂ ਤੁਹਾਡੀ ਸਭ ਦੀ ਗੱਲ ਨਾਲ ਸਹਿਮਤ ਹਾਂ ਪਰ ਹੁਣ ਅਸੀਂ ਸਦਨ ਨੂੰ ਅੱਗੇ ਚਲਾਈਏ।

**ਵਿੱਤ ਮੰਤਰੀ**: ਸਪੀਕਰ ਸਾਹਿਬ, ਵਿਦੇਸ਼ ਦੌਰੇ ਤੇ ਜ਼ਿਆਦਾ ਜਾਣ ਵਾਲੇ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਸਾਹਿਬ ਬਣ ਚੁੱਕੇ ਹਨ। ਹੁਣ ਤੱਕ ਦੀ ਹਿਸਟਰੀ ਦੇ ਅੰਦਰ ਬਹੁਤ ਸਾਰੇ ਪ੍ਰਧਾਨ ਮੰਤਰੀ ਹੋਏ ਹਨ ਪਰ ਮੋਦੀ ਸਾਹਿਬ ਇਕੱਲੇ ਹਨ, ਜਿਨ੍ਹਾਂ ਦੇ ਨਾਮ ਉੱਤੇ ਸਭ ਤੋਂ ਵੱਧ ਵਿਦੇਸ਼ ਦੌਰੇ ਗਿਣੇ ਗਏ ਹਨ। ਸਭ ਤੋਂ ਵੱਧ ਵਿਦੇਸ਼ੀ ਦੌਰੇ ਮੋਦੀ ਸਾਹਿਬ ਦੇ ਨਾਮ ਤੇ ਬੋਲਦੇ ਹਨ ਪਰ ਉਨ੍ਹਾਂ ਦੀ ਵਿਦੇਸ਼ ਨੀਤੀ ਟੋਟਲ ਫੇਲ੍ਹ ਹੈ। ਉਨ੍ਹਾਂ ਨੇ ਇੱਕ ਵੀ ਸ਼ਬਦ ਈਰਾਨ ਦੇ ਹੱਕ ਵਿੱਚ ਨਹੀਂ ਬੋਲਿਆ। (ਵਿਘਨ)(ਸ਼ੋਰ) ਇਹ ਜਿਹੜਾ ਐਨਰਜੀ ਦਾ ਸੰਕਟ ਪੈਦਾ ਹੋ ਗਿਆ ਹੈ, ਉਸ ਬਾਰੇ ਵੀ ਨਹੀਂ ਬੋਲਿਆ। ਮੈਂ ਹੈਰਾਨ ਹਾਂ ਕਿ ਦੇਸ਼ ਨੂੰ ਆਜ਼ਾਦ ਹੋਏ ਨੂੰ 75 ਸਾਲ ਹੋ ਗਏ ਹਨ। ਦੇਸ਼ ਅੰਦਰ ਕਾਂਗਰਸ ਪਾਰਟੀ ਦਾ ਰਾਜ ਰਿਹਾ ਹੈ, ਬੀ.ਜੇ.ਪੀ. ਦਾ ਰਾਜ ਰਿਹਾ ਹੈ, ਦੇਸ਼ ਦੇ ਅੰਦਰ ਅਕਾਲੀ ਦਲ ਦਾ ਵੀ ਰਾਜ ਰਿਹਾ ਹੈ ਪਰ ਐਨਰਜੀ ਦਾ ਸੰਕਟ ਅੱਜ ਵੀ ਬਰਕਰਾਰ ਹੈ। ਮੈਂ ਸਮਝਦਾ ਹਾਂ ਕਿ ਅੱਜ ਦੇਸ਼ ਨੂੰ ਬਹੁਤ ਵੱਡਾ ਘਾਟਾ ਪੈ ਰਿਹਾ ਹੈ। ਸਿਰਫ ਤੇ ਸਿਰਫ ਭਾਰਤੀ ਜਨਤਾ ਪਾਰਟੀ ਦੀ ਵਿਦੇਸ਼ ਨੀਤੀ ਅਤੇ ਉਨ੍ਹਾਂ ਦੀਆਂ ਆਰਥਿਕ ਨੀਤੀਆਂ ਸਾਡੇ ਦੇਸ਼ ਨੂੰ ਬਰਬਾਦ ਕਰ ਰਹੀਆਂ ਹਨ।

**ਮਾਣਯੋਗ ਸਪੀਕਰ** : ਆਪਾਂ ਹੁਣ ਹਾਊਸ ਨੂੰ ਚਲਾਈਏ। (ਵਿਘਨ, ਸ਼ੋਰ)

**ਵਿੱਤ ਮੰਤਰੀ** : ਮੈਂ ਸਮਝਦਾ ਹਾਂ ਕਿ ਸਿਰਫ ਤੇ ਸਿਰਫ ਭਾਰਤੀ ਜਨਤਾ ਪਾਰਟੀ ਦੀ ਵਿਦੇਸ਼ ਨੀਤੀ ਅਤੇ ਆਰਥਿਕ ਨੀਤੀਆਂ ਨੇ ਦੇਸ਼ ਬਰਬਾਦੀ ਦੇ ਕੰਢੇ ਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਅਤੇ ਅੱਜ ਵੱਡਾ ਘਾਟਾ ਪੈ ਰਿਹਾ ਹੈ।

---

** Not recorded as ordered by the Chair.

(ਇਸ ਸਮੇਂ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਮੰਤਰੀ ਸਾਹਿਬਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ, ਕੇਂਦਰ ਸਰਕਾਰ ਵੱਲੋਂ ਘਰੇਲੂ ਸਿਲੰਡਰ ਦੀ ਕੀਤੀ ਗਈ ਮਿਸਮੈਨੇਜਮੈਂਟ ਸਨਮੁੱਖ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਨਾਅਰੇ ਮਾਰ ਰਹੇ ਹਨ। ਇਸ ਦੇ ਨਾਲ ਹੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉਨ੍ਹਾਂ ਦੇ ਸਮਰਥਨ ਵਿੱਚ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ।)

-------

## SHORT ADJOURNMENT OF THE HOUSE

**ਮਾਣਯੋਗ ਸਪੀਕਰ** : ਸਦਨ 20 ਮਿੰਟ ਲਈ ਸਥੱਗਿਤ ਕੀਤਾ ਜਾਂਦਾ ਹੈ।

*12.30 ਵਜੇ ਬਾਅਦ ਦੁਪਹਿਰ।) (ਇਸ *ਸਮੇਂ ਸਦਨ 12.50 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।)

--------

*12.50 ਵਜੇ ਬਾਅਦ ਦੁਪਹਿਰ ।) (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

-------

## MATTERS RAISED DURING ZERO HOUR (*Resumption*)

**ਮਾਣਯੋਗ ਸਪੀਕਰ** : ਜ਼ੀਰੋ ਆਵਰ, ਸਿੱਧੂ ਸਾਹਿਬ।

**ਸਰਦਾਰ ਕੁਲਵੰਤ ਸਿੰਘ ਸਿੱਧੂ (ਆਤਮ ਨਗਰ)** : ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਅੰਬੇਦਕਰ ਨਗਰ ਕਾਲੋਨੀ ਨੂੰ ਪੱਕਾ ਕਰਨ ਦਾ ਮੁੱਦਾ ਪਹਿਲਾਂ ਵੀ ਦੋ ਵਾਰ ਆਪ ਜੀ ਦੇ ਧਿਆਨ ਵਿੱਚ ਲਿਆ ਚੁੱਕਾ ਹਾਂ ਅਤੇ ਜਿਹੜੇ ਸੀ.ਆਰ.ਪੀ.ਐਫ. ਕਾਲੋਨੀ ਵਿੱਚ ਪਲਾਟ ਹਨ, ਉਨ੍ਹਾਂ ਨੂੰ ਜਿਵੇਂ ਦੇ ਤਿਵੇਂ ਆਧਾਰ ਤੇ ਅਲਾਟ ਕਰਨ ਦਾ ਮੁੱਦਾ ਹੈ। ਇਸ ਦੇ ਨਾਲ ਹੀ ਜੁੜਿਆ ਹੋਇਆ ਇੱਕ ਮਾਮਲਾ ਇਹ ਹੈ ਕਿ ਮੇਰੇ ਅੰਬੇਦਕਰ ਨਗਰ ਵਿਖੇ ਇੱਕ 2 ਏਕੜ ਦੀ ਸਕੀਮ ਇੰਪਰੂਵਮੈਂਟ ਟਰੱਸਟ ਦੀ ਹੈ, ਜਿਸ ਵਾਸਤੇ ਮੈਂ ਸਾਡੇ ਮਾਣਯੋਗ ਸਿੱਖਿਆ ਮੰਤਰੀ, ਸਰਦਾਰ ਹਰਜੋਤ ਬੈਂਸ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਸਕੂਲ ਵਾਸਤੇ ਗ੍ਰਾਂਟ ਵੀ ਜਾਰੀ ਕੀਤੀ ਹੈ ਅਤੇ ਅਲਾਟਮੈਂਟ ਵੀ ਹੋਈ ਹੈ ਪਰ ਦੁੱਖ ਦੀ ਗੱਲ ਹੈ ਕਿ 100 ਕਰੋੜ ਰੁਪਏ ਦੇ ਲਗਭਗ ਕੀਮਤੀ ਜ਼ਮੀਨ ਹੈ, ਉਹ ਕਿਸੇ ਕਲਾਈਂਟ ਨੇ, ਜਿਸ ਦੀ ਇੰਪਰੂਵਮੈਂਟ ਟਰੱਸਟ ਵੱਲ ਕੋਈ ਦੇਣਦਾਰੀ ਬਕਾਇਆ ਹੈ, ਉਸ ਨੇ ਕੋਰਟ ਵਿੱਚ ਅਟੈਚ ਕਰਵਾਈ ਹੋਈ ਹੈ। ਮੈਂ ਮਾਣਯੋਗ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਕਿਸੇ ਤਰ੍ਹਾਂ ਉਹ ਅਟੈਚਮੈਂਟ ਛੁਡਵਾ ਕੇ ਕੋਈ ਹੋਰ ਪ੍ਰਾਪਰਟੀ ਰੱਖੀ ਜਾਵੇ ਕਿਉਂਕਿ ਮਾਣਯੋਗ ਕੋਰਟ ਦੀ ਤਾਮੀਲ ਵੀ ਜ਼ਰੂਰੀ ਹੈ।

** Not recorded as ordered by the Chair.

ਉਸ ਨਾਲ ਮੇਰੇ ਹਲਕੇ ਵਿੱਚ ਸਿੱਖਿਆ ਦੇ ਪੱਧਰ ਦਾ ਵਿਸਥਾਰ ਹੋਵੇਗਾ ਕਿਉਂਕਿ ਅੰਬੇਦਕਰ ਨਗਰ ਵਿੱਚ ਗਰੀਬੀ ਰੇਖਾ ਤੋਂ ਬਹੁਤ ਹੀ ਥੱਲੇ ਲੋਕ ਰਹਿੰਦੇ ਹਨ ਅਗਰ ਉਨ੍ਹਾਂ ਨੂੰ ਅੱਛਾ ਸਕੂਲ ਮਿਲੇਗਾ ਤਾਂ ਮੈਂ ਸਮਝਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਜਿਵੇਂ ਉੱਧਰ (ਗਵਰਨਰ ਗੈਲਰੀ ਵੱਲ ਇਸ਼ਾਰਾ ਕਰਦੇ ਹੋਏ) ਲੜਕੇ-ਲੜਕੀਆਂ ਬੈਠੇ ਹਨ, ਜੋ ਯੂ.ਪੀ.ਐਸ.ਸੀ. ਪ੍ਰੀਖਿਆ ਕਲੀਅਰ ਕਰਕੇ ਆਏ ਹਨ, ਉਹ ਬੱਚੇ ਵੀ ਇੱਕ ਚੰਗਾ ਮਾਅਰਕੇ ਦਾ ਕੰਮ ਕਰ ਸਕਦੇ ਹਨ। ਇੰਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਸਿੱਖਿਆ ਮੰਤਰੀ ਜੀ ਨੂੰ ਆਪ ਜੀ ਦੇ ਮਾਧਿਅਮ ਰਾਹੀਂ ਬੇਨਤੀ ਕਰਦਾ ਹਾਂ ਕਿ ਇਸ ਸਕੂਲ ਦੀ ਸਾਈਟ ਫ੍ਰੀ ਕਰਵਾ ਕੇ ਜਲਦੀ ਕੰਮ ਸ਼ੁਰੂ ਕਰਵਾ ਕੇ ਦਿੱਤਾ ਜਾਵੇ। ਤੁਹਾਡਾ ਬਹੁਤ-ਬਹੁਤ ਧੰਨਵਾਦ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.):** ਸਪੀਕਰ ਸਾਹਿਬ, ਧੰਨਵਾਦ। ਸਰ, ਮੈਂ ਤੁਹਾਡੇ ਮਾਧਿਅਮ ਤੋਂ ਸਰਕਾਰ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਚੰਡੀਗੜ੍ਹ ਤੋਂ ਫਗਵਾੜਾ ਰੋਡ ਅਤੇ ਖਾਸ ਤੌਰ ਤੇ ਰੋਪੜ ਤੋਂ ਬਲਾਚੌਰ ਦੇ ਏਰੀਏ ਵਿੱਚ ਬੜੇ ਆਵਾਰਾ ਪਸ਼ੂ ਸੜਕਾਂ ਉਤੇ ਘੁੰਮਦੇ ਹਨ ਔਰ ਬਹੁਤ ਵਾਰੀ ਐਕਸੀਡੈਂਟਾਂ ਵਿੱਚ ਕੀਮਤੀ ਜਾਨਾਂ ਵੀ ਗਈਆਂ ਹਨ। ਮੈਂ ਬੇਨਤੀ ਕਰਦਾ ਹਾਂ ਕਿ ਉਸ ਸੜਕ ਦੇ ਦੋਨੋਂ ਪਾਸੇ ਫੈਂਸਿੰਗ ਕਰਵਾ ਦਿੱਤੀ ਜਾਵੇ ਤਾਂ ਕਿ ਕੀਮਤੀ ਜਾਨਾਂ ਵੀ ਬਚਾਈਆਂ ਜਾ ਸਕਣ ਅਤੇ ਜਿਹੜੇ ਪਸ਼ੂ ਮਰਦੇ ਹਨ, ਉਨ੍ਹਾਂ ਨੂੰ ਵੀ ਬਚਾਇਆ ਜਾ ਸਕੇ। ਸਰ, ਦੂਸਰਾ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਬਹੁਤ ਲੋਕ ਹਨ, ਜਿਨ੍ਹਾਂ ਕੋਲ ਘਰ ਨਹੀਂ ਹਨ। ਪੰਜਾਬ ਵਿੱਚ ਪੰਚਾਇਤੀ ਜ਼ਮੀਨਾਂ ਵੀ ਬਹੁਤ ਹਨ। ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਵੀ 2-2 ਮਰਲੇ ਦੇ ਦਿੱਤੇ ਜਾਣ ਤਾਂ ਕਿ ਉਹ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੇ ਤਹਿਤ ਆਪਣੇ ਘਰ ਬਣਾ ਸਕਣ। ਇਹ ਮੇਰੀ ਬੇਨਤੀ ਹੈ। ਧੰਨਵਾਦ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ)** : ਸਪੀਕਰ ਸਾਹਿਬ, ਧੰਨਵਾਦ। ਮੈਂ ਤੁਹਾਡੇ ਜ਼ਰੀਏ ਹਾਊਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਅੱਜ ਟਰੇਜ਼ਰੀ ਬੈਂਚਿਜ਼ ਨੇ ਨਰਿੰਦਰ ਮੋਦੀ ਜੀ ਦੇ ਅਗੇਂਸਟ ਜਿਹੜੀ ਇਹ ਮੁਹਿੰਮ ਛੇੜੀ ਹੈ, ਉਸ ਸਬੰਧੀ ਮੈਂ ਤੁਹਾਡੇ ਜ਼ਰੀਏ ਫੂਡ ਐਂਡ ਸਿਵਲ ਸਪਲਾਈਜ਼ ਵਜ਼ੀਰ ਸਾਹਿਬ ਨੂੰ ਗੁਜਾਰਿਸ਼ ਕਰਾਂਗਾ ਕਿ ਇਸ ਹਾਊਸ ਦੇ ਫਲੋਰ ਤੋਂ ਆਮ ਪੰਜਾਬੀਆਂ ਨੂੰ ਸੰਬੋਧਿਤ ਕਰਨ ਅਤੇ ਉਨ੍ਹਾਂ ਨੂੰ ਇਹ ਆਸ਼ਵਾਸਨ ਦੇਣ ਕਿ ਇਹ ਗੈਸ ਦੀ ਕੋਈ ਕਮੀ ਨਹੀਂ ਆਉਣ ਦੇਣਗੇ। ਇਹ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਵੀ ਹੈ। ਇਹ ਫੈਕਟਸ ਐਂਡ ਫਿੱਗਰਜ਼ ਦੇ ਨਾਲ ਗੱਲ ਕਰਨ ਕਿ ਸਾਨੂੰ ਯੁੱਧ ਲੱਗਣ ਤੋਂ ਪਹਿਲਾਂ ਹਰ ਰੋਜ਼ ਕਿੰਨੀ ਗੈਸ ਆਉਂਦੀ ਸੀ ਅਤੇ ਉਸ ਦੀ ਕਿੰਨੀ ਡਿਸਟ੍ਰਿਬਿਊਸ਼ਨ ਹੁੰਦੀ ਸੀ? ਕੀ ਸਾਡੀਆਂ ਪੀ.ਐਸ.ਯੂਜ਼. ਵਿੱਚ ਕੋਈ ਕਮੀ ਹੈ? ਅਗਰ ਕਮੀ ਆਈ ਹੈ ਤਾਂ ਇਸ ਕਮੀ ਨੂੰ ਸਰਕਾਰ ਵੱਲੋਂ ਕਿਸ ਤਰ੍ਹਾਂ ਪੂਰਾ ਕੀਤਾ ਜਾਵੇਗਾ? ਇਸ ਸਬੰਧੀ ਮੰਤਰੀ ਜੀ ਬਿਆਨ ਦੇਣ। ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

-------

## CALL ATTENTION NOTICES UNDER RULE 66

**(ਕ੍ਰਮ ਨੰ: 48)**

**ਡਾਕਟਰ ਵਿਜੈ ਸਿੰਗਲਾ**: ਸ਼੍ਰੀਮਾਨ ਜੀ, ਮੈਂ ਆਪ ਜੀ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਬਹੁਤ ਹੀ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਮੇਰੇ ਹਲਕੇ ਮਾਨਸਾ ਅਧੀਨ ਪੈਂਦੇ ਪਿੰਡ ਢੈਪਈ ਵਿੱਚ ਇੱਕ ਸਰਕਾਰੀ ਆਈ.ਟੀ.ਆਈ. ਬਣੀ ਹੈ। ਜਿਸ ਦੀ ਉਸਾਰੀ ਬਿਲਕੁਲ ਨਵੀਂ ਹੋਈ ਹੈ ਪ੍ਰੰਤੂ ਕੁਝ ਟੈਕਨੀਕਲ ਕਾਰਨਾਂ ਕਰਕੇ ਇਸ ਆਈ.ਟੀ.ਆਈ. ਨੂੰ ਜਾਂਦੇ ਰਸਤੇ ਵਿੱਚ ਦਿੱਕਤ ਆ ਰਹੀ ਹੈ। ਇਸ ਨੂੰ ਕੋਈ ਰਸਤਾ ਨਹੀਂ ਜਾ ਰਿਹਾ, ਜਿਸ ਕਰਕੇ ਬੱਚਿਆਂ ਦੀ ਪੜ੍ਹਾਈ ਖਰਾਬ ਹੋ ਰਹੀ ਹੈ। ਨਵੀਂ ਬਿਲਡਿੰਗ ਹੋਣ ਦੇ ਬਾਵਜੂਦ ਵੀ ਇੱਥੇ ਕਲਾਸਾਂ ਸਟਾਰਟ ਨਹੀਂ ਹੋ ਸਕੀਆਂ। ਜੇਕਰ ਇਹ ਰਸਤਾ ਆਈ.ਟੀ.ਆਈ. ਵੱਲ ਨੂੰ ਜਾਣਾ ਸ਼ੁਰੂ ਹੋ ਜਾਵੇ ਤਾਂ ਮਾਨਸਾ ਹਲਕੇ ਲਈ ਇਹ ਬਹੁਤ ਹੀ ਲਾਭਦਾਇਕ ਸਾਬਿਤ ਹੋਵੇਗੀ। ਇਸ ਲਈ ਆਪ ਜੀ ਨੂੰ ਬੇਨਤੀ ਹੈ ਕਿ ਵਿਧਾਨ ਸਭਾ ਹਲਕਾ ਮਾਨਸਾ ਅਧੀਨ ਪੈਂਦੇ ਪਿੰਡ ਢੈਪਈ ਵਿੱਚ ਨਵੀਂ ਬਣੀ ਆਈ.ਟੀ.ਆਈ. ਦਾ ਰਸਤਾ ਚਾਲੂ ਕੀਤਾ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਸਪੀਕਰ ਸਾਹਿਬ, ਇਸ ਤੇ ਲਗਭਗ 8 ਕਰੋੜ ਰੁਪਿਆ ਲੱਗਾ ਹੈ। ਉਹ ਰਸਤਾ, ਉਹ ਜ਼ਮੀਨ ਉੱਥੋਂ ਦੀ ਪੰਚਾਇਤ ਨੇ ਦਿੱਤੀ ਹੈ ਲੇਕਿਨ ਉਸ ਨੂੰ ਮੇਨ ਰੋਡ ਤੋਂ ਕੋਈ ਰਸਤਾ ਨਹੀਂ ਸੀ। ਸੋ, ਉੱਥੋਂ ਦੇ 5 ਲੋਕਾਂ ਨੇ, ਪਿੰਡ ਦੇ ਚੰਗੇ ਨਾਗਰਿਕਾਂ ਨੇ ਆਪਣੀ 12-12 ਮਰਲੇ ਲਗਭਗ 60 ਮਰਲੇ ਮਤਲਬ 3 ਕਨਾਲ ਜਗ੍ਹਾ, 16.5 ਫੁੱਟ ਚੌੜਾ ਅਤੇ 990 ਫੁੱਟ ਲੰਬਾ ਰਸਤਾ ਦਿੱਤਾ ਹੈ। ਉੱਥੋਂ ਪੰਚਾਇਤ ਵੱਲੋਂ 2-3 ਵਾਰ ਮਤਾ ਪਾ ਕੇ ਵੀ ਭੇਜਿਆ ਗਿਆ ਹੈ ਪਰੰਤੂ ਰੈਵੇਨਿਊ ਡਿਪਾਰਟਮੈਂਟ ਵੱਲੋਂ ਉਸ ਦੀ ਤਕਸੀਮ ਅਤੇ ਉਸ ਦਾ ਆਪਸੀ ਤਬਾਦਲਾ ਨਹੀਂ ਕੀਤਾ ਜਾ ਰਿਹਾ।

**ਮਾਣਯੋਗ ਸਪੀਕਰ**: ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਸਾਹਿਬ, ਮਾਣਯੋਗ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਜਵਾਬ ਦੇਣਗੇ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ)**: ਮਾਣਯੋਗ ਸਪੀਕਰ ਸਾਹਿਬ, ਪਹਿਲੀ ਗੱਲ ਜਿਹੜੀ ਇਨ੍ਹਾਂ ਦੀ ਮੰਗ ਹੈ, ਉਹ 100 ਪਰਸੈਂਟ ਜਾਇਜ਼ ਹੈ। ਦੂਜੀ ਗੱਲ, ਮੈਂ ਤੁਹਾਡੇ ਮਾਧਿਅਮ ਦੇ ਨਾਲ ਮਾਣਯੋਗ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਸਰਕਾਰੀ ਆਈ.ਟੀ.ਆਈ, ਪਿੰਡ ਹਮੀਰਗੜ੍ਹ ਢੈਪਈ ਨੂੰ ਪਹਿਲਾ ਰਸਤਾ ਜਿਹੜਾ ਲੱਗਦਾ ਹੈ, ਉਹ ਤਕਰੀਬਨ 3-4 ਕਿਲੋਮੀਟਰ ਰੋਡ ਤੋਂ ਹਟ ਕੇ ਹੈ। ਪ੍ਰਿੰਸੀਪਲ ਅਤੇ ਤਕਨੀਕੀ ਸਿੱਖਿਆ ਵਿਭਾਗ ਵੱਲੋਂ ਸਰਕਾਰੀ ਆਈ.ਟੀ.ਆਈ. ਲਈ ਨਵੇਂ ਰਸਤੇ ਦੀ ਮੰਗ ਕੀਤੀ ਗਈ ਹੈ ਕਿਉਂਕਿ ਇਹ ਰਸਤਾ ਮੇਨ ਰੋਡ ਦੇ ਬਿਲਕੁਲ ਨੇੜੇ ਲੱਗਦਾ ਹੈ। ਇਸ ਸਬੰਧੀ ਤਬਾਦਲੇ ਦਾ ਕੇਸ ਪੰਚਾਇਤ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਵਿਚਾਰ ਅਧੀਨ ਹੈ। ਜਿਵੇਂ ਹੀ ਸਰਕਾਰ ਨੂੰ ਮੁਕੰਮਲ ਕੇਸ ਪ੍ਰਾਪਤ ਹੁੰਦਾ ਹੈ, ਉਸ ਵੇਲੇ ਤਬਾਦਲੇ ਦੀ ਪਾਲਿਸੀ ਅਨੁਸਾਰ ਇਸ ਸਬੰਧੀ ਬਣਦੀ ਯੋਗ ਕਾਰਵਾਈ ਕਰ ਦਿੱਤੀ ਜਾਵੇਗੀ ਪਰ ਸਪੀਕਰ ਸਾਹਿਬ, ਮੈਂ ਇੱਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਸ ਕੇਸ ਵਿੱਚ ਤਿੰਨ ਵਿਭਾਗਾਂ ਦਾ ਸਾਂਝਾ ਕੰਮ ਹੈ। ਇਸ ਵਿੱਚ ਰੈਵੀਨਿਊ ਵਿਭਾਗ,

ਤਕਨੀਕੀ ਸਿੱਖਿਆ ਵਿਭਾਗ ਵੀ ਇਨਵਾਲਵਡ ਹੈ। ਸਿੱਖਿਆ ਵਿਭਾਗ ਨੇ ਡਿਮਾਂਡ ਰੇਜ਼ ਕਰ ਦਿੱਤੀ ਹੈ ਕਿ ਇਹ ਕੰਮ ਹੋਣਾ ਚਾਹੀਦਾ ਹੈ ਪਰ ਗੱਲ ਇਹ ਹੈ ਕਿ ਰੈਵੀਨਿਊ ਵਿਭਾਗ ਵੱਲੋਂ ਤਕਸੀਮ ਕੀਤੀ ਜਾਵੇਗੀ। ਤਕਸੀਮ ਹੋਣ ਤੋਂ ਬਾਅਦ ਜਦੋਂ ਸਾਰਾ ਕੇਸ ਕਲੀਅਰ ਹੋ ਗਿਆ ਤਾਂ ਪੰਚਾਇਤ ਵਿਭਾਗ ਕੋਲ ਆਵੇਗਾ। ਜਿਵੇਂ ਹੀ ਸਾਡੇ ਕੋਲ ਸਾਰੀ ਪ੍ਰਕਿਰਿਆ ਪੂਰੀ ਹੋ ਕੇ ਆਉਂਦੀ ਹੈ, ਅਸੀਂ ਨਾਲ ਦੀ ਨਾਲ ਇਸ ਨੂੰ ਪ੍ਰਵਾਨਗੀ ਦੇ ਦੇਵਾਂਗੇ।

**ਡਾਕਟਰ ਵਿਜੈ ਸਿੰਗਲਾ** : ਮਾਣਯੋਗ ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਜੋ ਕਿਹਾ ਹੈ, ਕਾਫੀ ਹੱਦ ਤੱਕ ਉਹ ਬਿਲਕੁਲ ਸਹੀ ਹੈ ਲੇਕਿਨ ਆਮ ਲੋਕਾਂ ਵੱਲੋਂ 60 ਮਰਲੇ ਜਗ੍ਹਾ ਦਿੱਤੀ ਗਈ ਹੈ ਅਤੇ ਪੰਚਾਇਤ ਨੇ ਦੋ-ਤਿੰਨ ਵਾਰ ਮਤਾ ਪਵਾ ਕੇ ਦਿੱਤਾ ਹੈ ਪਰੰਤੂ ਉਹ ਕਿਸੇ ਨਾ ਕਿਸੇ ਤਕਨੀਕੀ ਕਾਰਨਾਂ ਕਰਕੇ ਫਿਰ ਵਾਪਸ ਆ ਜਾਂਦਾ ਹੈ। ਸੌਂਦ ਸਾਹਿਬ, ਤਬਾਦਲੇ ਸਬੰਧੀ ਰੈਵੀਨਿਊ ਵਿਭਾਗ ਵੱਲੋਂ 2-3 ਵਾਰੀ ਕੇਸ ਭੇਜਿਆ ਗਿਆ ਹੈ ਪਰ ਤੁਹਾਡੇ ਦਿਹਾਤੀ ਵਿਕਾਸ ਵਿਭਾਗ ਵੱਲੋਂ ਮਨਜ਼ੂਰ ਨਹੀਂ ਕੀਤਾ ਜਾ ਰਿਹਾ ਹੈ। ਸੋ, ਕਿਰਪਾ ਕਰਕੇ ਜੇਕਰ ਉਸ ਵਿੱਚ ਕੋਈ ਤਕਨੀਕੀ ਕਾਰਨ ਹੈ, ਉਸ ਨੂੰ ਦੂਰ ਕਰਵਾਇਆ ਜਾਵੇ ਕਿਉਂਕਿ ਅਸੀਂ ਸਿੱਖਿਆ ਕ੍ਰਾਂਤੀ ਵੱਲ ਜਾ ਰਹੇ ਹਾਂ ਅਤੇ 9 ਕਰੋੜ ਰੁਪਿਆ ਉਸ ਆਈ.ਟੀ.ਆਈ. ਉਤੇ ਲੱਗਿਆ ਹੈ। ਉਥੇ ਬੱਚੇ ਪੜ੍ਹ ਰਹੇ ਹਨ। ਉਹ ਬਿਲਕੁਲ ਕੱਚਾ ਰਸਤਾ ਹੈ, ਉਹ ਜਲਦੀ ਤੋਂ ਜਲਦੀ ਮਨਜ਼ੂਰ ਕਰਵਾਇਆ ਜਾਵੇ ਤਾਂ ਜੋ ਅਸੀਂ ਉੱਥੇ ਸੜਕ ਬਣਾ ਸਕੀਏ।

**ਮੰਤਰੀ**: ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਵਿਭਾਗ ਵੱਲੋਂ ਕਿਸੇ ਕਿਸਮ ਦੀ ਕੋਈ ਡਿਲੇਅ ਨਹੀਂ ਹੈ। ਇਸ ਵਿੱਚ ਖੇਵਟਾਂ ਹਨ ਅਤੇ ਖੇਵਟਾਂ ਤੋਂ ਬਾਅਦ ਤਕਸੀਮ ਹੋਣੀ ਹੈ। ਸਰ, ਇਹ ਖੇਵਟਾਂ ਅਤੇ ਤਕਸੀਮ ਵਾਲਾ ਸਾਰਾ ਕੰਮ ਰੈਵੀਨਿਊ ਵਿਭਾਗ ਦਾ ਹੈ। ਇਹ ਕੰਮ ਕਲੀਅਰ ਹੋਣ ਤੋਂ ਬਾਅਦ ਮੇਰੇ ਵਿਭਾਗ ਕੋਲ ਆਵੇਗਾ। ਅਸੀਂ ਨਾਲ ਦੀ ਨਾਲ ਅਨੁਮਤੀ ਦੇ ਦੇਵਾਂਗੇ। ਮੈਂ ਇਸ ਦੇ ਨਾਲ ਇੱਕ ਹੋਰ ਆਸ਼ਵਾਸਨ ਦੇਣਾ ਚਾਹੁੰਦਾ ਹਾਂ ਕਿ ਮੇਰੇ ਨਾਲ ਰੈਵੀਨਿਊ ਮਨਿਸਟਰ ਸਾਹਿਬ, ਮੇਰੇ ਭਰਾ, ਮੇਰੇ ਵੀਰ ਨਾਲ ਬੈਠੇ ਹਨ। ਅਸੀਂ ਦੋਵੇਂ ਭਰਾ ਮਾਣਯੋਗ ਮੈਂਬਰ ਸਾਹਿਬ ਨਾਲ ਇੱਕ ਮੀਟਿੰਗ ਕਰ ਲੈਂਦੇ ਹਾਂ, ਜਿੱਥੇ ਵੀ ਕਿਸੇ ਕਿਸਮ ਦਾ ਕੋਈ ਅੜਿੱਕਾ ਹੋਵੇਗਾ, ਅਸੀਂ ਕੱਢ ਦੇਵਾਂਗੇ ਅਤੇ ਇਸ ਨੂੰ ਠੀਕ ਕਰ ਦੇਵਾਂਗੇ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਡਾਕਟਰ ਵਿਜੈ ਸਿੰਗਲਾ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਠੀਕ ਹੈ ਜੀ। ਹੋ ਗਿਆ ਜੀ। ਇੱਕ ਹੀ ਸਪਲੀਮੈਂਟਰੀ ਹੁੰਦੀ ਹੈ। ਬੈਠੋ। ਹਾਂ ਜੀ, ਸਰਦਾਰ ਫੌਜਾ ਸਿੰਘ ਸਰਾਰੀ ਜੀ।

-------

**(ਕ੍ਰਮ ਨੰ: 49)**

**ਸਰਦਾਰ ਫੌਜਾ ਸਿੰਘ** : ਸ਼੍ਰੀਮਾਨ ਜੀ, ਮੈਂ ਸਦਨ ਦਾ ਧਿਆਨ ਜ਼ਿਲ੍ਹਾ ਫਿਰੋਜ਼ਪੁਰ-ਫਾਜ਼ਿਲਕਾ ਰੋਡ ਦੇ ਸਬੰਧ ਵਿੱਚ ਲੋਕ ਹਿੱਤ ਵਿੱਚ ਦਿਵਾਉਂਦਾ ਹਾਂ ਕਿ ਇਸ ਸੜਕ ਤੇ ਪੰਜ ਸਟੇਟਾਂ ਦਾ ਰਸ਼ ਰਹਿੰਦਾ ਹੈ ਜਿਵੇਂ ਕਿ ਰਾਜਸਥਾਨ, ਗੁਜਰਾਤ,

ਪੰਜਾਬ, ਹਿਮਾਚਲ ਅਤੇ ਜੰਮੂ ਕਸ਼ਮੀਰ ਦੇ ਲੋਕਾਂ ਦਾ ਆਮ ਰਸਤਾ ਹੈ, ਇਸ ਸੜਕ ਤੇ ਰਸ਼ ਹੋਣ ਕਰਕੇ ਕਾਫੀ ਐਕਸੀਡੈਂਟ ਹੁੰਦੇ ਹਨ, ਕਾਫੀ ਜਾਨਾਂ ਚਲੀਆਂ ਜਾਂਦੀਆਂ ਹਨ। ਆਮ ਤੌਰ ਤੇ ਫਿਰੋਜ਼ਪੁਰ-ਫਾਜ਼ਿਲਕਾ ਰੋਡ ਨੂੰ ''ਬੰਦੇ ਖਾਣੀ ਸੜਕ'' ਕਿਹਾ ਜਾਣ ਲੱਗ ਪਿਆ ਹੈ। ਮੈਂ ਇਸ ਸੜਕ ਨੂੰ ਫੋਰ ਲੇਨ ਕਰਨ ਦੀ ਮੰਗ ਕਰਦਾ ਹਾਂ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਲੋਕ ਨਿਰਮਾਣ ਮੰਤਰੀ (ਸਰਦਾਰ ਹਰਭਜਨ ਸਿੰਘ)**: ਸ੍ਰੀਮਾਨ ਜੀ, ਫਿਰੋਜ਼ਪੁਰ-ਫਾਜ਼ਿਲਕਾ ਸੜਕ ਇੱਕ ਸਟੇਟ ਹਾਈਵੇਅ-20 ਹੈ, ਜਿਸ ਉਪਰ ਰਾਜਸਥਾਨ, ਗੁਜਰਾਤ, ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਦੇ ਟਰੈਫਿਕ ਦੀ ਆਵਾਜਾਈ ਰਹਿੰਦੀ ਹੈ। ਇਸ ਸੜਕ ਦੀ ਮੌਜੂਦਾ ਲੇਨ Configuration two-lane plus paved shoulder ਹਨ। ਇਸ ਸੜਕ ਦੀ ਮਜ਼ਬੂਤੀ ਅਤੇ ਨਵੀਨੀਕਰਨ ਦਾ ਕੰਮ ਜਨਵਰੀ, 2026 ਵਿੱਚ 65 ਕਰੋੜ 94 ਲੱਖ ਰੁਪਏ ਦੀ ਲਾਗਤ ਨਾਲ 9 ਮਹੀਨੇ ਦੀ ਮਿਆਦ ਨਾਲ ਹਾਲ ਹੀ ਵਿੱਚ ਅਲਾਟ ਕਰ ਦਿੱਤਾ ਗਿਆ ਹੈ, ਜੋ ਕਿ ਪ੍ਰਗਤੀ ਅਧੀਨ ਹੈ। ਇਸ ਕੰਮ ਅਧੀਨ ਲਿੰਕ ਰੋਡਜ਼ ਦੇ ਮਾਈਨਰ ਜੰਕਸ਼ਨ ਨੂੰ ਰੰਬਲ ਸਟਰਿਪਸ, ਕੈਟ ਆਈਜ਼, ਸੋਲਰ ਬਲਿੰਕਰਜ਼ ਆਦਿ ਵੀ ਲਗਾਏ ਜਾ ਰਹੇ ਹਨ।

ਇਸ ਤੋਂ ਇਲਾਵਾ ਥਰਮੋ ਪਲਾਸਟਿਕ ਰੋਡ ਮਾਰਕਿੰਗ, ਟਰਾਂਸਵਰਸ ਬਾਰ ਮਾਰਕਿੰਗ, ਹੈਜਰਡ ਮਾਰਕਰ, ਸੋਲਰ ਕੈਟ ਆਈ ਆਦਿ ਵੀ ਲਗਾਏ ਜਾਣਗੇ, ਜਿਸ ਨਾਲ ਸੜਕ ਦੀ ਸੁਰੱਖਿਆ ਵਿੱਚ ਕਾਫ਼ੀ ਸੁਧਾਰ ਹੋਵੇਗਾ। ਇਸ ਸੜਕ ਨੂੰ ਚਾਰ-ਮਾਰਗੀ ਨੈਸ਼ਨਲ ਹਾਈਵੇਅ ਕਰਨ ਲਈ ਸਰਕਾਰ ਨੇ ਵੱਖ ਵੱਖ ਪੱਧਰ ਤੇ ਕਾਰਵਾਈ ਕੀਤੀ ਹੈ ਅਤੇ ਫੌਜ ਵੱਲੋਂ ਵੀ ਭਾਰਤ ਸਰਕਾਰ ਦੇ ਸੜਕੀ ਆਵਜਾਈ ਅਤੇ ਹਾਈਵੇਜ਼ ਮੰਤਰਾਲੇ, ਨਵੀਂ ਦਿੱਲੀ ਨਾਲ ਪੱਤਰ ਵਿਹਾਰ ਕੀਤਾ ਗਿਆ ਹੈ। ਆਸ ਹੈ ਕਿ ਇਸ ਰੋਡ ਨੂੰ ਜਲਦ ਫੋਰ ਲੇਨ ਕਰਨ ਦੀ ਮਨਜ਼ੂਰੀ ਮਿਲ ਜਾਵੇਗੀ ਔਰ ਮਨਜ਼ੂਰੀ ਮਿਲਣ ਉਪਰੰਤ ਤੁਰੰਤ ਇਸ ਸੜਕ ਨੂੰ ਚਾਰ-ਮਾਰਗੀ ਕਰ ਦਿੱਤਾ ਜਾਵੇਗਾ।

**ਸਰਦਾਰ ਫੌਜਾ ਸਿੰਘ** : ਧੰਨਵਾਦ ਸਰ। ਮੰਤਰੀ ਜੀ ਇੱਕ ਵਿਸ਼ਵਾਸ ਦਿਵਾ ਦੇਣ ਕਿ ਕੀ ਮੰਤਰੀ ਜੀ, ਸ੍ਰੀ ਨਿਤਿਨ ਗਡਕਰੀ, ਕੇਂਦਰੀ ਮੰਤਰੀ ਨਾਲ ਇਸ ਸਬੰਧ ਵਿੱਚ ਕੋਈ ਪੱਤਰ ਵਿਹਾਰ ਜਾਂ ਫੋਨ ਤੇ ਕੋਈ ਗੱਲਬਾਤ ਕਰਨਗੇ?

**ਮੰਤਰੀ**: ਸਰ, ਮਿਤੀ 15.12.2024 ਨੂੰ ਮੈਂ ਕੇਂਦਰੀ ਮੰਤਰੀ ਮਾਣਯੋਗ ਨਿਤਿਨ ਗਡਕਰੀ ਸਾਹਿਬ ਨੂੰ ਡੀ.ਓ. ਵੀ ਲਿਖਿਆ ਸੀ ਔਰ ਰਾਸ਼ਟਰੀ ਰਾਜ ਮਾਰਗ ਮੰਤਰਾਲਾ, ਭਾਰਤ ਸਰਕਾਰ ਨੂੰ ਸਮੇਂ ਸਮੇਂ ਤੇ ਆਪਣੇ ਡੀ.ਓ. ਲਿਖਦੇ ਰਹੇ ਹਾਂ। ਸਰ, ਇਸ ਵਿੱਚ ਥੋੜ੍ਹੀ ਜਿਹੀ ਇੱਕ ਮੁਸ਼ਕਿਲ ਇਹ ਆ ਰਹੀ ਹੈ ਕਿ ਜਿਹੜੇ ਪੀ.ਸੀ.ਯੂ. ਹੁੰਦੇ ਹਨ, ਉਹ ਉਸ ਰੋਡ ਦੇ ਉੱਤੇ 14,000 ਹਨ ਅਤੇ ਕੇਂਦਰ ਦੀ ਸਰਕਾਰ 16,000 ਪੀ.ਸੀ.ਯੂ. ਹੋਣ ਤੇ ਚਾਰ-ਮਾਰਗੀ ਕਰਦੀ ਹੈ। ਸਰ, ਹੁਣ ਜਿਸ ਤਰ੍ਹਾਂ ਮਾਣਯੋਗ ਮੈਂਬਰ ਸਾਹਿਬ ਨੇ ਦੱਸਿਆ ਹੈ ਕਿ ਇੱਥੇ ਕਾਫ਼ੀ ਰਸ਼ ਰਹਿੰਦਾ ਹੈ, ਪੀ.ਸੀ.ਯੂ. ਨੂੰ ਇੱਕ ਵਾਰੀ ਦੁਬਾਰਾ ਐਗਜ਼ਾਮਿਨ ਕਰਵਾ ਕੇ, ਫੇਰ ਇਹ ਮਸਲਾ ਕੇਂਦਰ ਸਰਕਾਰ ਦੇ ਧਿਆਨ ਵਿੱਚ ਲਿਆ ਕੇ ਇਸ ਨੂੰ ਮਨਜ਼ੂਰ ਕਰਵਾਇਆ ਜਾਵੇਗਾ।

-------

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ**: ਸ਼ਿਵਾਲਿਕ ਡਿਸਟਿੰਗੁਇਸ਼ਡ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਦੇ ਵਿਦਿਆਰਥੀ ਅਤੇ ਟੀਚਰਜ਼ ਇਸ ਸਦਨ ਦੀ ਕਾਰਵਾਈ ਦੇਖਣ ਆਏ ਹਨ। ਆਉ, ਉਨ੍ਹਾਂ ਨੂੰ 'ਜੀ ਆਇਆਂ' ਕਹੀਏ। (ਥੰਪਿੰਗ)

ਇਸ ਦੇ ਨਾਲ ਹੀ ਮੇਰੇ ਆਪਣੇ ਨਗਰ ਸੰਧਵਾਂ ਦੇ ਬਹੁਤ ਸਾਰੇ ਮੇਰੇ ਸਾਥੀ, ਸਾਡੇ ਬਜ਼ੁਰਗ ਅੱਜ ਇਸ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਇੱਥੇ ਹਾਜ਼ਰ ਹਨ। ਆਉ, ਉਨ੍ਹਾਂ ਨੂੰ ਵੀ ਆਪਾਂ 'ਜੀ ਆਇਆਂ' ਕਹੀਏ। (ਥੰਪਿੰਗ) ਹਾਂ ਜੀ, ਪ੍ਰੋਫੈਸਰ ਬਲਜਿੰਦਰ ਕੌਰ ਜੀ।

-------

## CALL ATTENTION NOTICES UNDER RULE 66 *(Resumption)*

**(ਕ੍ਰਮ ਨੰ: 50)**

**ਪ੍ਰੋਫੈਸਰ ਬਲਜਿੰਦਰ ਕੌਰ**: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦੀ ਹਾਂ ਅਰਥਾਤ ਮੇਰੇ ਹਲਕਾ ਤਲਵੰਡੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਚੱਲਦੀ ਹੈ ਜੋ ਕਿ ਆਪਣੇ ਆਪ ਵਿੱਚ ਇੱਕ ਬਹੁਤ ਵੱਡਾ ਪ੍ਰੋਜੈਕਟ ਹੈ। ਇਸ ਰਿਫਾਈਨਰੀ ਨੂੰ ਸ਼ੁਰੂ ਕਰਨ ਸਮੇਂ ਮੈਨੇਜਮੈਂਟ ਵੱਲੋਂ ਇਹ ਤੈਅ ਕੀਤਾ ਗਿਆ ਸੀ ਕਿ ਰਿਫਾਇਨਰੀ ਦੀ ਆਮਦਨ ਵਿੱਚੋਂ 2 ਪਰਸੈਂਟ ਸੀ.ਐਸ.ਆਰ. ਏਰੀਏ ਦੇ ਵਿਕਾਸ ਲਈ ਦਿੱਤਾ ਜਾਵੇਗਾ, ਜੇਕਰ ਇਹ 2 ਪਰਸੈਂਟ ਸੀ.ਐਸ.ਆਰ. ਸਹੀ ਤਰੀਕੇ ਨਾਲ ਇਲਾਕੇ ਤੇ ਖਰਚਿਆ ਜਾਵੇ ਤਾਂ ਇਲਾਕੇ ਦਾ ਬਹੁਤ ਵਿਕਾਸ ਹੋ ਸਕਦਾ ਹੈ ਪਰ ਮੈਨੇਜਮੈਂਟ ਵੱਲੋਂ ਪਾਰਦਰਸ਼ੀ ਤਰੀਕੇ ਨਾਲ ਇਹ 2 ਪਰਸੈਂਟ ਸੀ.ਐਸ.ਆਰ. ਇਲਾਕੇ ਲਈ ਨਹੀਂ ਖਰਚਿਆ ਜਾਂਦਾ। ਰਿਫਾਇਨਰੀ ਵੱਲੋਂ ਜੋ ਵੀ ਖਰਚ ਇਸ 2 ਪਰਸੈਂਟ ਸੀ.ਐਸ.ਆਰ. ਵਿੱਚੋਂ ਕੀਤਾ ਜਾਂਦਾ ਹੈ, ਉਸ ਦੇ ਵਿੱਚ ਬਹੁਤ ਵੱਡਾ ਲੁਕਾਅ ਰੱਖਿਆ ਜਾਂਦਾ ਹੈ ਅਤੇ ਪੂਰੀ ਪਾਰਦਰਸ਼ਤਾ ਨਾਲ ਇਹ ਖਰਚ ਨਹੀਂ ਦਿਖਾਇਆ ਜਾ ਰਿਹਾ। ਬਹੁਤ ਲੰਬੇ ਸਮੇਂ ਤੋਂ ਇਹ ਘਪਲਾ ਚਲਦਾ ਆ ਰਿਹਾ ਹੈ। ਇਸ ਤੋਂ ਇਲਾਵਾ ਇਹ ਰਿਫਾਇਨਰੀ ਰਿਹਾਇਸ਼ੀ ਇਲਾਕੇ ਵਿੱਚ ਹੋਣ ਨਾਲ ਇਸ ਦੁਆਰਾ ਪੈਦਾ ਕੀਤੇ ਪ੍ਰਦੂਸ਼ਣ ਦੀ ਰੋਕਥਾਮ ਲਈ ਕੋਈ ਵੀ ਢੁੱਕਵਾਂ ਕੰਮ ਨਹੀਂ ਕਰ ਰਹੀ ਅਤੇ ਵਾਤਾਵਰਨ ਦੀ ਸ਼ੁੱਧਤਾ ਦੇ ਨਾਮ ਤੇ ਇਨ੍ਹਾਂ ਵੱਲੋਂ ਇੱਕ ਵੀ ਦਰੱਖਤ ਨਹੀਂ ਲਗਾਇਆ ਗਿਆ। ਇਸ ਰਿਫਾਇਨਰੀ ਵਿੱਚ ਚੱਲ ਰਹੇ ਇਸ ਘਪਲੇ ਅਤੇ ਸਥਾਨਕ ਲੋਕਾਂ ਨਾਲ ਹੋ ਰਹੇ ਧੋਖੇ ਕਾਰਨ ਇਲਾਕਾ ਨਿਵਾਸੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਮਾਣਯੋਗ ਸਪੀਕਰ** : ਮੇਰਾ ਖਿਆਲ ਹੈ ਕਿ ਮੰਤਰੀ ਜੀ ਕਿਤੇ ਗਏ ਹੋਏ ਹਨ। ਤੁਹਾਨੂੰ ਇਸ ਬਾਰੇ ਬਾਅਦ ਵਿੱਚ ਜਵਾਬ ਦਿਵਾ ਦਿੰਦੇ ਹਾਂ ਜੀ। ਹਾਂ ਜੀ, ਪ੍ਰੋਫੈਸਰ ਬਲਜਿੰਦਰ ਕੌਰ ਜੀ।

**ਪ੍ਰੋਫੈਸਰ ਬਲਜਿੰਦਰ ਕੌਰ:** ਸਰ, ਪਹਿਲਾਂ ਇਹ ਡਿਪਾਰਟਮੈਂਟ ਸੌਂਦ ਸਾਹਿਬ ਕੋਲ ਸੀ, ਮੈਂ ਉਨ੍ਹਾਂ ਨੂੰ ਵੀ ਕਿਹਾ ਸੀ ਅਤੇ ਮੈਂ ਬੜੇ ਵਾਰੀ ਹਾਊਸ ਵਿੱਚ ਇਸ ਸਬੰਧੀ ਬੇਨਤੀ ਕੀਤੀ ਹੈ। ਇਹ ਮਸਲਾ ਇੱਥੋਂ ਤੱਕ ਵੱਧ ਗਿਆ ਹੈ ਕਿ ਮੇਰੇ ਹਲਕੇ ਦੇ 6-7 ਪਿੰਡ ਰਾਮਸਰਾ, ਕਣਕਵਾਲ, ਫੁਲੋਖਾਰੀ, ਜੱਜਲ, ਮਲਕਾਣਾ ਅਤੇ ਗਿਆਨਾ ਇਸ ਦੀ ਚਪੇਟ ਵਿੱਚ ਹਨ। ਕਣਕਵਾਲ ਤਾਂ ਉਹ ਪਿੰਡ ਹੈ, ਜਿਸ ਬਾਰੇ ਬਾਦਲ ਸਾਹਿਬ ਨੇ ਵੀ ਪ੍ਰੌਮਿਸ ਕੀਤਾ ਸੀ ਕਿ ਅਸੀਂ ਰਿਫਾਇਨਰੀ ਬਣਦੇ ਸਾਰ ਇਸ ਪਿੰਡ ਨੂੰ ਉਠਾ ਦਿਆਂਗੇ ਅਤੇ ਉਨ੍ਹਾਂ ਨੂੰ ਉਠਾਉਣ ਵਾਸਤੇ ਫੰਡਜ਼ ਦੀ ਯੂਟੇਲਾਈਜੇਸ਼ਨ ਰਿਫਾਇਨਰੀ ਨੇ ਹੀ ਕਰਨੀ ਸੀ। ਸਭ ਤੋਂ ਵੱਡੀ ਗੱਲ ਇਸ ਮਾਮਲੇ ਦੇ ਵਿੱਚ ਮੇਰੀ ਇੰਨੀ ਕੁ ਮੰਗ ਹੈ ਕਿ ਜਿਹੜਾ ਸੀ.ਐਸ.ਆਰ. ਹੈ, ਉਸ ਨੂੰ rather than wasting on ਕਿ ਝੂਲੇ ਲਗਾ ਦਿੱਤੇ ਜਾਂ ਪਾਰਕ ਵਿੱਚ ਬੈਂਚ ਧਰ ਦਿੱਤੇ, ਪਿਛਲੇ 40-45 ਸਾਲਾਂ ਤੋਂ ਤਲਵੰਡੀ ਸਾਬੋ ਦੇ ਪਿੰਡਾਂ ਦਾ ਬੁਰਾ ਹਾਲ ਹੈ, ਉੱਥੇ ਵਾਟਰ ਵਰਕਸ ਦਾ ਵੀ ਬੁਰਾ ਹਾਲ ਹੈ। ਮੈਂ ਆਪਣੇ ਲੈਟਰ ਹੈੱਡ ਤੇ ਡਿਪਟੀ ਕਮਿਸ਼ਨਰ ਨੂੰ ਲਿਖ ਕੇ ਦਿੰਦੀ ਹਾਂ ਕਿ ਆਪਾਂ ਇਸ ਸੀ.ਐਸ.ਆਰ. ਦੇ ਮਾਮਲੇ ਤੇ ਉਨ੍ਹਾਂ ਨੂੰ ਬੁਲਾ ਕੇ ਕਹੀਏ ਕਿ ਜਿਹੜਾ ਕੰਮ ਸਾਨੂੰ ਚਾਹੀਦਾ ਹੈ, ਲੋਕਾਂ ਨੂੰ ਚਾਹੀਦਾ ਹੈ, ਜਿਹੜਾ ਪਬਲਿਕ ਦੇ ਫਾਇਦੇ ਵਾਸਤੇ ਹੈ, ਆਪਾਂ ਸੀ.ਐਸ.ਆਰ. ਨੂੰ ਉਸ ਵਾਸਤੇ ਯੂਟੀਲਾਈਜ਼ ਕਰੀਏ, ਨਾ ਕਿ ਵੇਸਟ ਕਰੀਏ। ਸੋ, ਮੇਰੀ ਇਹੀ ਬੇਨਤੀ ਹੈ ਕਿ ਇਸ ਮਾਮਲੇ ਦੀ ਜਾਂਚ ਕਰਵਾਈ ਜਾਵੇ। ਸਪੀਕਰ ਸਾਹਿਬ, ਮੈਂ ਤਾਂ ਇੱਕ ਵਾਰ ਤੁਹਾਨੂੰ ਵੀ ਕਿਹਾ ਸੀ ਕਿ ਤੁਸੀਂ ਉੱਥੇ ਆਓ। ਆਪਾਂ ਉੱਥੇ ਜਾ ਕੇ ਵੇਖਦੇ ਕਿ ਉਹ ਕਿੰਨਾ ਘਪਲਾ ਕਰਦੇ ਹਨ। ਦੂਸਰੀ ਗੱਲ, ਇਸ ਮਾਮਲੇ ਦੀ ਕੋਈ ਕਮੇਟੀ ਬਣਾ ਦਿੱਤੀ ਜਾਵੇ, ਜਿਸ ਵਿਚ ਪ੍ਰਸ਼ਾਸਨ ਦੇ ਅਧਿਕਾਰੀ, ਲੋਕਲ ਲੋਕ ਇਨਵਾਲਵ ਹੋ ਜਾਣ। ਇਹ ਚੰਗਾ ਹੋਵੇਗਾ ਜੇਕਰ ਐਮ.ਐਲ.ਏ. ਨੂੰ ਵੀ ਸ਼ਾਮਲ ਕਰ ਲਿਆ ਜਾਵੇ ਤਾਂ ਕਿ ਉਹ ਕਮੇਟੀ ਉਨ੍ਹਾਂ ਨੂੰ ਪੁੱਛੇ ਕਿ ਸੀ.ਐਸ.ਆਰ. ਦੇ ਫੰਡਜ਼ ਕਿੱਥੇ ਵਰਤੇ ਅਤੇ ਕਮੇਟੀ ਦੱਸੇ ਕਿ ਇਹ ਫੰਡਜ਼ ਕਿੱਥੇ ਵਰਤਣੇ ਚਾਹੀਦੇ ਹਨ ਤਾਂ ਕਿ ਅਸੀਂ ਇਸ ਦੇ 100 ਕਿਲੋਮੀਟਰ ਦੇ ਦਾਇਰੇ ਦੀ ਬੈਟਰਮੈਂਟ ਵਾਸਤੇ, ਡਿਵੈਲਪਮੈਂਟ ਵਾਸਤੇ ਕੰਮ ਕਰ ਸਕੀਏ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਚੀਮਾ ਜੀ, ਤੁਸੀਂ ਇਸ ਤੇ ਕੁਝ ਕਹਿਣਾ ਚਾਹੁੰਦੇ ਹੋ ਕਿਉਂਕਿ ਮਾਮਲਾ ਗੰਭੀਰ ਲੱਗਦਾ ਹੈ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂ ਜਲਦੀ ਹੀ ਰਿਫਾਇਨਰੀ ਦੇ ਜਿੰਨੇ ਅਧਿਕਾਰੀ ਹਨ, ਉਨ੍ਹਾਂ ਨੂੰ ਬੁਲਾ ਲਵਾਂਗਾ ਅਤੇ ਸਾਡੇ ਮੈਂਬਰ ਸਾਹਿਬ ਨੂੰ ਵੀ ਬੁਲਾ ਲਵਾਂਗੇ ਕਿਉਂਕਿ ਇਸ ਵਿਚ ਕਾਫੀ ਸਾਰੇ ਮੁੱਦੇ ਹਨ। ਉਹ ਮੇਰੇ ਕੋਲ 10-15 ਦਿਨ ਪਹਿਲਾਂ ਆਏ ਵੀ ਸੀ ਤੇ ਮੈਂ ਕਿਹਾ ਸੀ ਕਿ ਤੁਸੀਂ ਬਜਟ ਸੈਸ਼ਨ ਤੋਂ ਬਾਅਦ ਆ ਜਾਣਾ। ਸੋ, ਉਹ ਆਉਣਗੇ ਤੇ ਮੈਂ ਮੈਂਬਰ ਸਾਹਿਬ ਨੂੰ ਸੂਚਿਤ ਕਰ ਦਿਆਂਗਾ, ਇਹ ਆ ਜਾਣ ਤੇ ਇਨ੍ਹਾਂ ਦਾ ਮਸਲਾ ਹੱਲ ਕਰਵਾ ਦਿਆਂਗੇ।

**ਪ੍ਰੋਫੈਸਰ ਬਲਜਿੰਦਰ ਕੌਰ:** ਸਪੀਕਰ ਸਾਹਿਬ, ਮੈਂ ਚੀਮਾ ਸਾਹਿਬ ਦਾ ਧੰਨਵਾਦ ਕਰਦੀ ਹਾਂ ਪਰ ਇਹ ਕਹਿਣਾ ਚਾਹੁੰਦੀ ਹਾਂ ਕਿ ਜੇਕਰ ਤੁਸੀਂ ਇਹ 2 ਫੀਸਦੀ ਸੀ.ਐਸ.ਆਰ. ਸਹੀ ਤਰੀਕੇ ਨਾਲ ਲਗਵਾ ਦਿਓ ਤਾਂ ਅਸੀਂ ਵੀ ਤੁਹਾਨੂੰ ਫੰਡਜ਼ ਵਾਸਤੇ ਡਿਮਾਂਡ ਘੱਟ ਕਰਾਂਗੇ। ਧੰਨਵਾਦ ਜੀ।

-------

## MOTION UNDER RULE 16

**ਮਾਣਯੋਗ ਸਪੀਕਰ:** ਅਗਲੀ ਆਈਟਮ। ਨਿਯਮ 16 ਅਧੀਨ ਪ੍ਰਸਤਾਵ। ਵਿੱਤ ਮੰਤਰੀ ਜੀ, ਪ੍ਰਸਤਾਵ ਪੇਸ਼ ਕਰਨਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

ਹਾਂ ਜੀ, ਬਾਜਵਾ ਸਾਹਿਬ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਪੀਕਰ ਸਾਹਿਬ, ਮੇਰੀ ਤੁਹਾਨੂੰ ਗੁਜ਼ਾਰਿਸ਼ ਹੈ ਕਿ ਅੱਜ ਸਦਨ ਸਾਈਨੇ- ਡਾਈ ਤਾਂ ਹੋਣਾ ਹੀ ਹੈ। ਵਿਧਾਨ ਸਭਾ ਭਾਵੇਂ ਤਿੰਨ ਵਜੇ ਉੱਠ ਜਾਵੇ, ਭਾਵੇਂ ਚਾਰ ਵਜੇ ਉੱਠ ਜਾਵੇ। ਇਸ ਸਮੇਂ ਪੰਜਾਬ ਵਿਚ ਸਭ ਤੋਂ ਅਹਿਮ ਮੁੱਦਾ ਲਾਅ ਐਂਡ ਆਰਡਰ ਅਤੇ ਡਰੱਗਜ਼ ਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਘੱਟੋ ਘੱਟ 2 ਘੰਟੇ ਦਾ ਸਮਾਂ ਬਹਿਸ ਲਈ ਸਾਨੂੰ ਦੇ ਦਿਓ ਤਾਂ ਜੋ ਡਿਸਕਸ਼ਨ ਹੋ ਜਾਵੇ, ਸਰਕਾਰ ਵੀ ਆਪਣੀ ਪੁਜ਼ੀਸ਼ਨ ਕਲੀਅਰ ਕਰ ਦੇਵੇ। ਮੇਰੀ ਗੁਜ਼ਾਰਿਸ਼ ਇਹੀ ਹੈ ਕਿ ਤੁਸੀਂ ਅਲਾਓ ਕਰੋ ਕਿਉਂਕਿ ਸਾਰਾ ਪੰਜਾਬ ਜਾਣਨਾ ਚਾਹੁੰਦਾ ਹੈ, ਸਾਰਾ ਪੰਜਾਬ ਚਿੰਤਤ ਹੈ, ਸਾਰਾ ਸੂਬਾ ਪ੍ਰਭਾਵਿਤ ਹੈ। ਮੇਰੀ ਇਹੀ ਗੁਜ਼ਾਰਿਸ਼ ਹੈ ਕਿ ਸਦਨ ਦਾ ਸਮਾਂ ਦੋ ਘੰਟੇ ਵਧਾ ਕੇ ਲਾਅ ਐਂਡ ਆਰਡਰ ਅਤੇ ਡਰੱਗਜ਼ ਤੇ ਸਰਕਾਰ ਆਪਣੀ ਸਟੇਟਮੈਂਟ ਦੇਵੇ।

**ਮਾਣਯੋਗ ਸਪੀਕਰ:** ਠੀਕ ਹੈ ਜੀ, ਤੁਹਾਡੀ ਗੱਲ ਆ ਗਈ। ਹਾਂ ਜੀ, ਵਿੱਤ ਮੰਤਰੀ ਜੀ, ਤੁਸੀਂ ਕੁਝ ਕਹਿਣਾ ਚਾਹੁੰਦੇ ਹੋ?

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸਪੀਕਰ ਸਾਹਿਬ, ਵਿਰੋਧੀ ਧਿਰ ਦੇ ਨੇਤਾ ਨੇ ਗੱਲ ਕੀਤੀ ਹੈ ਕਿ ਲਾਅ ਐਂਡ ਆਰਡਰ ਅਤੇ ਡਰੱਗਜ਼ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ। ਸਰ, ਜਿਸ ਦਿਨ ਬਿਜ਼ਨਸ ਅਡਵਾਈਜ਼ਰੀ ਕਮੇਟੀ ਦੀ ਮੀਟਿੰਗ ਹੁੰਦੀ ਹੈ, ਉਸ ਵਿਚ ਵਿਰੋਧੀ ਧਿਰ ਦੇ ਨੇਤਾ ਨੇ ਵੀ ਆਉਣਾ ਹੁੰਦਾ ਹੈ। ਸਪੀਕਰ ਸਾਹਿਬ, ਮੀਟਿੰਗ ਵਾਲੇ ਦਿਨ ਤੁਸੀਂ ਵੀ ਇਨ੍ਹਾਂ ਨੂੰ ਫੋਨ ਕੀਤਾ ਸੀ, ਤੁਹਾਡੇ ਪੀ.ਏ. ਨੇ ਵੀ ਫੋਨ ਕੀਤਾ ਸੀ। ਵਿਰੋਧੀ ਧਿਰ ਦੇ ਨੇਤਾ ਨੂੰ ਵਾਰ ਵਾਰ ਫੋਨ ਮਿਲਾਇਆ ਗਿਆ ਪਰ ਨਾ ਇਨ੍ਹਾਂ ਨੇ ਫੋਨ ਅਟੈਂਡ ਕੀਤਾ ਅਤੇ ਨਾ ਇਨ੍ਹਾਂ ਦੇ ਦਫ਼ਤਰ ਨੇ ਫੋਨ ਅਟੈਂਡ ਕੀਤਾ। ਹੋ ਸਕਦਾ ਹੈ ਕਿ ਤੁਸੀਂ ਕਿਤੇ ਬਿਜ਼ੀ ਹੋਵੋਗੇ ਪਰ ਤੁਹਾਨੂੰ ਇਹ ਗੱਲਾਂ ਬਿਜ਼ਨਸ ਅਡਵਾਈਜ਼ਰੀ ਕਮੇਟੀ ਅੰਦਰ ਰੱਖਣੀਆਂ ਚਾਹੀਦੀਆਂ ਸਨ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਬੋਲਣ ਲਈ ਆਪਣੀ ਸੀਟ ਤੇ ਖੜ੍ਹੇ ਸਨ।)

**ਵਿੱਤ ਮੰਤਰੀ** : ਇੱਕ ਮਿੰਟ ਪਲੀਜ਼, Let me complete. ਤੁਹਾਨੂੰ ਆ ਕੇ ਉਥੇ ਗੱਲ ਕਰਨੀ ਚਾਹੀਦੀ ਸੀ ਕਿ ਅਸੀਂ ਇਸ ਮੁੱਦੇ ਤੇ ਗੱਲ ਕਰਨੀ ਚਾਹੁੰਦੇ ਹਾਂ, ਅਸੀਂ ਤੁਹਾਨੂੰ ਪਲੇਟਫਾਰਮ ਮੁਹੱਈਆ ਕਰਵਾਇਆ ਸੀ। ਬਾਜਵਾ ਸਾਹਿਬ, ਤੁਸੀਂ ਬਹੁਤ ਸੀਜ਼ਨਡ ਪਾਲੀਟੀਸ਼ੀਅਨ ਹੋ, ਤੁਸੀਂ ਦੇਸ਼ ਦੀ ਪਾਰਲੀਮੈਂਟ ਵਿੱਚ ਵੀ ਰਹੇ ਹੋ, ਵਿਧਾਨ ਸਭਾ

ਵਿੱਚ ਵੀ ਰਹੇ ਹੋ। ਤੁਸੀਂ ਸਾਰਾ ਕੁਝ ਜਾਣਦੇ ਹੋ, ਇਹ ਸਭ ਜਾਣਨ ਦੇ ਬਾਵਜੂਦ ਤੁਸੀਂ ਉਸ ਦਿਨ ਨਹੀਂ ਆਏ, ਜਾਂ ਤਾਂ ਤੁਸੀਂ ਇੰਟੈਂਸ਼ਨਲੀ ਨਹੀਂ ਆਏ ਜਾਂ ਤੁਸੀਂ ਕਿਤੇ ਬਿਜ਼ੀ ਹੋਵੋਗੇ ਜਾਂ ਫਿਰ ਤੁਸੀਂ ਇਸ ਸਦਨ ਦੇ ਰੂਲਜ਼ ਐਂਡ ਰੈਗੂਲੇਸ਼ਨਜ਼ ਨੂੰ ਫਾਲੋ ਨਹੀਂ ਕਰਨਾ ਚਾਹੁੰਦੇ। ਅਸੀਂ ਤੁਹਾਨੂੰ ਮੌਕਾ ਦਿੱਤਾ ਸੀ। ਇਆਲੀ ਸਾਹਿਬ ਚਲੇ ਗਏ ਹਨ, ਉਨ੍ਹਾਂ ਨੇ ਵੀ ਉਸ ਦਿਨ ਕਿਹਾ ਸੀ ਕਿ ਇੰਤਜ਼ਾਰ ਕਰੋ। ਅਸੀਂ 15-20 ਮਿੰਟ ਇੰਤਜ਼ਾਰ ਕੀਤਾ, ਫਿਰ ਫੋਨ ਕੀਤਾ ਪਰ ਵਾਰ ਵਾਰ ਫੋਨ ਕਰਨ ਦੇ ਬਾਵਜੂਦ ਤੁਸੀਂ ਨਹੀਂ ਆਏ। ਅੱਜਕੱਲ੍ਹ ਤਾਂ ਸਿਸਟਮ ਹੈ, ਤੁਸੀਂ ਆਪਣੀ ਗੱਲ ਫੋਨ ਰਾਹੀਂ ਦੱਸ ਸਕਦੇ ਸੀ, ਲਿਖ ਕੇ ਦੇ ਸਕਦੇ ਸੀ। ਹੁਣ ਤੁਸੀਂ ਕਹਿੰਦੇ ਹੋ ਕਿ ਇਸ ਮਾਮਲੇ ਤੇ ਡਿਸਕਸ਼ਨ ਚਾਹੀਦੀ ਹੈ। ਸਪੀਕਰ ਸਾਹਿਬ, ਮੈਂ ਹੈਰਾਨ ਹਾਂ ਕਿ ਤੁਸੀਂ ਲੰਬਾ ਜ਼ੀਰੋ ਆਵਰ ਦਿੰਦੇ ਹੋ। 06 ਤਾਰੀਖ ਤੋਂ ਅੱਜ ਤੱਕ ਭਾਵ 16 ਤਾਰੀਖ ਤੱਕ ਲਗਾਤਾਰ ਲੰਬਾ ਜ਼ੀਰੋ ਆਵਰ ਸਾਰੇ ਮੈਂਬਰਾਂ ਨੂੰ ਮਿਲ ਰਿਹਾ ਹੈ। ਉਸ ਦੌਰਾਨ ਸਭ ਨੂੰ ਆਪਣੀ ਗੱਲ ਰੱਖਣ ਦਾ ਮੌਕਾ ਮਿਲਦਾ ਹੈ। ਕਿਸੇ ਵੀ ਕਿਸਮ ਦੀ ਗੱਲ ਰੱਖ ਸਕਦਾ ਹੈ। ਸੋ, ਮੈਂ ਇਸ ਕਰਕੇ ਇਹ ਗੱਲ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਦੋਂ ਤੁਹਾਨੂੰ ਮੌਕਾ ਮਿਲਿਆ ਸੀ, ਉਦੋਂ ਤੁਸੀਂ ਗੱਲ ਨਹੀਂ ਕੀਤੀ। ਤੁਹਾਨੂੰ ਉਦੋਂ ਗੱਲ ਕਰਨੀ ਚਾਹੀਦੀ ਸੀ, ਹੁਣ ਮੈਂ ਇਹ ਪ੍ਰਸਤਾਵ ਪੇਸ਼ ਕੀਤਾ ਹੈ। ਧੰਨਵਾਦ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ, ਤੁਹਾਡਾ ਮੈਨੂੰ ਮੈਸੇਜ ਆਇਆ, ਮੈਂ ਤੁਹਾਨੂੰ ਰਿਕੁਐਸਟ ਘੱਲੀ ਸੀ ਕਿ ਸਾਨੂੰ ਪੁਲਿਸ ਸਟੇਸ਼ਨ ਵਿੱਚ ਬਿਠਾਇਆ ਹੈ। ਲੇਡੀਜ਼ ਦਾ ਪੰਜਾਂ ਸਾਲਾਂ ਦਾ 60 ਹਜ਼ਾਰ ਰੁਪਏ ਦਾ ਮਸਲਾ ਹੈ, ਉਸ ਦੇ ਲਈ ਅਸੀਂ agitate ਕਰ ਰਹੇ ਸੀ, at that time we were in the Police Station. I put in a request to you. ਅਸੀਂ ਹੁਣ ਪੁਲਿਸ ਸਟੇਸ਼ਨ ਵਿੱਚ ਹਾਂ, ਇਸ ਤਰ੍ਹਾਂ ਦਾ ਮੈਸੇਜ ਮੈਂ ਤੁਹਾਨੂੰ ਕੀਤਾ ਸੀ ਕਿ you can continue with your meeting because I am presently at the Police Station. ਸਰਦਾਰ ਹਰਪਾਲ ਸਿੰਘ ਜੀ, ਮੈਨੂੰ ਇੱਕ ਗੱਲ ਦੱਸੀ ਜਾਵੇ ਕਿ ਇੰਨੀ ਭੱਜਣ ਦੀ ਕੀ ਲੋੜ ਪੈ ਗਈ? ਹਾਲੇ ਕਿਹੜਾ ਇਹ sine-die ਹੋ ਗਿਆ? we have enough of time, why does the Government always run away? ਨਾਲੇ ਸਾਨੂੰ ਕਿੰਨੀ ਵਾਰ ਪੁੱਛ ਕੇ ਤੁਸੀਂ ਆਪਣਾ ਬਿਜ਼ਨਸ conduct ਕਰਦੇ ਹੋ? ਸਾਡੇ ਕੋਲ Public Accounts Committee ਹੁੰਦੀ ਸੀ, ਉਹ ਵੀ ਸਾਡਾ ਹੱਕ ਖੋਹ ਲਿਆ ਗਿਆ। ਅਸੀਂ ਤਾਂ ਪਾਹੜਾ ਜੀ ਦਾ ਨਾਂ ਘੱਲਿਆ ਸੀ ਪਰ ਤੁਸੀਂ ਪੁਰਾਣੀਆਂ traditions of the House ਨੂੰ ਨਹੀਂ ਚੱਲਣ ਦਿੰਦੇ, ਸਾਡੇ ਕਹਿਣ ਤੇ ਕੀ ਤੁਸੀਂ ਮੰਨਣਾ ਹੈ? ਹਾਲੇ ਵੀ nothing has gone wrong.

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਲਗਾਤਾਰ ਬੋਲ ਰਹੇ ਸਨ।)

**ਮਾਣਯੋਗ ਸਪੀਕਰ:** ਬਾਜਵਾ ਜੀ, ਆਪ ਜੀ ਦੀ ਗੱਲ ਆ ਗਈ ਹੈ, ਮੈਂ ਹਾਊਸ ਨੂੰ ਕਲੀਅਰ ਕਰ ਦੇਣਾ ਚਾਹੁੰਦਾ ਹਾਂ ਕਿ ਬੀ.ਏ.ਸੀ. ਦੀ ਰਿਪੋਰਟ ਹਾਊਸ ਵਿੱਚ ਪੇਸ਼ ਕੀਤੀ ਗਈ ਸੀ ਅਤੇ ਉਹ accept ਹੋ ਗਈ। Thank you very much.

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

-------

## PAPERS LAID ON THE TABLE OF THE HOUSE

**ਮਾਣਯੋਗ ਸਪੀਕਰ :** ਅਗਲੀ ਆਈਟਮ, ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਵਿੱਚ ਮੱਦ ਨੰਬਰ 4 ਅਧੀਨ ਲੜੀ ਨੰ: (i) ਤੋਂ (xi) ਤੱਕ ਦਰਸਾਏ ਗਏ ਕਾਗਜ਼ ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ; ਜਿਵੇਂ ਕਿ ਵੱਖ ਵੱਖ ਨਿਯਮਾਂ ਅਧੀਨ ਲੋੜੀਂਦਾ ਹੈ-

(i) ਸਾਲ 2023-24 ਲਈ ਰਾਜ ਵਿੱਤ ਤੇ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਾਲ 2025 ਦੀ ਰਿਪੋਰਟ ਨੰਬਰ 1);

(ii) ਮਾਰਚ, 2023 ਨੂੰ ਖਤਮ ਹੋਈ ਮਿਆਦ ਲਈ ਸਟੇਟ ਪਬਲਿਕ ਸੈਕਟਰ ਇੰਟਰਪ੍ਰਾਈਜ਼ਿਜ਼ ਤੇ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਾਲ 2025 ਦੀ ਰਿਪੋਰਟ ਨੰਬਰ 2);

(iii) ਮਾਰਚ, 2023 ਨੂੰ ਖਤਮ ਹੋਈ ਮਿਆਦ ਲਈ ਰਾਜ ਦੇ ਮਾਲੀਏ ਤੇ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਾਲ 2025 ਦੀ ਰਿਪੋਰਟ ਨੰਬਰ 3);

(iv) ਮਾਰਚ, 2023 ਨੂੰ ਖਤਮ ਹੋਈ ਮਿਆਦ ਲਈ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਾਲ 2025 ਦੀ ਰਿਪੋਰਟ ਨੰਬਰ 4);

(v) ਪੰਜਾਬ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਤੇ ਕਾਰਗੁਜ਼ਾਰੀ ਲੇਖਾ ਪੜਤਾਲ ਤੇ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਾਲ 2025 ਦੀ ਰਿਪੋਰਟ ਨੰਬਰ 5);

(vi) ਮਾਰਚ, 2024 ਨੂੰ ਖਤਮ ਹੋਈ ਮਿਆਦ ਲਈ ਰਾਜ ਦੇ ਮਾਲੀਏ 'ਤੇ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਾਲ 2025 ਦੀ ਰਿਪੋਰਟ ਨੰ: 6);

(vii) ਮਾਰਚ, 2024 ਨੂੰ ਖਤਮ ਹੋਈ ਮਿਆਦ ਲਈ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਾਲ 2025 ਦੀ ਰਿਪੋਰਟ ਨੰ: 7);

(viii) ਮਾਰਚ, 2023 ਨੂੰ ਖਤਮ ਹੋਈ ਮਿਆਦ ਲਈ ਸਥਾਨਕ ਸੰਸਥਾਵਾਂ 'ਤੇ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (2026 ਦੀ ਰਿਪੋਰਟ ਨੰ: 1) (ਸਥਾਨਕ ਸਰਕਾਰਾਂ ਵਿਭਾਗ ਅਤੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ);

(ix) ਸਾਲ 2024-25 ਲਈ ਪੰਜਾਬ ਸਰਕਾਰ ਦੇ ਵਿੱਤ ਲੇਖੇ (ਭਾਗ-I );

(x) ਸਾਲ 2024-25 ਲਈ ਪੰਜਾਬ ਸਰਕਾਰ ਦੇ ਵਿੱਤ ਲੇਖੇ (ਭਾਗ-II); ਅਤੇ

(xi) ਸਾਲ 2024-25 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖੇ।

-------

## PRESENTATION OF THE REPORT OF THE COMMITTEE

**ਮਾਣਯੋਗ ਸਪੀਕਰ :** ਅਗਲੀ ਆਈਟਮ, ਕਮੇਟੀ ਦੀ ਰਿਪੋਰਟ ਪੇਸ਼ ਕਰਨਾ। ਸਭਾਪਤੀ, ਬੁੱਢਾ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕਰਨਗੇ।

**ਸਭਾਪਤੀ, ਬੁੱਢਾ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ (ਸਰਦਾਰ ਦਲਜੀਤ ਸਿੰਘ ਗਰੇਵਾਲ (ਭੋਲਾ)** : ਸ਼੍ਰੀਮਾਨ ਜੀ, ਮੈਂ ਪੰਜਾਬ ਵਿਧਾਨ ਸਭਾ ਦੇ ਆਮ ਕੰਮ ਕਾਰ ਲਈ ਬੁੱਢਾ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

ਸਪੀਕਰ ਸਾਹਿਬ, ਮੈਂ ਸਭਾਪਤੀ ਹੋਣ ਦੇ ਨਾਤੇ ਕਰੀਬ ਸਾਢੇ ਤਿੰਨ ਸਾਲ ਦੇ ਕਾਰਜਕਾਲ ਦੌਰਾਨ ਕੀਤੇ ਗਏ ਕੰਮ-ਕਾਰ ਨੂੰ ਇੱਕ ਰਿਪੋਰਟ ਦੇ ਰੂਪ ਵਿੱਚ ਸਦਨ ਦੇ ਸਾਹਮਣੇ ਪੇਸ਼ ਕਰਦਾ ਹਾਂ। ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਅਹਿਮ ਕਮੇਟੀ ਦਾ ਸਭਾਪਤੀ ਬਣਾਇਆ ਅਤੇ ਮੈਂ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਦੀ ਰਹਿਨੁਮਾਈ ਵਿੱਚ ਅੱਜ ਪੰਜਾਬ ਅੱਗੇ ਵੱਧ ਰਿਹਾ ਹੈ। ਮੈਂ ਸੰਤ ਸੀਚੇਵਾਲ ਜੀ ਦਾ ਵੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਪਹਿਲਾਂ ਕਾਲੀ ਵੇਈਂ ਸਾਫ ਕੀਤੀ ਤੇ ਹੁਣ ਬੁੱਢਾ ਦਰਿਆ ਵਾਸਤੇ ਵੀ ਬਹੁਤ efforts ਕਰ ਰਹੇ ਹਨ ਅਤੇ ਲੱਗੇ ਹੋਏ ਹਨ। ਕਮੇਟੀ ਵੱਲੋਂ ਕੀਤੀਆਂ ਗਈਆਂ ਮੀਟਿੰਗਾਂ ਅਤੇ ਉੱਥੇ ਮੌਕੇ ਤੇ ਕੀਤੀਆਂ ਗਈਆਂ ਵਿਜ਼ਿਟਾਂ ਦੇ ਦੌਰਾਨ ਕੀਤੀਆਂ ਗਈਆਂ ਹਦਾਇਤਾਂ ਦੇ ਮੁਤਾਬਿਕ ਬੁੱਢਾ ਦਰਿਆ ਤੇ ਘੱਗਰ ਦਰਿਆ ਦੀ ਨਿਸ਼ਾਨਦੇਹੀ ਉਪਰੰਤ ਨਜਾਇਜ਼ ਕਬਜ਼ੇ ਹਟਾ ਕੇ ਇਨ੍ਹਾਂ ਦੇ ਕੰਢਿਆਂ ਤੇ ਪਲਾਂਟੇਸ਼ਨ ਦਾ ਕੰਮ ਕੀਤਾ ਜਾ ਰਿਹਾ ਹੈ। ਲੋਅਰ ਬੁੱਢਾ ਦਰਿਆ ਦੇ ਤਕਰੀਬਨ 40 ਕਿਲੋਮੀਟਰ ਦੇ ਏਰੀਏ ਦੀ ਨਿਸ਼ਾਨਦੇਹੀ ਕਰਵਾ ਕੇ ਲਗਭਗ ਸਾਰੇ ਨਜਾਇਜ਼ ਕਬਜ਼ੇ ਹਟਾ ਕੇ ਪਲਾਂਟੇਸ਼ਨ ਦਾ ਕੰਮ ਜਾਰੀ ਹੈ। ਲੁਧਿਆਣਾ ਸ਼ਹਿਰ ਦੀਆਂ ਘਰੇਲੂ ਡੇਅਰੀਆਂ ਅਤੇ ਉਦਯੋਗ ਦੇ ਵੇਸਟ ਨੂੰ ਸੋਧਣ ਲਈ ਸੀਵਰੇਜ ਟਰੀਟਮੈਂਟ ਪਲਾਂਟ, ਐਫੂਲੀਏਟਿਡ ਟਰੀਟਮੈਂਟ ਪਲਾਂਟ ਅਤੇ ਜ਼ੈੱਡ.ਐੱਲ.ਡੀ. ਲਗਾਏ ਜਾ ਰਹੇ ਹਨ ਅਤੇ ਹੋਰ ਵੱਡੀਆਂ ਉਦਯੋਗਿਕ ਇਕਾਈਆਂ ਵੱਲੋਂ ਜ਼ੈੱਡ.ਐੱਲ.ਡੀ. ਲਗਾਉਣ ਦੀ ਕਾਰਵਾਈ ਕੀਤੀ ਜਾ ਰਹੀ ਹੈ। ਡੇਅਰੀਆਂ ਦੇ ਵੇਸਟ ਲਈ ਸੀ.ਵੀ.ਜੀ. ਦੇ ਦੋ ਪਲਾਂਟ ਮਨਜ਼ੂਰ ਹੋਏ ਸਨ। ਇੱਕ ਸੀ.ਵੀ.ਜੀ. ਪਲਾਂਟ ਬਹੁਤ ਜਲਦੀ ਚਾਲੂ ਹੋ ਜਾਵੇਗਾ।

ਕਮੇਟੀ ਦੀਆਂ ਕੋਸ਼ਿਸ਼ਾਂ ਸਦਕਾ ਬੁੱਢੇ ਦਰਿਆ ਵਿੱਚ ਪੈ ਰਹੇ ਹਾਨੀਕਾਰਕ ਕੈਮੀਕਲ, ਜਿਨ੍ਹਾਂ ਕਰਕੇ ਜ਼ਿਆਦਾ ਨੁਕਸਾਨ ਹੋ ਰਿਹਾ ਹੈ, ਉਸ ਦੀ ਮਾਤਰਾ ਵਿੱਚ ਵੀ ਕਾਫੀ ਕਮੀ ਆਈ ਹੈ। ਪੈਰਾਮੀਟਰ ਦੇ ਅੰਕੜੇ ਰਿਪੋਰਟ ਵਿੱਚ ਦਰਜ ਹਨ। ਇਸੇ ਤਰ੍ਹਾਂ ਘੱਗਰ ਦਰਿਆ ਵਿੱਚ ਪੈਂਦੇ ਪਾਣੀ ਨੂੰ ਸਾਫ ਕਰਨ ਲਈ ਕੁੱਲ ਲੋੜੀਂਦੇ 40 ਐਸ.ਟੀ.ਪੀਜ਼. ਵਿਚੋਂ 34 ਐਸ.ਟੀ.ਪੀਜ਼. ਤੇ ਕੰਮ ਮੁਕੰਮਲ ਕਰਵਾ ਕੇ ਇਨ੍ਹਾਂ ਦਾ ਪਾਣੀ ਸਿੰਚਾਈ ਲਈ ਵਰਤਣ ਦੀ ਕਾਰਵਾਈ ਵੀ ਚੱਲ

ਰਹੀ ਹੈ। ਸਪੀਕਰ ਸਾਹਿਬ, ਬਹੁਤ ਸਾਲ ਪਹਿਲਾਂ ਬੁੱਢਾ ਦਰਿਆ ਵਿੱਚ ਸਾਫ ਪਾਣੀ ਵੱਗਦਾ ਸੀ ਪਰ ਪਿਛਲੀਆਂ ਸਰਕਾਰਾਂ ਦੀ ਅਣਦੇਖੀ ਕਾਰਨ ਇਹ ਗੰਦੇ ਨਾਲੇ ਦਾ ਰੂਪ ਧਾਰਨ ਕਰ ਗਿਆ। ਇਸ ਨੂੰ ਸਾਫ ਪਾਣੀ ਦੇ ਦਰਿਆ ਵਜੋਂ ਮੁੜ ਸੁਰਜੀਤ ਕਰਨ ਦੇ ਯਤਨ ਕਰ ਰਹੇ ਹਾਂ ਅਤੇ ਬਹੁਤ ਹੱਦ ਤੱਕ ਕਾਮਯਾਬੀ ਮਿਲੀ ਹੈ। ਇਸ ਦਿਸ਼ਾ ਵਿੱਚ ਹੋਰ ਵੀ ਕੰਮ ਕਰਨ ਦੀ ਲੋੜ ਹੈ। ਇਸ ਸਾਰੇ ਕੰਮ ਨੂੰ ਨੇਪਰੇ ਚਾੜ੍ਹਨ ਵਿੱਚ ਸਰਕਾਰ ਦੇ ਕਈ ਵਿਭਾਗਾਂ ਵੱਲੋਂ ਸਹਿਯੋਗ ਦਿੱਤਾ ਗਿਆ ਹੈ, ਇਨ੍ਹਾਂ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਅਤੇ ਪੰਜਾਬ ਵਿਧਾਨ ਸਭਾ ਦੇ ਸਕੱਤਰ ਅਤੇ ਸਬੰਧਤ ਸਟਾਫ ਦਾ ਉਨ੍ਹਾਂ ਦੇ ਯੋਗਦਾਨ ਲਈ ਬਹੁਤ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਜਲ ਬਿਨਾਂ ਜੀਵਨ ਨਹੀਂ। ਬੁੱਢਾ ਦਰਿਆ ਅਤੇ ਘੱਗਰ ਦਰਿਆ ਦੀ ਬਹੁਤ ਵੱਡੀ ਦਿੱਕਤ ਹੈ, ਜਿੱਥੇ ਪਹਿਲਾਂ ਸਾਫ ਸੁਥਰਾ ਪਾਣੀ ਸੀ, ਅੱਜ ਗੰਦਾ ਪਾਣੀ ਹੋ ਗਿਆ ਹੈ, ਇਸ ਦੇ ਕਾਰਨ ਇਕੱਲਾ ਪੰਜਾਬ ਹੀ ਨਹੀਂ ਸਗੋਂ ਹਰਿਆਣਾ ਅਤੇ ਰਾਜਸਥਾਨ ਵਿੱਚ ਵੀ ਬਿਮਾਰੀਆਂ ਫੈਲ ਰਹੀਆਂ ਹਨ। ਮੈਂ ਇੱਕ ਵਾਰ ਫਿਰ ਤੁਹਾਡਾ ਧੰਨਵਾਦ ਕਰਦਾ ਹਾਂ। ਮੈਂ ਸਰਕਾਰ ਦਾ ਵੀ ਧੰਨਵਾਦ ਕਰਦਾ ਹਾਂ ਜਿਹੜੀ ਇਸ ਕਾਰਜ ਲਈ ਯਤਨ ਕਰ ਰਹੀ ਹੈ।

**ਮਾਣਯੋਗ ਸਪੀਕਰ** : ਮੈਂ ਤਾਂ ਕਹਿੰਦਾ ਕਿ ਬਾਬਾ ਬਲਬੀਰ ਸਿੰਘ ਸੀਚੇਵਾਲ ਜੀ ਦਾ ਧੰਨਵਾਦ ਕੀਤਾ ਜਾਵੇ। ਉਨ੍ਹਾਂ ਨੇ ਵੀ ਉਥੇ ਰਹਿ ਬੁੱਢੇ ਦਰਿਆ ਸਬੰਧੀ ਬਹੁਤ ਕੰਮ ਕੀਤਾ ਹੈ।

**ਸਭਾਪਤੀ, ਬੁੱਢਾ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ** : ਮੈਂ ਸੀਚੇਵਾਲ ਜੀ ਦਾ ਵੀ ਧੰਨਵਾਦ ਕਰਦਾ ਹਾਂ। ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਮੈਂ ਸੀਚੇਵਾਲ ਜੀ ਦਾ ਬਹੁਤ ਹੀ ਧੰਨਵਾਦੀ ਹਾਂ ਜਿਨ੍ਹਾਂ ਨੇ ਪਹਿਲਾਂ ਕਾਲੀ ਵੇਈਂ ਸਾਫ ਕੀਤੀ ਤੇ ਹੁਣ ਬੁੱਢੇ ਦਰਿਆ ਲਈ ਯਤਨ ਕਰ ਰਹੇ ਹਨ। (ਥੰਪਿੰਗ)

**ਮਾਣਯੋਗ ਸਪੀਕਰ** : ਧੰਨਵਾਦ ਜੀ।

-------

## MOTION REGARDING CONSTITUTION OF ELECTED COMMITTEES FOR THE YEAR 2026-27

**ਮਾਣਯੋਗ ਸਪੀਕਰ** : ਸਰਦਾਰ ਹਰਪਾਲ ਸਿੰਘ ਚੀਮਾ, ਮਾਣਯੋਗ ਵਿੱਤ ਮੰਤਰੀ ਸਾਲ 2026-27 ਲਈ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ ਕਰਨਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ-

ਕਿਉਂਜੋ ਸਾਲ 2026-27 ਲਈ: -

1. ਲੋਕ ਲੇਖਾ ਕਮੇਟੀ;
2. ਅਨੁਮਾਨ ਕਮੇਟੀ;
3. ਸਰਕਾਰੀ ਕਾਰੋਬਾਰ ਕਮੇਟੀ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2026 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2026-27 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਇਸ ਦੇ ਉਲਟ ਹੋਣ, ਮੁਅੱਤਲ ਰਹਿਣਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ। ਮੇਰੀ ਗੱਲ ਸੁਣ ਲਉ।

**ਮਾਣਯੋਗ ਸਪੀਕਰ** : ਪ੍ਰਸਤਾਵ ਪੇਸ਼ ਕਰ ਲਈਏ। ਤੁਹਾਡੀ ਗੱਲ ਸੁਣ ਲਵਾਂਗੇ। ਪਹਿਲਾਂ ਪ੍ਰਸਤਾਵ ਪੇਸ਼ ਕਰ ਲਈਏ, ਉਸ ਤੋਂ ਬਾਅਦ ਬਹਿਸ ਕਰ ਲਵਾਂਗੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ ਕਿ -

ਕਿਉਂਜੋ ਸਾਲ 2026-27 ਲਈ:-

1. ਲੋਕ ਲੇਖਾ ਕਮੇਟੀ;

2. ਅਨੁਮਾਨ ਕਮੇਟੀ;

3. ਸਰਕਾਰੀ ਕਾਰੋਬਾਰ ਕਮੇਟੀ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2026 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2026-27 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਇਸ ਦੇ ਉਲਟ ਹੋਣ, ਮੁਅੱਤਲ ਰਹਿਣਗੇ।

ਹਾਂ ਜੀ, ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਅਸੈਂਬਲੀ ਅਤੇ ਡੈਮੋਕਰੇਸੀ ਕਿਸੇ ਕਾਇਦੇ-ਕਾਨੂੰਨ ਨਾਲ ਚੱਲਦੀ ਹੈ। ਤੁਸੀਂ ਆਪ ਹੁਣ ਆਨਰੇਬਲ ਸਪੀਕਰ ਹੋ। ਸਾਡੀ ਸਰਕਾਰ ਵਿੱਚ ਤੁਸੀਂ ਚੇਅਰਮੈਨ, ਪੀ.ਏ.ਸੀ. ਰਹੇ ਹੋ। ਮੈਂ ਇੰਨਾ ਹੀ ਪੁੱਛਣਾ ਚਾਹਾਂਗਾ ਕਿ ਤੁਹਾਡੀ ਸਰਕਾਰ ਜਿਹੜਾ ਇੱਕ ਬਦਲਾਅ ਲੈ ਕੇ ਆਉਣਾ ਚਾਹੁੰਦੀ ਸੀ, ਕੋਈਆਂ ਚੰਗੀਆਂ ਰਵਾਇਤਾਂ ਲਿਆਉਣਾ ਚਾਹੁੰਦੀ ਸੀ, ਚੰਗੇ ਕਾਇਦੇ-ਕਾਨੂੰਨ ਲਿਆਉਣਾ ਚਾਹੁੰਦੀ ਸੀ, ਕੀ ਉਹ ਰਵਾਇਤਾਂ ਨੂੰ ਫਾਲੋ ਕਰੇਗੀ? ਸਾਨੂੰ ਪੀ.ਏ.ਸੀ. ਦੀ ਇੱਕ ਚੇਅਰਮੈਨਸ਼ਿਪ ਮਿਲਦੀ ਸੀ ਤਾਂ ਕਿ ਅਸੀਂ ਤੁਹਾਡੇ ਵਿੱਤ ਦੀ ਅਕਾਊਂਟੇਬਿਲਿਟੀ ਰੱਖ ਸਕੀਏ। ਤੁਸੀਂ ਪਿਛਲੇ ਸਾਲ ਉਹ ਵੀ ਸਾਡੇ ਕੋਲੋਂ ਖੋਹ ਲਈ ਹੈ। ਕੀ ਤੁਸੀਂ ਪ੍ਰਾਮਿਸ ਕਰਦੇ ਹੋ ਕਿ ਭਵਿੱਖ ਵਿੱਚ, will you adhere to it ਕਿ ਇਹ ਨਿਰ੍ਹਾ ਹੀ ਲੋਕ ਦਿਖਾਵਾ ਸੀ। ਜੋ ਤੁਸੀਂ ਕਹਿੰਦੇ ਹੋ, ਉਸ ਕਥਨੀ ਤੇ ਪੂਰੇ ਉਤਰੋਗੇ? ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਜ਼ਿੰਮੇਵਾਰੀ ਨਾਲ ਇਸ ਗੱਲ ਦੀ ਜ਼ੁਬਾਨ ਦਿਉਗੇ। ਸਰਕਾਰ ਨੇ ਪਿਛਲੇ ਸਾਲ ਜਿਹੜਾ ਸਾਡਾ ਹੱਕ ਮਾਰਿਆ ਹੈ, ਕੀ ਸਾਨੂੰ ਉਹ ਹੱਕ restore ਕਰੋਗੇ? This is what I wanted to know.

**ਮਾਣਯੋਗ ਸਪੀਕਰ** : ਤੁਹਾਡਾ ਬਹੁਤ ਧੰਨਵਾਦ। ਮੈਂ ਸਾਰੇ ਸਦਨ ਅੱਗੇ ਇਹ ਗੱਲ ਆਨ ਰਿਕਾਰਡ ਰੱਖਣਾ ਚਾਹੁੰਦਾ ਹਾਂ ਕਿ ਜੋ ਵੀ ਸਦਨ ਵਿੱਚ, ਸਦਨ ਨਾਲ ਸਬੰਧਿਤ ਕੰਮ-ਕਾਰ ਹੁੰਦੇ ਹਨ, ਉਹ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਹਿਸਾਬ ਨਾਲ ਹੁੰਦੇ ਹਨ। ਸੋ, ਜੋ ਨਿਯਮ ਪਰਮਿਟ ਕਰਨਗੇ, ਉਸ ਹਿਸਾਬ ਨਾਲ ਇੱਥੇ ਕਾਰਵਾਈ ਹੁੰਦੀ ਰਹੇਗੀ।

**ਸ਼੍ਰੀ ਗੁਰਲਾਲ ਘਨੌਰ (ਘਨੌਰ)**: ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕੀਤੀ ਸੀ ਕਿ ਇਨ੍ਹਾਂ ਸਾਰੀਆਂ ਕਮੇਟੀਆਂ ਦੇ ਨਾਲ ਨਾਲ ਇੱਕ ਸਪੋਰਟਸ ਕਮੇਟੀ ਵੀ ਹੋਣੀ ਚਾਹੀਦੀ ਹੈ। ਮੇਰੀ ਬੇਨਤੀ ਹੈ ਕਿ ਇੱਕ ਸਪੋਰਟਸ ਕਮੇਟੀ ਵੀ ਬਣਾ ਦਿਓ।

**ਮਾਣਯੋਗ ਸਪੀਕਰ**: ਆਪਾਂ ਵਿਚਾਰ ਕਰ ਲਵਾਂਗੇ। ਬੈਠੋ ਜੀ।

**ਸ਼੍ਰੀ ਗੁਰਲਾਲ ਘਨੌਰ**: ਮਿਹਰਬਾਨੀ ਜੀ।

**ਮਾਣਯੋਗ ਸਪੀਕਰ**: ਪ੍ਰਸ਼ਨ ਹੈ ਕਿ-

ਕਿਉਂਜੋ ਸਾਲ 2026-27 ਲਈ:-

1. ਲੋਕ ਲੇਖਾ ਕਮੇਟੀ;

2. ਅਨੁਮਾਨ ਕਮੇਟੀ;

3. ਸਰਕਾਰੀ ਕਾਰੋਬਾਰ ਕਮੇਟੀ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2026 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2026-27 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਇਸ ਦੇ ਉਲਟ ਹੋਣ, ਮੁਅੱਤਲ ਰਹਿਣਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਜੇ ਨਿਯਮਾਂ ਅਨੁਸਾਰ ਚਲੋਗੇ ਤਾਂ 'ਹਾਂ ਜੀ', ਜੇ ਨਿਯਮਾਂ ਦੇ ਖਿਲਾਫ ਚਲਣਾ ਹੈ ਤਾਂ 'ਨਾ ਜੀ।'

**ਮਾਣਯੋਗ ਸਪੀਕਰ**: ਹਾਂ, ਨਿਯਮਾਂ ਅਨੁਸਾਰ ਚਲਣਾ ਹੈ ਜੀ, ਬਿਲਕੁਲ ਠੀਕ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

--------

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ**: ਗੌਰਮਿੰਟ ਹਾਈ ਸਕੂਲ, ਸੁਰਗਾ ਪੁਰੀ, ਕੋਟਕਪੂਰਾ ਦੇ ਵਿਦਿਆਰਥੀ ਔਰ ਅਧਿਆਪਕ ਸਾਹਿਬਾਨ ਵੀ ਇਸ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਪਹੁੰਚੇ ਹਨ। ਆਓ, ਆਪਾਂ ਸਾਰੇ ਉਨ੍ਹਾਂ ਨੂੰ ਜੀ ਆਇਆਂ ਕਹੀਏ। (ਥੰਪਿੰਗ)

-------

## LEGISLATIVE BUSINESS

### 1. THE PUNJAB REGULATION OF CRUSHER UNITS AND STOCKISTS AND RETAILERS (AMENDMENT) BILL, 2026 *(Replacing Ordinance)*

**ਮਾਣਯੋਗ ਸਪੀਕਰ**: ਸ਼੍ਰੀ ਬਰਿੰਦਰ ਕੁਮਾਰ ਗੋਇਲ, ਖਣਨ ਤੇ ਭੂ-ਵਿਗਿਆਨ ਮੰਤਰੀ ਬਿਲ ਪੇਸ਼ ਕਰਨਗੇ।

**ਖਣਨ ਤੇ ਭੂ-ਵਿਗਿਆਨ ਮੰਤਰੀ (ਸ੍ਰੀ ਬਰਿੰਦਰ ਕੁਮਾਰ ਗੋਇਲ)**: ਸ਼੍ਰੀਮਾਨ ਜੀ, ਮੈਂ ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਸ ਐਂਡ ਸਟਾਕਿਸਟਸ ਐਂਡ ਰਿਟੇਲਰਜ਼ (ਸੋਧ) ਬਿਲ, 2026 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

> ਕਿ ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਸ ਐਂਡ ਸਟਾਕਿਸਟਸ ਐਂਡ ਰਿਟੇਲਰਜ਼ (ਸੋਧ) ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

> ਕਿ ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਸ ਐਂਡ ਸਟਾਕਿਸਟਸ ਐਂਡ ਰਿਟੇਲਰਜ਼ (ਸੋਧ) ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਪ੍ਰਤਾਪ ਸਿੰਘ ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)**: ਸਰ, ਤੁਸੀਂ 95-96 ਬੰਦੇ ਹੋ, ਤੁਸੀਂ ਧੱਕੇ ਨਾਲ 'ਹਾਂ' ਤਾਂ ਕਰਵਾ ਹੀ ਲੈਣੀ ਹੈ। ਤੁਸੀਂ ਸਾਡੀ ਮੰਨੋ ਭਾਵੇਂ ਨਾ ਮੰਨੋ ਪਰ ਸਾਡੀ ਇੱਕੋ-ਇੱਕ ਬੇਨਤੀ ਹੈ ਕਿ ਕੇਜਰੀਵਾਲ ਸਾਹਿਬ ਨੇ ਕਿਹਾ ਸੀ ਕਿ ਵੀਹ ਹਜ਼ਾਰ ਕਰੋੜ ਰੁਪਏ ਤਿੰਨੋਂ ਦਰਿਆਵਾਂ ਵਿੱਚੋਂ ਹਰ ਸਾਲ ਦਿਆ ਕਰਾਂਗੇ। ਇਹ ਚਾਰ ਸਾਲਾਂ ਦੇ 80 ਹਜ਼ਾਰ ਕਰੋੜ ਰੁਪਏ ਹੋ ਗਏ ਹਨ ਤੇ ਤੁਸੀਂ ਦਿੱਤੇ ਸਿਰਫ 1200 ਕਰੋੜ ਰੁਪਏ ਹਨ। ਇਲਲੀਗਲ ਮਾਈਨਿੰਗ ਸ਼ਰੇਆਮ ਹੋ ਰਹੀ ਹੈ ਤੇ 100-100 ਫੁੱਟ ਡੂੰਘਾਈ ਤੱਕ ਮਿੱਟੀ ਪੁੱਟ ਦਿੱਤੀ ਹੈ। ਮੰਤਰੀ ਸਾਹਿਬ ਕਿਰਪਾ ਕਰਕੇ ਇਸ ਬਾਰੇ ਕੁਝ ਦੱਸਣ ਤਾਂ ਸਹੀ। ਤੁਹਾਡੇ ਆਪਣੇ ਐਸ.ਡੀ.ਓ. ਨੇ ਚੀਫ ਮਨਿਸਟਰ ਸਾਹਿਬ ਨੂੰ ਘੱਲਿਆ ਹੈ ਕਿ ਤੁਹਾਡਾ ਡਾਇਰੈਕਟਰ, ਮਾਈਨਿੰਗ ਦਾ ਆਫਿਸ ਕਰੋੜ ਰੁਪਿਆ ਲੈ ਰਿਹਾ ਹੈ ਤੇ ਸਾਡੇ ਕੋਲ ਤਾਂ ਬਹੁਤ ਵੱਡੀਆਂ ਰਿਪੋਰਟਸ ਹਨ ਕਿ ਇਹ ਕਿੱਥੇ ਕਿੱਥੇ ਜਾ ਰਿਹਾ ਹੈ। ਕਿਰਪਾ ਕਰਕੇ ਇਹ ਦੱਸਿਆ ਜਾਵੇ ਕਿ ਜਿਹੜਾ ਇਹ ਐਂਟਰੀ ਦਾ ਪਰਚੀ ਟੈਕਸ ਲਗਾਉਣ ਲੱਗੇ ਹੋ, ਇਹ ਪੈਸਾ ਕਿੱਥੇ ਜਾਣਾ ਹੈ, ਇਹ ਕਿਸ ਦੀ ਜੇਬ ਵਿੱਚ ਜਾ ਰਿਹਾ ਹੈ। ਸਰਕਾਰ ਦੀ ਜੇਬ ਵਿੱਚ ਤਾਂ ਆ ਨਹੀਂ ਰਿਹਾ ਅਤੇ ਨਾ ਹੀ ਇਨ੍ਹਾਂ ਨੇ ਇਹ ਆਪਣੇ ਬਜਟ ਵਿੱਚ ਕਿਤੇ ਰਿਫਲੈਕਟ ਕੀਤਾ ਹੈ। Kindly tell us where that money is going. ਗ੍ਰੀਨ ਟ੍ਰਿਬਿਊਨਲ ਇਸ ਤੇ ਆਇਆ, ਹਾਈ ਕੋਰਟਸ ਇਸ ਤੇ ਬੋਲ ਰਹੇ ਹਨ, ਹਰ ਪਾਲੀਟੀਸ਼ਨ ਇਸ ਤੇ ਗੱਲ ਕਰ ਰਿਹਾ ਹੈ। ਕਿਰਪਾ ਕਰਕੇ ਇਸ ਬਾਰੇ ਦੱਸੋ।

**ਮਾਣਯੋਗ ਸਪੀਕਰ**: ਮੰਤਰੀ ਜੀ, ਬਰਿੰਦਰ ਕੁਮਾਰ ਗੋਇਲ ਜੀ, ਜਵਾਬ ਦੇ ਰਹੇ ਹਨ।

**ਖਣਨ ਤੇ ਭੂ ਵਿਗਿਆਨ ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਇਸ ਗੱਲ ਦਾ ਜਵਾਬ ਪਿਛਲੀ 12 ਤਾਰੀਖ ਨੂੰ ਦੱਸਿਆ ਸੀ ਅਤੇ ਮਾਣਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਅਤੇ ਸਾਰੀ ਆਪੋਜ਼ੀਸ਼ਨ ਇੱਥੇ ਨਹੀਂ ਸੀ। ਸੋ, ਮੈਂ ਅੱਜ ਦੁਬਾਰਾ ਸਾਰਾ ਕੁਝ ਦੱਸ ਦਿੰਦਾ ਹਾਂ। ਜਦੋਂ ਵੀ ਗੱਲ ਚਲਦੀ ਹੈ ਤਾਂ ਸਭ ਤੋਂ ਪਹਿਲਾਂ 20 ਹਜ਼ਾਰ ਕਰੋੜ ਰੁਪਏ ਬਾਰੇ ਗੱਲ ਚਲਦੀ ਹੈ ਕਿਉਂਕਿ ਇਸ ਬਾਰੇ ਮਾਣਯੋਗ ਕੇਜਰੀਵਾਲ ਜੀ ਨੇ ਕਿਹਾ ਸੀ। ਲੀਡਰ ਆਫ ਦਿ ਆਪੋਜ਼ੀਸ਼ਨ ਅਤੇ ਸਰਦਾਰ ਪਰਗਟ ਸਿੰਘ ਜੀ ਨੇ ਵੀ ਇਸ ਵੀਹ ਹਜ਼ਾਰ ਕਰੋੜ ਰੁਪਏ ਸਬੰਧੀ ਕਿਹਾ ਹੈ। ਜਦੋਂ ਵੀ ਮਾਈਨਿੰਗ ਦੀ ਗੱਲ ਚਲਦੀ ਹੈ ਤਾਂ ਸਭ ਤੋਂ ਪਹਿਲਾਂ ਇਹ ਸਵਾਲ ਖੜ੍ਹਾ ਹੁੰਦਾ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮਾਣਯੋਗ ਅਰਵਿੰਦ ਕੇਜਰੀਵਾਲ ਜੀ ਜੋ ਗੱਲ ਕਹਿੰਦੇ ਹਨ, ਉਹ ਪੂਰੀ ਸੋਚ ਵਿਚਾਰ ਕੇ ਕਹਿੰਦੇ ਹਨ, ਤੱਥਾਂ ਦੇ ਆਧਾਰ ਤੇ ਕਹਿੰਦੇ ਹਨ। ਦੇਸ਼ ਵਿੱਚ ਸ੍ਰੀ ਅਰਵਿੰਦ ਕੇਜਰੀਵਾਲ ਜੀ ਅਜਿਹੇ ਨੇਤਾ ਹਨ, ਜਿਨ੍ਹਾਂ ਨੇ ਦਿੱਲੀ ਵਿੱਚ ਪੰਜ ਸਾਲ ਸਰਕਾਰ ਚਲਾਉਣ ਤੋਂ ਬਾਅਦ ਲੋਕਾਂ ਵਿੱਚ ਜਾ ਕੇ ਇਹ ਕਿਹਾ ਸੀ ਕਿ ਜੇ ਮੈਂ ਕੰਮ ਕੀਤੇ ਹਨ ਤਾਂ ਮੈਨੂੰ ਵੋਟ ਪਾ ਦਿਉ, ਜੇ ਮੈਂ ਨਹੀਂ ਕੀਤੇ ਤਾਂ ਮੈਨੂੰ ਵੋਟ ਨਾ ਪਾਇਓ। ਜੇ ਉਨ੍ਹਾਂ ਨੇ ਕੁਝ ਕੀਤਾ ਹੈ ਜਾਂ ਕਰਨ ਦਾ ਮਾਦਾ ਰੱਖਦੇ ਹਨ ਜਾਂ ਇਹ ਹਿੰਮਤ ਹੈ ਤਾਂ ਉਨ੍ਹਾਂ ਨੇ ਇਹ ਗੱਲ ਕਹੀ ਸੀ। ਸੋ, ਉਨ੍ਹਾਂ ਨੇ ਪੰਜਾਬ ਵਿੱਚ ਇਹ 20 ਹਜ਼ਾਰ ਕਰੋੜ ਰੁਪਏ ਦੀ ਗੱਲ ਕਹੀ ਸੀ, ਮੇਰੇ ਕੋਲ ਇਹ ਫਿਗਰਾਂ ਅਜੇ ਨਹੀਂ ਹਨ। ਮੈਂ ਪਹਿਲਾਂ ਇਨ੍ਹਾਂ ਦੀਆਂ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਬੈਂਚਿੰਜ਼ ਵੱਲ ਇਸ਼ਾਰਾ) ਦੱਸ ਦਿੰਦਾ ਹਾਂ। ਇਨ੍ਹਾਂ ਦੀ ਸਰਕਾਰ ਦੇ ਪੰਜ ਸਾਲਾਂ ਵਿੱਚ ਮਾਈਨਿੰਗ ਵਾਸਤੇ ਇਨ੍ਹਾਂ ਦਾ ਬਜਟ 120 ਕਰੋੜ ਰੁਪਏ ਤੋਂ ਵੱਧ ਹੋਇਆ ਹੋਵੇ ਤਾਂ ਇਹ ਮੈਨੂੰ ਦੱਸ ਦੇਣ। ਸਾਡੀ ਸਰਕਾਰ ਆਉਣ ਤੇ ਸਾਲ 2022-23 ਵਿੱਚ 234 ਕਰੋੜ ਰੁਪਏ ਦਾ ਬਜਟ ਅਤੇ ਕਰਦੇ ਕਰਦੇ ਹੁਣ ਅਸੀਂ 800 ਕਰੋੜ ਰੁਪਏ ਤੇ ਪਹੁੰਚੇ ਹੋਏ ਹਾਂ ਪਰ ਜਿਹੜੀ ਇਹ 20 ਹਜ਼ਾਰ ਕਰੋੜ ਰੁਪਏ ਦੀ ਗੱਲ ਕਰਦੇ ਹਨ, ਮੈਂ ਉਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਇਹ ਗੱਲ ਸਹੀ ਕਹੀ ਗਈ ਸੀ, ਕਿਵੇਂ ਕਹੀ ਗਈ ਸੀ? ਪੋਟਾਸ਼ ਇੱਕ ਐਸਾ ਮਿਨਰਲ ਹੈ ਜਿਹੜਾ ਪੂਰੇ ਦੇਸ਼ ਵਿੱਚ ਕਿਤੇ ਨਹੀਂ ਮਿਲਦਾ, 95-96% ਪੋਟਾਸ਼ ਇੰਪੋਰਟ ਹੁੰਦਾ ਹੈ। ਭਾਰਤ ਵਿੱਚ ਪੋਟਾਸ਼ ਰਾਜਸਥਾਨ ਵਿੱਚ ਮਿਲੀ ਅਤੇ ਉਸ ਦੇ adjoining ਸਾਡੇ ਪੰਜਾਬ ਵਿੱਚ ਕਬਰਵਾਲਾ ਅਤੇ ਇੱਧਰ ਫਾਜ਼ਿਲਕਾ ਅਤੇ ਮੁਕਤਸਰ ਜ਼ਿਲ੍ਹਿਆਂ ਵਿੱਚ ਪੋਟਾਸ਼ ਮਿਲੀ। ਇਹ ਇਨ੍ਹਾਂ ਦੀ ਸਰਕਾਰ ਵੇਲੇ ਮਿਲੀ ਸੀ ਪਰ ਕੰਮ ਕੋਈ ਨਹੀਂ ਕੀਤਾ। ਕਦੇ ਉਸ ਦੀ exploration ਲਈ ਕਿਤੇ ਨਹੀਂ ਗਏ, ਕਿਸੇ ਨੂੰ ਨਹੀਂ ਕਿਹਾ ਪਰ ਸਾਨੂੰ ਇਸ ਗੱਲ ਦਾ ਪਤਾ ਸੀ। ਸ੍ਰੀ ਅਰਵਿੰਦ ਕੇਜਰੀਵਾਲ ਜੀ ਨੇ ਕਿਹਾ ਸੀ ਕਿ ਜੇ ਪੰਜਾਬ ਵਿੱਚ ਪੋਟਾਸ਼ ਜਿਹਾ ਮਿਨਰਲ ਮਿਲ ਜਾਂਦਾ ਹੈ ਤਾਂ 20 ਹਜ਼ਾਰ ਕਰੋੜ ਰੁਪਏ ਤੋਂ ਅੱਗੇ ਵੀ ਚਲੇ ਜਾਵਾਂਗੇ। ਸਾਡੀ ਸਰਕਾਰ ਬਣਨ ਤੋਂ ਬਾਅਦ ਅਸੀਂ ਉਸ ਤੇ ਕੰਮ ਕੀਤਾ, ਬਕਾਇਦਾ ਜਾ ਕੇ ਮਿਲ ਕੇ ਵੀ ਆਉਂਦੇ ਰਹੇ। ਪਿਛਲੇ ਸਾਲ ਕੋਨਾਰਕ, ਉਡੀਸ਼ਾ ਵਿੱਚ ਮਾਣਯੋਗ ਜੀ. ਕਿਸ਼ਨ ਰੇਡੀ ਜੀ, ਜਿਹੜੇ ਸੈਂਟਰ ਦੇ ਮਾਈਨਿੰਗ ਮਨਿਸਟਰ ਹਨ, ਉਨ੍ਹਾਂ ਨੇ ਸਾਰੇ ਹਿੰਦੁਸਤਾਨ ਦੇ ਮਾਈਨਿੰਗ ਮਨਿਸਟਰਾਂ ਦੀ ਮੀਟਿੰਗ ਬੁਲਾਈ ਸੀ। ਮੈਂ ਉੱਥੇ ਇਹ ਗੱਲ ਰੱਖੀ ਸੀ ਕਿ ਤੁਸੀਂ ਕ੍ਰਿਟੀਕਲ ਮਿਨਰਲ ਦੀ ਗੱਲ ਕਰਦੇ ਹੋ, ਜਿਹੜਾ 95-96% ਇੰਪੋਰਟ ਹੁੰਦਾ ਹੈ ਪਰ ਇਸ ਲਈ ਤੁਸੀਂ ਸਾਡੇ ਇੱਥੇ ਕੰਮ ਨਹੀਂ ਕਰ ਰਹੇ। ਰਾਜਸਥਾਨ ਵਿੱਚ 200 ਜਗ੍ਹਾ ਤੇ ਡਰਿੱਲਿੰਗ ਹੋਈ ਹੈ ਪਰੰਤੂ ਪੰਜਾਬ ਵਿੱਚ ਸਿਰਫ 9 ਜਗ੍ਹਾ ਡਰਿੱਲਿੰਗ ਹੋਈ ਹੈ। ਸਪੀਕਰ ਸਾਹਿਬ, ਮਿਨਰਲਜ਼ ਦੇ ਸਾਰੇ ਅਧਿਕਾਰ ਗੌਰਮਿੰਟ ਆਫ ਇੰਡੀਆ ਕੋਲ ਹਨ। ਜੇ exploration ਕਰਨੀ ਹੈ, ਜੇ ਸਰਵੇ ਕਰਨਾ ਹੈ ਤਾਂ ਇਹ ਸਾਰੇ ਅਧਿਕਾਰ ਗੌਰਮਿੰਟ ਆਫ ਇੰਡੀਆ ਕੋਲ ਹਨ। ਰਾਇਲਟੀ ਸਟੇਟ ਗੌਰਮਿੰਟ ਨੂੰ ਆਵੇਗੀ ਪਰ ਇਹ ਸਾਰਾ ਕੁਝ ਕਰਨ ਦਾ ਅਧਿਕਾਰ ਗੌਰਮਿੰਟ ਆਫ ਇੰਡੀਆ ਨੂੰ ਹੈ। ਉੱਥੇ ਸਾਡੇ ਨਾਲ ਵਿਤਕਰਾ ਹੋਇਆ। ਜਦੋਂ ਮੈਂ ਆਪਣੀ ਗੱਲ ਰੱਖੀ ਤਾਂ ਮੰਤਰੀ ਸਾਹਿਬ ਨੇ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਕਿ ਤੁਸੀਂ ਉੱਥੇ ਜਾਓ ਅਤੇ ਦੇਖੋ ਪਰ ਸਪੀਕਰ ਸਾਹਿਬ, ਹੋਇਆ ਕੁਝ ਨਹੀਂ। ਉਸ ਤੋਂ ਬਾਅਦ ਮੈਂ ਦਿੱਲੀ ਗਿਆ ਅਤੇ ਉੱਥੇ ਮਾਈਨਿੰਗ ਮਨਿਸਟਰ, ਸ੍ਰੀ

ਜੇ. ਕਿਸ਼ਨ ਰੇਡੀ ਜੀ ਨੂੰ ਮਿਲਿਆ ਤਾਂ ਉਨ੍ਹਾਂ ਨੇ ਫਿਰ ਹਦਾਇਤ ਕੀਤੀ ਪਰ ਫਿਰ ਕੋਈ ਰਿਜ਼ਲਟ ਨਹੀਂ ਹੋਇਆ। (ਵਿਘਨ...) ਹੁਣ ਗੱਲ ਤਾਂ ਪੂਰੀ ਕਰ ਲੈਣ ਦਿਉ। ਜਿਹੜਾ ਕੁਝ ਹੈ, ਦੱਸ ਲੈਣ ਦਿਉ। (ਵਿਘਨ...) ਫੇਰ ਤੁਸੀਂ ਦੱਸ ਦਿਉ।

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕਰੋ ਜੀ।

**ਖਣਨ ਤੇ ਭੂ ਵਿਗਿਆਨ ਮੰਤਰੀ:** ਮੇਰੇ ਕੋਲ ਬਕਾਇਦਾ ਸਾਰੇ ਲੈਟਰ ਹਨ, ਜਿਹੜੇ ਅਸੀਂ ਉਨ੍ਹਾਂ ਨੂੰ ਲਿਖਦੇ ਰਹੇ ਹਾਂ। ਸਪੀਕਰ ਸਾਹਿਬ, ਹੁਣ 10 ਜਨਵਰੀ ਨੂੰ ਅਸੀਂ ਗਾਂਧੀ ਨਗਰ ਗੁਜਰਾਤ ਵਿਖੇ ਮੀਟਿੰਗ ਵਿੱਚ ਗਏ ਸੀ। ਮੇਰੇ ਨਾਲ ਸਾਡੇ ਅਧਿਕਾਰੀ ਜਸਪ੍ਰੀਤ ਤਲਵਾੜ ਜੀ, ਇਹ ਸਾਰੇ ਗਏ ਸੀ। ਜਦੋਂ ਅਸੀਂ 10 ਤਾਰੀਖ ਨੂੰ ਹੋਟਲ ਵਿੱਚੋਂ ਚੱਲੇ ਤਾਂ ਕੇਂਦਰੀ ਵਜ਼ੀਰ, ਸ਼੍ਰੀ ਜੀ. ਕਿਸ਼ਨ ਰੈਡੀ ਜੀ ਵੀ ਹੋਟਲ ਵਿੱਚੋਂ ਨਿਕਲ ਰਹੇ ਸਨ। ਉਨ੍ਹਾਂ ਨੇ ਮੈਨੂੰ ਕਿਹਾ ਕਿ ਗੋਇਲ ਸਾਹਿਬ ਤੁਸੀਂ ਮੇਰੇ ਨਾਲ ਹੀ ਬੈਠ ਜਾਓ। ਅਸੀਂ ਇਕੱਠੇ ਬੈਠ ਗਏ। ਮੈਂ ਉਨ੍ਹਾਂ ਨਾਲ ਰਸਤੇ ਵਿੱਚ ਗੱਲ ਕੀਤੀ ਕਿ ਇਨ੍ਹਾਂ ਮੀਟਿੰਗਾਂ ਦਾ ਫਾਇਦਾ ਕੀ ਹੈ? ਇਹ ਮੀਟਿੰਗਾਂ ਕਿਸ ਲਈ ਕੀਤੀਆਂ ਜਾ ਰਹੀਆਂ ਹਨ? ਇਹ ਮੀਟਿੰਗਾਂ ਸਿਰਫ ਤੇ ਸਿਰਫ ਇਸ ਲਈ ਕੀਤੀਆਂ ਜਾ ਰਹੀਆਂ ਹਨ ਕਿ ਅਸੀਂ ਮੀਟਿੰਗ ਬੁਲਾ ਲਈ ਹੈ ਅਤੇ ਇੰਨੇ ਮੰਤਰੀ ਇਕੱਠੇ ਹੋ ਗਏ ਹਨ। ਇੱਥੇ ਦੋ ਦਿਨ ਰੁਕੇ ਅਤੇ ਇੱਧਰ-ਉੱਧਰ ਦੇਖ ਕੇ ਚਲੇ ਗਏ। ਮੈਂ ਕਿਹਾ ਕਿ ਇਸ ਉੱਤੇ ਅਮਲ ਤਾਂ ਕੋਈ ਨਹੀਂ ਹੁੰਦਾ। ਮੰਤਰੀ ਸਾਹਿਬ, ਮੈਂ ਤੁਹਾਨੂੰ ਉਡੀਸ਼ਾ ਵਿੱਚ ਕਿਹਾ ਸੀ ਅਤੇ ਉਸ ਤੋਂ ਬਾਅਦ ਫਿਰ ਦਿੱਲੀ ਵਿਖੇ ਵੀ ਆ ਕੇ ਕਿਹਾ ਸੀ, ਸਾਡੇ ਅਧਿਕਾਰੀ ਅਲੱਗ ਜਾਂਦੇ ਰਹੇ ਹਨ। ਜੇਕਰ ਕੋਈ ਕਾਰਵਾਈ ਹੀ ਨਹੀਂ ਕਰਨੀ ਹੈ ਤਾਂ ਮੇਰਾ ਖਿਆਲ ਹੈ ਕਿ ਇਨ੍ਹਾਂ ਮੀਟਿੰਗਾਂ ਨੂੰ ਕਰਨ ਦਾ ਕੋਈ ਫਾਇਦਾ ਨਹੀਂ ਹੈ। ਇਹ ਤਾਂ ਸਿਰਫ ਤੇ ਸਿਰਫ ਟਾਈਮ ਖਰਾਬ ਕਰਨਾ ਹੀ ਹੈ। ਸਪੀਕਰ ਸਾਹਿਬ, ਅਸੀਂ ਵੈਨਿਯੂ ਤੇ ਪਹੁੰਚ ਗਏ। ਜਦੋਂ ਅਸੀਂ ਜਾ ਕੇ ਬੈਠੇ ਤਾਂ ਜੀ. ਕਿਸ਼ਨ ਰੈਡੀ ਜੀ ਨੇ ਆਪਣੇ ਦੋਨੋਂ ਸੈਕੇਟਰੀ ਮੇਰੇ ਸਾਹਮਣੇ ਖੜ੍ਹੇ ਕਰ ਦਿੱਤੇ। ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਮੈਂ ਉਨ੍ਹਾਂ ਨੂੰ ਕਿਹਾ ਕਿ ਪੰਜਾਬ ਵਿੱਚ ਪੋਟਾਸ਼ ਦਾ ਮਿਨਰਲ ਮਿਲਿਆ ਹੈ, ਇਸ ਤੇ ਕੰਮ ਕਿਉਂ ਨਹੀਂ ਹੋ ਰਿਹਾ? ਉਨ੍ਹਾਂ ਸੈਕ੍ਰੇਟਰੀਜ਼ ਨੇ ਕਿਹਾ ਕਿ हम देख लेगें। हम देख रहें हैं क्योंकि हम तीन–चार डरिल और करेंगे। **ਸੈਕ੍ਰੇਟਰੀਜ਼ ਕੇਂਦਰੀ ਵਜ਼ੀਰ ਨੂੰ ਸੰਬੋਧਨ ਕਰ ਰਹੇ ਸਨ।** ਕੇਂਦਰੀ ਵਜ਼ੀਰ ਨੇ ਕਿਹਾ ਕਿ मेरे तरफ मत देखो, स्वाल गोयल साहिब कर रहें है इन को जवाब दो। ਮੈਂ ਉਨ੍ਹਾਂ ਨੂੰ ਕਿਹਾ ਕਿ ਜੇਕਰ ਆਪਾਂ ਤਿੰਨ-ਚਾਰ ਡਰਿੱਲਾਂ ਹੋਰ ਕਰਾਂਗੇ ਤਾਂ ਫਿਰ ਚਾਲੀ ਸਾਲ ਤਾਂ ਡਰਿੱਲਾਂ ਕਰਦੇ ਹੀ ਨਿਕਲ ਜਾਣਗੇ। ਤੁਸੀਂ ਰਾਜਸਥਾਨ ਵਿਖੇ 200 ਜਗ੍ਹਾ ਡਰਿੱਲ ਕਰ ਲਈ ਹੈ ਅਤੇ ਸਾਡੇ 9 ਜਗ੍ਹਾ ਡਰਿੱਲ ਹੋਈ ਹੈ। ਫਿਰ ਤਾਂ ਡਰਿੱਲਾਂ ਹੀ ਹੋਈ ਜਾਣਗੀਆਂ। ਫਿਰ ਇਹ ਨਿਕਲੇਗਾ ਕਦੋ? ਫੇਰ ਕੇਂਦਰੀ ਮੰਤਰੀ, ਸ਼੍ਰੀ ਜੀ.ਕਿਸ਼ਨ ਰੈਡੀ ਜੀ ਨੇ ਉਨ੍ਹਾਂ ਨੂੰ ਹਦਾਇਤ ਕੀਤੀ ਕਿ ਸਭ ਤੋਂ ਪਹਿਲਾਂ ਇਸ ਤੇ ਕੰਮ ਕਰੋ। ਸੋ, ਸਪੀਕਰ ਸਾਹਿਬ, ਅਸੀਂ 11 ਜਨਵਰੀ ਨੂੰ ਉਥੋਂ ਆਏ ਹਾਂ। 14 ਤਾਰੀਖ ਨੂੰ Director, Geological Survey of India, ਜੋ ਹਰਿਆਣਾ, ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਦਾ ਕੰਮ ਦੇਖਦੇ ਹਨ, ਮੈਨੂੰ ਮੇਰੇ ਦਫਤਰ ਵਾਲਿਆਂ ਨੇ ਦੱਸਿਆ ਕਿ ਉਹ ਮਿਲਣ ਲਈ ਟਾਈਮ ਮੰਗ ਰਹੇ ਹਨ। ਉਨ੍ਹਾਂ ਦੀ ਪੂਰੀ ਟੀਮ ਸਾਡੇ ਕੋਲ ਆਈ ਅਤੇ ਸਾਡੇ ਅਧਿਕਾਰੀ ਵੀ ਨਾਲ ਬੈਠੇ। ਉਨ੍ਹਾਂ ਨੇ ਸਾਰੀ ਰਿਪੋਰਟ ਦਿੱਤੀ। ਮੇਰੇ ਕਹਿਣ ਦਾ ਭਾਵ ਹੈ ਕਿ ਹੁਣ ਅਮਲ ਹੋਇਆ ਹੈ ਅਤੇ ਮੈਂ ਕੇਂਦਰੀ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਸ ਤੇ ਉਨ੍ਹਾਂ ਨੇ ਅਮਲ ਕੀਤਾ। ਜਦੋਂ ਅਧਿਕਾਰੀ ਆਏ ਸਨ ਤਾਂ ਉਨ੍ਹਾਂ ਨੇ ਇੱਕ ਹੋਰ ਡਰਿੱਲ ਬਾਰੇ ਵੀ ਦੱਸਿਆ ਸੀ ਅਤੇ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਜੋ ਪੋਟਾਸ਼ ਮਿਲੀ ਹੈ, ਕੀ ਤੁਸੀਂ satisfy ਹੋ? ਉਹ ਬਕਾਇਦਾ ਮੇਰੇ ਕੋਲ ਸੈਂਪਲ ਲੈ ਕੇ ਆਏ ਸਨ। ਮੈਂ ਸੈਂਪਲ ਨਾਲ ਲੈ ਕੇ ਆਇਆ ਸੀ ਪਰੰਤੂ ਹਾਊਸ ਵਿੱਚ ਨਾਲ ਲੈ ਕੇ

ਨਹੀਂ ਆ ਸਕਦੇ, ਇਸ ਲਈ ਬਾਹਰ ਹੀ ਰੱਖ ਆਇਆ ਸੀ। ਮੈਂ ਹਾਊਸ ਵਿੱਚ ਦਿਖਾਉਣਾ ਚਾਹੁੰਦਾ ਸੀ। ਉਨ੍ਹਾਂ ਨੇ ਕਿਹਾ ਕਿ ਇਹ ਬਿਲਕੁਲ satisfactory ਹੈ ਕਿਉਂਕਿ ਜਿਸ ਪ੍ਰਕਾਰ ਦਾ ਪੋਟਾਸ਼ ਚਾਹੀਦਾ ਸੀ, ਉਹ ਮਿਲ ਰਹੀ ਹੈ। ਉਸ ਤੋਂ ਬਾਅਦ, 45 ਕਿਲੋਮੀਟਰ ਏਰੀਏ ਦੀ ਡਰਿੱਲਿੰਗ ਵਾਸਤੇ 19 ਕਰੋੜ ਰੁਪਿਆ ਮਨਜ਼ੂਰ ਕੀਤਾ ਗਿਆ ਹੈ। ਹੁਣ 450 ਕਿਲੋਮੀਟਰ ਧਰਤੀ ਤੋਂ ਨੀਚੇ ਡਰਿਲਿੰਗ ਚੱਲੇਗੀ। ਅਸੀਂ ਸਾਰਾ ਕੁਝ ਸਟੱਡੀ ਕਰ ਰਹੇ ਹਾਂ। ਮੈਂ ਦੋ ਵਾਰ ਉਥੇ ਵਿਜ਼ਟ ਵੀ ਕਰ ਆਇਆ ਹਾਂ। ਸਰ, ਕੰਮ ਚੱਲ ਰਿਹਾ ਹੈ। ਜੇ ਸੈਂਟਰ ਗੌਰਮਿੰਟ, ਸੈਂਟਰ ਦੀ ਸਰਕਾਰ ਮੋਦੀ ਸਰਕਾਰ ਸਹਿਯੋਗ ਕਰੇ ਤਾਂ ਜਿਹੜੀ ਕੇਜਰੀਵਾਲ ਸਾਹਿਬ ਨੇ 20 ਹਜ਼ਾਰ ਕਰੋੜ ਰੁਪਏ ਦੀ ਗੱਲ ਕਹੀ ਸੀ, ਉਹ ਬੜੀ ਸੋਚ-ਸਮਝ ਕੇ ਕਹੀ ਸੀ, ਅਸੀਂ ਇਸ ਤੋਂ ਅੱਗੇ ਚਲੇ ਜਾਵਾਂਗੇ, ਇਸ ਤੋਂ ਪਿੱਛੇ ਨਹੀਂ ਰਹਿੰਦੇ। (ਥੰਪਿੰਗ) ਹੁਣ ਅਸੀਂ ਫਿਰ ਉਨ੍ਹਾਂ ਨੂੰ ਬੇਨਤੀ ਕੀਤੀ ਹੈ ਔਰ ਮੈਨੂੰ ਉਮੀਦ ਹੈ ਕਿਉਂਕਿ ਆਸ ਉੱਤੇ ਹੀ ਸਭ ਕੁਝ ਟਿਕਿਆ ਹੋਇਆ ਹੈ। ਆਪ ਤਾਂ ਇਨ੍ਹਾਂ ਨੇ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਕੁਝ ਨਹੀਂ ਕੀਤਾ, ਮੇਰੇ ਕੋਲ ਸਾਰਾ ਰਿਕਾਰਡ ਹੈ। ਕੋਈ ਇਨ੍ਹਾਂ ਦਾ ਅਫਸਰ ਉਥੇ ਗਿਆ ਹੋਵੇ ਜਾਂ ਤੁਹਾਡਾ ਕੋਈ ਮੰਤਰੀ ਉਥੇ ਗਿਆ ਹੋਵੇ ਅਤੇ ਤੁਸੀਂ ਕਦੇ ਆਵਾਜ਼ ਉਠਾਈ ਹੋਵੇ ਕਿ ਪੋਟਾਸ਼ ਨਿਕਲੀ ਹੈ। ਮਾਈਨਿੰਗ ਦੇ ਪੈਸੇ ਤੁਸੀਂ ਇਕੱਠੇ ਕੀਤੇ ਹਨ। ਤੁਸੀਂ ਤਾਂ ਇੱਕ ਗੱਲ ਕਹਿਣੀ ਜਾਣਦੇ ਹੋ ਕਿ ਮਾਈਨਿੰਗ ਹੋ ਰਹੀ ਹੈ। ਜਿੱਥੇ ਕਿਤੇ ਪੂਰੇ ਪੰਜਾਬ ਵਿੱਚ ਕੋਈ ਮਸ਼ੀਨ ਲੱਗੀ ਨਜ਼ਰ ਆਉਂਦੀ ਹੈ ਤਾਂ ਇਹ ਕਹਿੰਦੇ ਹਨ ਕਿ ਇਹ ਤਾਂ ਮਾਈਨਿੰਗ ਹੋ ਰਹੀ ਹੈ। ਇਹ ਵੱਡੀਆਂ ਗੱਡੀਆਂ ਵਿੱਚ ਆਉਂਦੇ ਹਨ। ਜਦੋਂ ਇੱਧਰ ਝਾਕਦੇ ਹਨ ਤਾਂ ਮਸ਼ੀਨਾਂ ਲੱਗੀਆਂ ਨਜ਼ਰ ਆਉਂਦੀਆਂ ਹਨ। ਕਿਉਂ ਲੱਗੀਆਂ ਹਨ? ਕਿਉਂਕਿ ਸਾਰੇ ਦਰਿਆਵਾਂ ਤੇ ਕੰਮ ਚੱਲ ਰਿਹਾ ਹੈ। ਸਪੀਕਰ ਸਾਹਿਬ, ਅੱਜ ਸਾਰੀ ਜਗ੍ਹਾ ਕੰਮ ਚੱਲ ਰਿਹਾ ਹੈ। ਮਾਣਯੋਗ ਪ੍ਰਧਾਨ ਮੰਤਰੀ ਜੀ ਨੇ ਕਹਿ ਦਿੱਤਾ ਕਿ ਨੈਸ਼ਨਲ ਹਾਈਵੇਅ ਇੱਥੇ ਇਸ ਲਈ ਨਹੀਂ ਬਣ ਰਹੇ ਹਨ ਕਿਉਂਕਿ ਇੱਥੇ ਮਿੱਟੀ ਨਹੀਂ ਹੈ। ਅਸੀਂ 10 ਦਿਨਾਂ ਦੇ ਵਿੱਚ ਵਿੱਚ ਰੋਪੜ-ਲੁਧਿਆਣਾ ਹਾਈਵੇਅ ਲਈ 3 ਰੁਪਏ ਪਰ ਕਿਊਬਿਕ ਫੁੱਟ ਮਿੱਟੀ ਦਿੱਤੀ ਹੈ। ਜਿਹੜੀ ਮਿੱਟੀ 6 ਰੁਪਏ ਪਰ ਕਿਊਬਿਕ ਫੁੱਟ ਵਿਕ ਰਹੀ ਹੈ ਕਿਉਂਕਿ ਨੈਸ਼ਨਲ ਹਾਈਵੇਅ ਜ਼ਰੂਰੀ ਹਨ। ਇਸ ਲਈ in the interest of public, in the interest of Punjab, in the interest of industries, ਅਸੀਂ ਸਾਢੇ ਚਾਰ ਕਰੋੜ ਕਿਊਬਿਕ ਮੀਟਰ ਮਿੱਟੀ 3 ਰੁਪਏ ਪਰ ਕਿਊਬਿਕ ਫੁੱਟ ਦਿੱਤੀ ਹੈ। ਅੱਜ ਉੱਥੇ ਸਾਰੇ ਪਾਸੇ ਮਸ਼ੀਨਾਂ ਚੱਲ ਰਹੀਆਂ ਹਨ। ਉਹ ਤਾਂ ਚੱਲਣੀਆਂ ਹੀ ਹਨ ਕਿਉਂਕਿ ਜਦੋਂ ਸਾਢੇ ਚਾਰ ਕਰੋੜ ਕਿਊਬਿਕ ਮੀਟਰ ਮਿੱਟੀ ਪਾਉਣੀ ਹੈ ਤਾਂ ਉੱਥੇ ਤਾਂ ਮਸ਼ੀਨਾਂ ਚੱਲਣੀਆਂ ਹੀ ਹਨ। ਅਸੀਂ ਨੈਸ਼ਨਲ ਹਾਈਵੇਅ ਨੂੰ ਹੋਰ ਵੀ ਕਿਹਾ ਹੈ ਕਿ ਜਿੰਨੀ ਵੀ ਤੁਹਾਨੂੰ ਮਿੱਟੀ ਚਾਹੀਦੀ ਹੈ ਉਹ 3 ਰੁਪਏ ਪਰ ਕਿਊਬਿਕ ਫੁੱਟ ਤੇ ਦਿੱਤੀ ਜਾਵੇਗੀ।

ਮੈਂ ਬੇਨਤੀ ਕਰਦਾ ਹਾਂ ਕਿ ਅੱਜ ਦਰਿਆਵਾਂ ਦੀ ਸਫਾਈ ਸਭ ਤੋਂ ਵੱਧ ਜ਼ਰੂਰੀ ਹੈ। ਜਦੋਂ ਬਰਸਾਤਾਂ ਹੋਣਗੀਆਂ ਤਾਂ ਸਾਰਾ ਪਾਣੀ ਉੱਥੇ ਹੀ ਜਾਣਾ ਹੈ ਕਿਉਂਕਿ ਜੇਕਰ ਅੱਗੇ ਸਿਲਟ ਪਈ ਹੈ ਤਾਂ ਪਾਣੀ ਨੇ ਆਪਣਾ ਰਸਤਾ ਬਦਲ ਲੈਣਾ ਹੈ, ਰਸਤੇ ਬਦਲਣ ਕਰਕੇ ਉਸ ਨੇ ਖੇਤਾਂ ਨੂੰ ਢਾਅ ਲਗਾਉਣੀ ਹੈ। ਮੈਂ ਅੱਜ ਪੰਜਾਬ ਦੀ ਸਥਿਤੀ ਦੱਸਣਾ ਚਾਹੁੰਦਾ ਹਾਂ ਕਿ ਐਨ.ਜੀ.ਟੀ. ਨੇ ਸਾਨੂੰ ਬਿਨਾ ਸੁਣੇ ਹੀ ਰਾਵੀ ਤੇ ਸਤਲੁਜ ਦਰਿਆ ਦੀ ਡੀਸਿਲਟਿੰਗ ਤੇ ਰੋਕ ਲਗਾ ਦਿੱਤੀ ਹੈ। ਕਦੇ ਐਨ.ਜੀ.ਟੀ. ਇਸ ਤਰ੍ਹਾਂ ਵੀ ਕਰਦਾ ਹੈ ਕਿ ਪੂਰੀ ਸਟੇਟ ਨੂੰ ਬਿਨਾ ਸੁਣੇ ਹੀ ਕੰਮ ਰੋਕ ਦੇਣ? ਜਿਸ ਦਿਨ ਤੋਂ ਰੋਕ ਲੱਗੀ ਹੈ, ਉਸੇ ਦਿਨ ਤੋਂ ਸਾਡੇ ਸਾਰੇ ਅਧਿਕਾਰੀ ਸੁਪਰੀਮ ਕੋਰਟ ਤੁਰੇ ਫਿਰਦੇ ਹਨ। ਉੱਥੇ ਕੋਈ ਵੀ ਸੁਣਵਾਈ ਨਹੀਂ ਹੁੰਦੀ। ਹੁਣ ਸੁਪਰੀਮ ਕੋਰਟ ਨੇ ਐਨ.ਜੀ.ਟੀ. ਨੂੰ ਡਾਇਰੈਕਸ਼ਨ ਕਰ ਦਿੱਤੀ ਹੈ ਕਿ 7 ਦਿਨਾਂ ਦੇ ਅੰਦਰ ਅੰਦਰ ਕਰ ਲਵੋ। ਮੈਂ ਤੁਹਾਡੇ ਮਾਧਿਅਮ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਨੂੰ ਬਚਾਉਣਾ ਜ਼ਰੂਰੀ ਨਹੀਂ ਹੈ? ਕੀ ਪੰਜਾਬ

ਫਿਰ ਉਸੇ ਹਾਲਾਤਾਂ ਵਿੱਚ ਆ ਜਾਵੇ ਜਿਹੜੇ ਹਾਲਾਤਾਂ ਵਿੱਚ ਸਾਲ 2025 ਦੇ ਹੜ੍ਹਾਂ ਵੇਲੇ ਸੀ। ਇਨ੍ਹਾਂ ਨੇ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਬੈਂਚਿਜ਼ ਵੱਲ ਇਸ਼ਾਰਾ) ਵਾਟਰ ਰਿਸੋਰਸਿਜ਼ ਡਿਪਾਰਟਮੈਂਟ ਨੂੰ ਪੁੱਛੇ ਬਿਨਾਂ ਅਤੇ ਉਨ੍ਹਾਂ ਦੀ ਰਾਏ ਲਏ ਬਿਨਾਂ ਲਿਖ ਕੇ ਦੇ ਦਿੱਤਾ ਕਿ ਬਿਆਸ ਦਰਿਆ ਨੂੰ ਰਾਮਸਰ ਸਾਈਟ ਡਿਕਲੇਅਰ ਕਰ ਦਿਓ। ਉੱਥੇ ਰਾਮਸਰ ਸਾਈਟ ਡਿਕਲੇਅਰ ਕਰਨ ਦੀ ਕੀ ਲੋੜ ਸੀ? ਤਲਵਾੜੇ ਤੋਂ ਲੈ ਕੇ ਹਰੀਕੇ ਪੱਤਣ ਤੱਕ ਸਾਰੇ ਦਾ ਸਾਰਾ ਰਾਮਸਰ ਸਾਈਟ ਡਿਕਲੇਅਰ ਕਰਵਾ ਦਿੱਤਾ ਹੈ। ਅੱਜ ਅਸੀਂ ਉੱਥੋਂ ਇੱਕ ਚਮਚਾ ਵੀ ਰੇਤ ਦਾ ਨਹੀਂ ਚੁੱਕ ਸਕਦੇ, ਜਿਸ ਕਾਰਨ ਹੁਣ ਸਾਰੇ ਪਾਸੇ ਹੀ ਹੜ੍ਹ ਆਉਣਗੇ ਕਿਉਂਕਿ ਸਾਰੇ ਪਾਸੇ ਸਿਲਟਾਂ ਦੇ ਢੇਰ ਲੱਗੇ ਪਏ ਹਨ। ਅਸੀਂ ਉਸ ਦੇ ਲਈ ਤੁਰੇ ਫਿਰਦੇ ਹਾਂ। ਉਸ ਵਿੱਚ ਇੰਨੀਆਂ ਕੰਪਲੀਕੇਸ਼ਨਜ਼ ਹਨ ਕਿ ਜੇਕਰ ਉਸ ਨੂੰ ਰਾਮਸਰ ਸਾਈਟ ਤੋਂ ਅਲੱਗ ਵੀ ਕਰ ਦੇਈਏ ਤਾਂ ਵੀ ਇਹ ਪਾਸੀਬਲ ਨਹੀਂ ਹੈ। ਜੇਕਰ ਅਸੀਂ ਉਸ ਵਿੱਚ ਡੀਸਿਲਟਿੰਗ ਕਰਨੀ ਹੈ ਤਾਂ ਇਸ ਦੇ ਲਈ ਬਹੁਤ ਲੰਬੇ ਪ੍ਰੋਸੀਜ਼ਰ ਹਨ। ਇੱਥੋਂ ਤੱਕ ਕਿ ਕੰਸਲਟੈਂਟ ਵੀ ਗੌਰਮਿੰਟ ਆਫ ਇੰਡੀਆ ਤੈਅ ਕਰਦੀ ਹੈ ਕਿ ਤੁਸੀਂ ਇਸ ਦੀ ਰਿਪੋਰਟ ਲੈ ਕੇ ਸਾਨੂੰ ਸਬਮਿਟ ਕਰੋ। ਇਸ ਤੋਂ ਇਲਾਵਾ ਮਿਟੀਗੇਸ਼ਨ ਪਲਾਨ ਬਣਨੇ ਹਨ, ਫਾਰੈਸਟ ਵਾਲਿਆਂ ਦੀ ਦਿੱਕਤ ਹੈ। ਮੈਂ ਇਹ ਗੱਲ ਵੀ ਦੱਸਣੀ ਚਾਹੁੰਦਾ ਹਾਂ ਕਿ ਇਸ ਤੋਂ ਕਈ ਸਟੇਟਸ ਵੀ ਇਫੈਕਟਡ ਹਨ। ਮਾਈਨਿੰਗ ਮਨਿਸਟਰਜ਼ ਦੀ ਮੀਟਿੰਗ ਵਿੱਚ ਲੋਕਾਂ ਨੇ ਸ਼ਿਕਾਇਤ ਕੀਤੀ ਸੀ ਕਿ ਕੰਮ ਵਿੱਚ ਦਖਲ ਦੇਣ ਲਈ ਕਿਤੇ ਐਨ.ਜੀ.ਟੀ. ਆ ਜਾਂਦੀ ਹੈ ਅਤੇ ਕਿਤੇ ਇਨਵਾਇਰਨਮੈਂਟ ਮਨਿਸਟਰੀ ਆ ਜਾਂਦੀ ਹੈ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਸੀ ਕਿ ਸਾਰੇ ਇੱਕ ਸਮੇਂ ਹੀ ਇਕੱਠੇ ਆ ਜਾਣ। ਇਨਵਾਇਰਨਮੈਂਟ ਮਨਿਸਟਰੀ ਅਤੇ ਐਨ.ਜੀ.ਟੀ. ਇਕੱਠੇ ਹੋ ਕੇ ਸਾਨੂੰ ਦੱਸ ਦੇਣ ਕਿ ਕੀ ਕਰਨਾ ਹੈ। ਮੈਂ ਮੰਨ ਕੇ ਚੱਲਦਾ ਹਾਂ ਕਿ ਅੱਜ ਦੇ ਸਮੇਂ ਵਿੱਚ ਇਨਵਾਇਰਨਮੈਂਟ, ਵਾਤਾਵਰਣ ਜ਼ਰੂਰੀ ਹੈ ਪਰ ਜੇਕਰ ਲੋਕ ਹੀ ਨਾ ਰਹੇ ਤਾਂ ਵਾਤਾਵਰਣ ਕੀ ਕਰੇਗਾ? ਹਾਲਾਤ ਹੀ ਅਜਿਹੇ ਬਣੇ ਹੋਏ ਹਨ। ਅਸੀਂ ਇਹ ਗੱਲ ਮੰਨ ਲਈ ਕਿ ਵਾਤਾਵਰਣ ਬਚਾਉਣਾ ਜ਼ਰੂਰੀ ਹੈ ਪਰ ਜਿਹੜੇ ਹਾਲਾਤ ਬਣੇ ਹੋਏ ਹਨ, ਅਸੀਂ ਰੋਜ਼ ਮੀਟਿੰਗਾਂ ਕਰਦੇ ਹਾਂ ਕਿ ਜੋ ਦਰਿਆਵਾਂ ਦੀ ਸਥਿਤੀ ਬਣੀ ਹੋਈ ਹੈ, 180 ਦੇ ਕਰੀਬ ਸਾਈਟਾਂ ਅਤੇ ਪੁਆਇੰਟਸ ਹਨ, ਜਿੱਥੇ ਹੜ੍ਹਾਂ ਦਾ ਖਤਰਾ ਸੀ। ਜਿਸ ਦਿਨ ਤੋਂ ਹੜ੍ਹ ਆਏ ਹਨ, ਉਸੇ ਦਿਨ ਤੋਂ ਸਾਡੇ ਤਿੰਨੇ ਦਰਿਆ ਅਤੇ ਚੌਥਾ ਘੱਗਰ ਦਰਿਆ ਲਈ ਦੋ-ਦੋ ਐਸ.ਈਜ਼ ਦੀ ਕਮੇਟੀ ਬਣਾਈ ਗਈ ਹੈ। ਜਿੱਥੇ ਜਿੱਥੇ ਹੜ੍ਹਾਂ ਤੋਂ ਇਫੈਕਟ ਹੋਇਆ ਸੀ, ਸਾਰਿਆਂ ਨੇ ਜਾ ਕੇ ਸਾਈਟਾਂ ਤੇ ਚੈਕਿੰਗ ਕੀਤੀ ਹੈ। ਅੱਜ 500 ਕਰੋੜ ਰੁਪਏ ਦੀ ਲਾਗਤ ਨਾਲ ਹੁਣ ਉੱਥੇ ਕੰਮ ਚੱਲ ਰਿਹਾ ਹੈ ਅਤੇ ਉੱਥੇ ਵੀ ਮਸ਼ੀਨਾਂ ਚੱਲ ਰਹੀਆਂ ਹਨ, revetment ਬਣ ਰਹੇ ਹਨ, ਸਪੱਰ ਬਣ ਰਹੇ ਹਨ। ਮੇਰੀ ਇਹੀ ਬੇਨਤੀ ਹੈ ਕਿ ਇਨ੍ਹਾਂ ਨੂੰ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਬੈਂਚਿਜ਼ ਵੱਲ ਇਸ਼ਾਰਾ) ਮਾਈਨਿੰਗ ਅਤੇ ਡੀਸਿਲਟਿੰਗ ਦੇ ਫਰਕ ਦਾ ਪਤਾ ਨਹੀਂ ਹੈ।

ਇੱਥੇ ਜਿਹੜੀ ਗੱਲ ਕੀਤੀ ਗਈ ਹੈ ਕਿ ਇਸ ਦੀ ਸ਼ਿਕਾਇਤ ਹੋਈ ਹੈ, ਮੈਂ ਇਸ ਬਾਰੇ ਵੀ ਦੱਸਣਾ ਚਾਹੁੰਦਾ ਹਾਂ ਕਿ ਸ਼ਿਕਾਇਤ ਹੋਈ ਹੈ ਅਤੇ ਉਹ ਸ਼ਿਕਾਇਤ ਸਾਡੇ ਕੋਲ ਆਈ ਹੈ। ਅਸੀਂ ਇਸ ਦੀ ਇਨਕੁਆਰੀ ਕਰਵਾ ਰਹੇ ਹਾਂ ਅਤੇ ਜਿਹੜਾ ਕੋਈ ਦੋਸ਼ੀ ਹੋਇਆ, ਉਸ ਖਿਲਾਫ ਅਸੀਂ ਸਖਤ ਕਾਰਵਾਈ ਕਰਾਂਗੇ। ਮੈਂ ਇਹ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਬਾਕੀ ਇਲਲੀਗਲ ਮਾਈਨਿੰਗ ਬਾਰੇ ਜਿੱਥੇ ਕਿਤੇ ਵੀ ਸ਼ਿਕਾਇਤ ਮਿਲਦੀ ਹੈ, ਉਸ ਤੇ ਕਾਰਵਾਈ ਕੀਤੀ ਹੈ। ਸਾਡੇ ਵੱਲੋਂ 1565 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ, 1655 ਚਲਾਨ ਕੀਤੇ ਹਨ। ਜਿੱਥੇ ਕਿਤੇ ਸਾਨੂੰ ਇਸ ਤਰ੍ਹਾਂ ਦੀਆਂ ਰਿਪੋਰਟਾਂ ਮਿਲਦੀਆਂ ਹਨ, ਅਸੀਂ ਕਾਰਵਾਈ ਕਰ ਰਹੇ ਹਾਂ। ਮੈਂ ਇਹ ਬੇਨਤੀ ਕਰਦਾ ਹਾਂ ਕਿ 20,000 ਕਰੋੜ ਰੁਪਏ ਬਾਰੇ ਜੋ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਨੇ ਕਿਹਾ ਸੀ, ਬਿਲਕੁਲ ਸਹੀ ਕਿਹਾ ਸੀ, ਸੋਚ-ਸਮਝ ਕੇ ਕਿਹਾ ਸੀ ਪਰ ਕੇਂਦਰ ਸਰਕਾਰ ਦਾ ਸਹਿਯੋਗ ਨਾ ਮਿਲਣ ਕਰਕੇ ਅਸੀਂ ਇਸ ਗੱਲ ਤੋਂ ਪਿੱਛੇ

ਹਾਂ। ਜਦੋਂ ਇਹ ਮਸਲਾ ਹੱਲ ਹੋ ਗਿਆ ਤਾਂ 20,000 ਕਰੋੜ ਰੁਪਿਆ ਪੰਜਾਬ ਸਰਕਾਰ ਦੇ ਖਜ਼ਾਨੇ ਵਿੱਚ ਆਵੇਗਾ। ਮੈਂ ਇਸ ਚੀਜ਼ ਦਾ ਪੱਕਾ ਵਿਸ਼ਵਾਸ ਦਿਵਾਉਂਦਾ ਹਾਂ। ਧੰਨਵਾਦ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ** : ਹੁਣ ਆਪਾਂ ਅੱਗੇ ਚੱਲੀਏ ਜੀ, ਤੁਹਾਡੀ ਗੱਲ ਆ ਗਈ ਹੈ। ਤੁਸੀਂ ਬਿਲ ਤੇ ਬੋਲ ਚੁੱਕੇ ਹੋ। ਹੁਣ ਹੋ ਗਿਆ ਹੈ। ਤੁਹਾਡੀ ਗੱਲ ਆ ਗਈ ਹੈ। (ਵਿਘਨ...) ਹਾਂ ਜੀ, ਦੱਸੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਦੋਂ ਸ੍ਰੀ ਕੇਜਰੀਵਾਲ ਸਾਹਿਬ ਨੇ ਰੇਤ ਦੀ ਮਾਈਨਿੰਗ ਦਾ ਜ਼ਿਕਰ ਕੀਤਾ ਸੀ, ਉਦੋਂ ਕਿਸੇ ਮਿਨਰਲ ਦਾ ਜ਼ਿਕਰ ਨਹੀਂ ਕੀਤਾ ਸੀ ਅਤੇ ਕਿਤੇ ਵੀ ਪੋਟਾਸ਼ ਦਾ ਜ਼ਿਕਰ ਨਹੀਂ ਹੋਇਆ। ਨੰਬਰ ਦੋ, ਅੱਜ ਦੇ ਦਿਨ ਵੀ 300 ਕਰੋੜ ਰੁਪਿਆ ਹੀ ਐਵਰੇਜ ਆਈ ਹੈ। ਫਾਈਨਲ ਈਅਰ ਵਿੱਚ ਇਨ੍ਹਾਂ ਨੇ 500 ਕਰੋੜ ਰੁਪਿਆ ਮੰਨੀ ਹੈ। ਮੈਂ ਇੱਕੋ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਾਕੀ ਗੱਲਾਂ ਆਪਾਂ ਛੱਡ ਦੇਈਏ, ਇੱਥੇ ਸ਼ਾਰਟ ਵਿੱਚ ਹੀ ਗੱਲ ਕਰ ਲੈਂਦੇ ਹਾਂ। ਸਰ, ਗੁੰਡਾ ਪਰਚੀ ਹਰ ਜ਼ਿਲ੍ਹੇ ਵਿੱਚ ਚੱਲ ਰਹੀ ਹੈ। ਮੈਂ ਤੁਹਾਨੂੰ ਇੱਕ ਬੇਨਤੀ ਕਰਦਾ ਹਾਂ ਕਿ ਤੁਸੀਂ ਹਾਊਸ ਦੀ ਇੱਕ ਕਮੇਟੀ ਬਣਾਓ, ਆਪੋਜੀਸ਼ਨ ਪਾਰਟੀਆਂ ਦਾ ਇੱਕ-ਇੱਕ ਮੈਂਬਰ ਪਾਓ। ਅਸੀਂ ਆਪ ਵਿਜ਼ਿਟ ਕਰਦੇ ਹਾਂ, ਮਨਿਸਟਰ ਸਾਹਿਬ ਨੂੰ ਸਾਡੇ ਨਾਲ ਘੱਲੋ। ਅਸੀਂ ਪਰੂਵ ਕਰਦੇ ਹਾਂ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ** : ਠੀਕ ਹੈ, ਤੁਹਾਡੀ ਗੱਲ ਆ ਗਈ ਹੈ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਸ੍ਰੀ ਅਵਤਾਰ ਸਿੰਘ ਜੂਨੀਅਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।)

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

> ਕਿ ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਸ ਐਂਡ ਸਟਾਕਿਸਟਸ ਐਂਡ ਰਿਟੇਲਰਜ਼ (ਸੋਧ) ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2) ਅਤੇ (3)**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਅਤੇ (3) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 22**

**ਮਾਣਯੋਗ ਸਪੀਕਰ** : ਕਿਉਂਜੋ ਕਲਾਜ਼ਾਂ 2 ਤੋਂ 22 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ**: ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 22 ਬਿਲ ਦਾ ਹਿੱਸਾ ਹਨ। (ਵਿਘਨ, ਸ਼ੋਰ)

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨਗੇ।

**ਖਣਨ ਤੇ ਭੂ ਵਿਗਿਆਨ ਮੰਤਰੀ (ਸ਼੍ਰੀ ਬਰਿੰਦਰ ਕੁਮਾਰ ਗੋਇਲ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਸ ਐਂਡ ਸਟਾਕਿਸਟਸ ਐਂਡ ਰਿਟੇਲਰਜ਼ (ਸੋਧ) ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਸ ਐਂਡ ਸਟਾਕਿਸਟਸ ਐਂਡ ਰਿਟੇਲਰਜ਼ (ਸੋਧ) ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਸ ਐਂਡ ਸਟਾਕਿਸਟਸ ਐਂਡ ਰਿਟੇਲਰਜ਼ (ਸੋਧ) ਬਿਲ, 2026 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-------

**2. SRI GURU TEGH BAHADUR WORLD CLASS UNIVERSITY, PUNJAB BILL, 2026**

**ਮਾਣਯੋਗ ਸਪੀਕਰ** : ਸਰਦਾਰ ਹਰਜੋਤ ਸਿੰਘ ਬੈਂਸ, ਉਚੇਰੀ ਸਿੱਖਿਆ ਮੰਤਰੀ ਬਿਲ ਪੇਸ਼ ਕਰਨਗੇ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਸ਼੍ਰੀਮਾਨ ਜੀ, ਮੈਂ ਸ੍ਰੀ ਗੁਰੂ ਤੇਗ ਬਹਾਦਰ ਵਰਲਡ ਕਲਾਸ ਯੂਨੀਵਰਸਿਟੀ, ਪੰਜਾਬ ਬਿਲ, 2026 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਸ੍ਰੀ ਗੁਰੂ ਤੇਗ ਬਹਾਦਰ ਵਰਲਡ ਕਲਾਸ ਯੂਨੀਵਰਸਿਟੀ, ਪੰਜਾਬ ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਸ੍ਰੀ ਗੁਰੂ ਤੇਗ ਬਹਾਦਰ ਵਰਲਡ ਕਲਾਸ ਯੂਨੀਵਰਸਿਟੀ, ਪੰਜਾਬ ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਹਾਂ ਜੀ, ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** : ਸਪੀਕਰ ਸਾਹਿਬ, ਮੈਂ ਆਪੋਜ਼ੀਸ਼ਨ ਵੱਲੋਂ ਇਸ ਕਦਮ ਦਾ ਵੈੱਲਕਮ ਕਰਦਾ ਹਾਂ, ਬਹੁਤ well intentional ਹੈ। ਸ੍ਰੀ ਗੁਰੂ ਤੇਗ ਬਹਾਦਰ ਵਰਲਡ ਕਲਾਸ ਯੂਨੀਵਰਸਿਟੀ, ਪੰਜਾਬ ਬਿਲ, 2026, which seeks to honour the supreme sacrifice of Sri Guru Tegh Bahadur Ji and establish a world-class university at Sri Anandpur Sahib. The initiative has been described as noble and timely, with the potential to become a centre of excellence that reflects the Guru's message of courage, freedom of conscience, and service to humanity. While extending full support in principle, the Opposition has urged the government to address four key issues to ensure the university is built on a strong and a sound foundation.

**(i) Transparency on Land and Finances -** The Government should clearly state where the permanent campus will be located, how much land is required and whether the land is already available or will be acquired. A clear financial roadmap and project cost should be presented to the House.

**(ii) Democratic Governance -** Punjab has a proud tradition of democratic participation in university governance. The proposed structure should include representation of teachers and in due course, graduates so that the university functions as an academic community rather than only an administrative institution.

**(iii) All India Academic Vision -** The legacy of Sri Guru Tegh Bahadur belongs to the entire nation. The university should therefore have provisions for national outreach, collaborations, and academic linkages across India, especially in emerging fields like artificial intelligence, cyber security and data science.

**(iv) Dedicated Academic Centre on Sikh Heritage and Punjab -** A full fledged department should be established for the study and research of the teachings of Sri Guru Tegh Bahadur, Sri Guru Gobind Singh, the message of Sri Guru Granth Sahib and the wider history and heritage of Punjab.

**(v)** This will ensure the university combines technological advancement with deep civilizational and historical understanding.

So, sir, the overall message is that the Opposition supports the creation of the university and the vision behind it. With clarity in planning, democratic governance, national outreach and a strong academic commitment to Sikh heritage, the institution can truly honour the legacy of Sri Guru Tegh Bahadur and serve generations of students.

ਸੋ, ਅਸੀਂ ਪੂਰੀ ਸਪੋਰਟ ਕਰਦੇ ਹਾਂ, ਇਹ ਬਹੁਤ ਅੱਛਾ initiative ਹੈ। ਆਪਾਂ ਇਕੱਠੇ ਹੋ ਕੇ ਚੱਲੀਏ ਅਤੇ ਵਿਸ਼ੇਸ਼ ਤੌਰ ਤੇ ਐਨ.ਆਰ.ਆਈਜ਼, ਜਿਹੜੇ ਇਸ ਵਿੱਚ ਬਹੁਤ ਵੱਡੀ ਕੰਟਰੀਬਿਊਸ਼ਨ ਕਰ ਸਕਦੇ ਹਨ, ਉਨ੍ਹਾਂ ਦੀ ਵੱਡੇ ਪੈਮਾਨੇ ਤੇ ਪਾਰਟੀਸੀਪੇਸ਼ਨ ਹੈ। ਇਸ ਦੇ ਨਾਲ ਹੀ ਵਰਲਡ ਓਵਰ ਪੰਜਾਬੀ ਅਤੇ ਸਿੱਖ ਇੰਟੈਕਚੂਅਲ diaspora ਨੂੰ ਵੀ ਇਸ ਯੂਨੀਵਰਸਿਟੀ ਨਾਲ ਜ਼ਰੂਰ ਜੋੜੀਏ ਜੀ। ਬਹੁਤ-ਬਹੁਤ ਸ਼ੁਕਰੀਆ, ਤੁਹਾਡੀ ਬਹੁਤ-ਬਹੁਤ ਮਿਹਰਬਾਨੀ।

**ਮਾਣਯੋਗ ਸਪੀਕਰ:** ਥੈਂਕ ਯੂ। ਸਰਦਾਰ ਤ੍ਰਿਪਤ ਰਜਿੰਦਰ ਬਾਜਵਾ ਜੀ, ਤੁਸੀਂ ਕੁਝ ਕਹਿਣਾ ਚਾਹੁੰਦੇ ਹੋ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ)**: ਸਪੀਕਰ ਸਾਹਿਬ, ਗੱਲ ਤਾਂ ਸਾਡੇ ਲੀਡਰ ਸਾਹਿਬ ਨੇ ਪੂਰੀ ਕਰ ਦਿੱਤੀ ਹੈ ਪਰ ਇਸ ਯੂਨੀਵਰਸਿਟੀ ਦੇ ਲਈ ਕੋਈ ਬਜਟ ਤਾਂ ਰੱਖਿਆ ਨਹੀਂ ਹੈ। ਜੇ ਰੱਖਿਆ ਹੈ ਤਾਂ ਚੰਗੀ ਗੱਲ ਹੈ, ਬਾਕੀ, ਇਸ ਲਈ ਕਿਹੜੀ ਜਗ੍ਹਾ ਲੈਣੀ ਹੈ, ਕਿਹੜੀ ਜਗ੍ਹਾ earmark ਕੀਤੀ ਹੈ, ਇਸ ਵਿੱਚ ਇਹ ਸਾਰੀਆਂ ਗੱਲਾਂ ਸਪੱਸ਼ਟ ਹੋਣੀਆਂ ਚਾਹੀਦੀਆਂ ਹਨ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ)** : ਸਰ, ਮੈਂ ਤਾਂ ਮੁਬਾਰਕਬਾਦ ਦੇਣ ਲਈ ਖੜ੍ਹਾ ਹੋਇਆ ਹਾਂ। ਇਹ ਬਹੁਤ ਵਧੀਆ ਸਟੈੱਪ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਇੱਕ ਬੇਨਤੀ ਜ਼ਰੂਰ ਕਰਨੀ ਚਾਹੁੰਦਾ ਹਾਂ। ਸਾਲ 2021 ਵਿੱਚ ਤਰਨਤਾਰਨ ਵਿੱਚ ਲਾਅ ਯੂਨੀਵਰਸਿਟੀ ਦੀ ਸ਼ੁਰੂਆਤ ਕੀਤੀ ਸੀ ਜਿਸ ਤੇ ਸਰਕਾਰ ਦਾ 20-25 ਕਰੋੜ ਰੁਪਿਆ ਲੱਗਿਆ ਹੈ ਅਤੇ ਸਾਰੀਆਂ administrative approvals ਹੋ ਗਈਆਂ ਹਨ। 2021 ਤੋਂ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਉਸ ਦੀਆਂ ਕਲਾਸਿਜ਼ ਚੱਲ ਰਹੀਆਂ ਸਨ। ਉਹ ਯੂਨੀਵਰਸਿਟੀ ਵੀ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਂ ਤੇ ਸੀ। ਉਥੇ 47 ਏਕੜ ਵਿੱਚੋਂ 25 ਏਕੜ ਵਿੱਚ administrative block ਬਣਿਆ । ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਐਂਡ ਰਜਿਸਟਰਾਰ, ਉਸ ਦੇ ਵੀ nominate ਕੀਤੇ ਗਏ ਸਨ but ਆਪਾਂ ਉਸ ਤੇ ਬੇਰੁਖੀ ਦਿਖਾਈ ਕਿਉਂਕਿ ਅਲਟੀਮੇਟਲੀ ਅਸੀਂ ਕਹਿੰਦੇ ਹਾਂ ਕਿ ਉਹ ਯੂਨੀਵਰਸਿਟੀ ਬੰਦ ਕਰ ਦੇਣੀ ਹੈ ਜਦਕਿ ਮੈਨੂੰ ਲੱਗਦਾ ਹੈ ਕਿ ਅੱਜ ਸਭ ਤੋਂ ਵੱਧ ਐਜੂਕੇਸ਼ਨ ਦੀ ਜ਼ਰੂਰਤ ਹੈ। ਮੈਂ ਲਾਲਜੀਤ ਭੁੱਲਰ ਨਾਲ ਇੱਕ ਦਿਨ ਗੱਲ ਕਰ ਰਿਹਾ ਸੀ, ਉਨ੍ਹਾਂ ਦਾ ਕਹਿਣਾ ਸੀ ਕਿ ਉਸ ਯੂਨੀਵਰਸਿਟੀ ਲਈ ਤਾਂ necessary approvals ਹੀ ਨਹੀਂ ਆਈਆਂ। ਜੇਕਰ ਕੋਈ ਅਪਰੂਵਲ ਨਹੀਂ ਵੀ ਆਈ ਤਾਂ ਆਪਾਂ ਅਪਰੂਵਲ ਲੈ ਸਕਦੇ ਹਾਂ ਕਿਉਂਕਿ ਉਸ ਯੂਨੀਵਰਸਿਟੀ ਉਤੇ 20-25 ਕਰੋੜ ਰੁਪਿਆ ਲੱਗ ਗਿਆ ਹੈ, 47 ਏਕੜ ਜ਼ਮੀਨ ਹੈ ਅਤੇ ਵਾਈਸ ਚਾਂਸਲਰ, ਰਜਿਸਟਰਾਰ ਅਤੇ ਵਿਦਿਆਰਥੀ ਵੀ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬੇਰੁਖੀ ਦਾ ਕਾਰਨ ਕਿਤੇ ਇਹ ਤਾਂ ਨਹੀਂ ਕਿ ਉਹ ਯੂਨੀਵਰਸਿਟੀ ਪੁਰਾਣੀ ਸਰਕਾਰ ਨੇ ਬਣਾਈ ਸੀ ਅਤੇ ਆਉਣ ਵਾਲੇ ਸਮੇਂ ਵਿੱਚ ਜੇ ਸਰਕਾਰ ਬਦਲ ਜਾਂਦੀ ਹੈ ਤਾਂ ਫਿਰ ਅੱਜ ਵਾਲੀ ਇਹ ਯੂਨੀਵਰਸਿਟੀ ਵੀ ਬੰਦ ਹੋ ਜਾਵੇਗੀ। ਸੋ, ਆਪਾਂ ਇਹੋ ਜਿਹੀਆਂ ਰੀਤਾਂ ਨਾ ਤੋਰੀਏ। ਮੈਨੂੰ ਲੱਗਦਾ ਹੈ ਕਿ ਮੰਤਰੀ ਸਾਹਿਬ ਉਸ ਪਾਸੇ ਵੀ ਥੋੜ੍ਹਾ ਧਿਆਨ ਦੇ ਕੇ ਉਸ ਨੂੰ ਵੀ own ਕਰਨ ਤਾਂ ਕਿ ਪੰਜਾਬ ਦਾ ਉਹ ਏਰੀਆ, ਜਿਹੜਾ ਐਜੂਕੇਸ਼ਨ ਤੋਂ ਕਿਤੇ ਨਾ ਕਿਤੇ ਵਾਂਝਾ ਹੈ, ਉਸ ਨੂੰ ਵੀ ਕਿਤੇ ਚਾਂਸ ਦੇਈਏ ਤਾਂ ਕਿ ਉਹ ਵੀ ਆਪਣੀ ਰੋਜ਼ੀ-ਰੋਟੀ ਕਮਾ ਸਕਣ ਔਰ ਉਸ ਸਿਸਟਮ ਵਿੱਚੋਂ ਕਿਤੇ ਨਿਕਲ ਸਕਣ। Thank you very much ਜੀ।

**ਮਾਣਯੋਗ ਸਪੀਕਰ**: ਹਾਂ ਜੀ, ਸਰਦਾਰ ਲਾਲਜੀਤ ਸਿੰਘ ਜੀ। ਤੁਸੀਂ ਵੀ ਕੁਝ ਕਹਿਣਾ ਚਾਹੁੰਦੇ ਹੋ? ਦੱਸੋ, ਕੀ ਕਹਿਣਾ ਚਾਹੁੰਦੇ ਹੋ?

**ਟਰਾਂਸਪੋਰਟ ਮੰਤਰੀ (ਸਰਦਾਰ ਲਾਲਜੀਤ ਸਿੰਘ ਭੁੱਲਰ):** ਸਪੀਕਰ ਸਾਹਿਬ, ਸਰਦਾਰ ਪਰਗਟ ਸਿੰਘ ਹੋਰਾਂ ਨੇ ਗੱਲ ਕੀਤੀ ਹੈ ਕਿ ਪੱਟੀ, ਤਾਰਨ ਤਾਰਨ ਵਿਖੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਲਾਅ ਯੂਨੀਵਰਸਿਟੀ ਦਾ ਸਾਲ 2020 ਦੇ ਅਖੀਰ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਨੀਂਹ ਪੱਥਰ ਰੱਖਿਆ ਸੀ, ਜਿਸ ਦੀ ਮਨਜ਼ੂਰੀ ਅਤੇ ਸੀਟਾਂ ਕੇਂਦਰ ਸਰਕਾਰ ਨੇ ਦੇਣੀਆਂ ਸਨ। ਸਪੀਕਰ ਸਾਹਿਬ, ਉਹ ਸਿਰਫ਼ ਇਕ ਪਾਲੀਟਿਕਸ ਹੋਈ ਸੀ ਕਿਉਂਕਿ ਇੱਕ ਸਾਲ ਬਾਅਦ ਚੋਣਾਂ ਸਨ। ਇਹ ਸਿਰਫ਼ ਇਸ ਲਈ ਕੀਤਾ ਗਿਆ ਤਾਂ ਜੋ ਤਰਨ ਤਾਰਨ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਲੋਕ ਇਨ੍ਹਾਂ ਨੂੰ ਵੋਟਾਂ ਪਾਉਣ ਕਿ ਲਾਅ ਯੂਨੀਵਰਸਿਟੀ ਬਣਾ ਦਿੱਤੀ ਹੈ। ਸਪੀਕਰ ਸਾਹਿਬ, ਜਦੋਂ ਕੇਂਦਰ ਸਰਕਾਰ ਨੇ ਮਨਜ਼ੂਰੀ

ਦੇਣੀ ਹੁੰਦੀ ਹੈ ਤਾਂ ਪਹਿਲਾਂ ਉਨ੍ਹਾਂ ਨੇ ਵੇਖਣਾ ਹੁੰਦਾ ਹੈ ਕਿ ਲਾਅ ਦੀਆਂ ਕਿੰਨੀਆਂ ਸੀਟਾਂ ਚਾਹੀਦੀਆਂ ਹਨ। ਜਦੋਂ ਉੱਥੇ ਲਾਅ ਦੀ ਕੋਈ ਸੀਟ ਹੀ ਨਹੀਂ ਮਿਲੀ ਤਾਂ ਲਾਅ ਕਾਲਜ ਅਤੇ ਲਾਅ ਯੂਨੀਵਰਸਿਟੀ ਕਾਹਦੀ? ਉਹ ਸਾਡਾ ਇਲਾਕਾ ਹੈ, ਅਸੀਂ ਵੀ ਚਾਹੁੰਦੇ ਹਾਂ ਕਿ ਸਾਡੇ ਇਲਾਕੇ ਵਿਚ ਲਾਅ ਯੂਨੀਵਰਸਿਟੀ ਖੁੱਲ੍ਹੇ, ਕਾਲਜ ਖੁੱਲ੍ਹਣ, ਸਾਡੇ ਹਲਕੇ ਦੀ ਡਿਵੈਲਪਮੈਂਟ ਹੋਵੇ ਪਰ ਨਾ ਤਾਂ ਉਸ ਯੂਨਵਰਸਿਟੀ ਲਈ ਉਦੋਂ ਦੀ ਕਾਂਗਰਸ ਸਰਕਾਰ ਵੱਲੋਂ ਕੋਈ ਫੰਡ ਜਾਰੀ ਕੀਤਾ ਗਿਆ ਅਤੇ ਨਾ ਕੋਈ ਕੇਂਦਰ ਸਰਕਾਰ ਨੇ ਲਾਅ ਦੀ ਸੀਟ ਦਿੱਤੀ। ਉਹ ਤਾਂ ਸਿਰਫ਼ ਵੋਟਾਂ ਲੈਣ ਲਈ ਰਾਜਨੀਤੀ ਕੀਤੀ ਗਈ ਸੀ ਜਿਹੜੀ ਕਿ ਅਕਾਲੀ ਦਲ ਅਤੇ ਕਾਂਗਰਸ ਵਾਲੇ ਇਲੈਕਸ਼ਨ ਈਅਰ ਦੇ ਵਿਚ ਕਰਦੇ ਹੁੰਦੇ ਹਨ।

**ਮਾਣਯੋਗ ਸਪੀਕਰ :** ਸਰਦਾਰ ਪਰਗਟ ਸਿੰਘ ਜੀ, ਕੁਝ ਕਹਿਣਾ ਚਾਹੁੰਦੇ ਹੋ? ਵੈਸੇ ਤੁਹਾਡਾ ਜਵਾਬ ਤਾਂ ਆ ਗਿਆ ਹੈ।

**ਸਰਦਾਰ ਪਰਗਟ ਸਿੰਘ ਪੋਆਰ :** ਸਪੀਕਰ ਸਾਹਿਬ, ਮੇਰੀ ਇਕੋ ਬੇਨਤੀ ਹੈ। ਜੇਕਰ ਅੱਜ ਮੈਂ ਕਹਿ ਦਿਆਂ ਕਿ ਹੁਣ ਤਾਂ ਇਲੈਕਸ਼ਨ ਵਿਚ ਸਾਲ ਵੀ ਨਹੀਂ ਰਹਿ ਗਿਆ? ਇਹ ਗੱਲ ਬਹੁਤ ਚੰਗੀ ਨਹੀਂ ਹੈ। ਗੱਲ ਤਾਂ ਸਿਰਫ਼ ਐਨੀ ਹੈ ਕਿ ਇਹ ਯੂਨੀਵਰਸਿਟੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਹੈ। ਜੇਕਰ ਤਰਨ ਤਾਰਨ ਵਾਲੀ ਯੂਨੀਵਰਸਿਟੀ ਵਿਚ ਕੋਈ ਕਮੀ-ਪੇਸ਼ੀ ਹੈ ਤਾਂ ਦੂਰ ਕਰੋ। ਤੁਸੀਂ ਵੇਖੋ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਦਾਖਲੇ ਹੋਏ, ਉੱਥੋਂ ਦੇ ਵਾਈਸ ਚਾਂਸਲਰ ਅਤੇ ਰਜਿਸਟਰਾਰ ਨੂੰ ਇਸ ਯੂਨੀਵਰਸਿਟੀ ਵਾਸਤੇ ਐਪੁਆਇੰਟ ਕੀਤਾ ਗਿਆ। ਇੱਥੋਂ ਤੱਕ ਕਿ 20-25 ਕਰੋੜ ਰੁਪਿਆ ਐਡਮਨਿਸਟ੍ਰੇਟਿਵ ਬਲਾਕ ਤੇ ਲਾਇਆ ਗਿਆ ਸੀ।

**ਟਰਾਂਸਪੋਰਟ ਮੰਤਰੀ (ਬੈਠੇ ਬੈਠੇ) :** ਉਹ ਪੈਸੇ ਸਰਕਾਰ ਨੇ ਨਹੀਂ ਲਗਾਏ, ਠੇਕੇਦਾਰ ਨੇ ਲਗਾਏ ਹਨ।

**ਸਰਦਾਰ ਪਰਗਟ ਸਿੰਘ ਪੋਆਰ:** ਸਰਦਾਰ ਸਾਹਿਬ, ਠੇਕੇਦਾਰ ਕਦੇ ਕੋਈ ਪੈਸਾ ਨਹੀਂ ਲਗਾਉਂਦਾ, ਇਹ ਆਪਾਂ ਨੂੰ ਗਲਤ ਫਹਿਮੀ ਹੈ।

**ਮਾਣਯੋਗ ਸਪੀਕਰ:** ਤੁਸੀਂ ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਪਰਗਟ ਸਿੰਘ ਪੋਆਰ:** ਸਪੀਕਰ ਸਾਹਿਬ, ਮੇਰੀ ਸਿਰਫ਼ ਇਹੀ ਬੇਨਤੀ ਹੈ ਕਿ ਜੇਕਰ ਯੂਨੀਵਰਸਿਟੀ ਦੀ ਰਿਵਾਈਵਲ ਹੁੰਦੀ ਹੈ ਤਾਂ ਤੁਹਾਡੇ ਹਲਕੇ ਲਈ ਚੰਗੀ ਗੱਲ ਹੈ। ਹੋਰ ਮੇਰਾ ਕੋਈ ਕਨਸਰਨ ਨਹੀਂ ਹੈ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ) :** ਸਪੀਕਰ ਸਾਹਿਬ, ਚੰਗੀ ਗੱਲ ਹੈ ਕਿ ਡਿਸਕਸ਼ਨ ਹੋ ਗਈ। ਮੈਂ ਤਾਂ ਮੰਤਰੀ ਜੀ ਨੂੰ ਇਹੀ ਬੇਨਤੀ ਕਰਾਂਗਾ ਕਿ ਜੋ ਸਰਦਾਰ ਪਰਗਟ ਸਿੰਘ ਕਹਿ ਰਹੇ ਹਨ, ਇਸ ਨੂੰ ਐਗਜ਼ਾਮਿਨ ਕਰਵਾਉ ਕਿਉਂਕਿ ਇਹ ਸੀਰੀਅਸ ਮਾਮਲਾ ਹੈ। ਮੈਂ ਸਮਝਦਾ ਹਾਂ ਕਿ ਜਿੰਨੇ ਕਾਲਜ ਅਤੇ ਯੂਨੀਵਰਸਿਟੀਆਂ ਵੱਧ ਤੋਂ ਵੱਧ ਖੁੱਲ੍ਹਣਗੇ, ਇਹ ਸਾਰਿਆਂ ਲਈ ਬੈਟਰ ਹੋਵੇਗਾ। ਜੇਕਰ ਗੁਰੂ ਸਾਹਿਬਾਨਾਂ ਦੇ ਨਾਮ ਤੇ ਖੁੱਲ੍ਹਣਗੇ ਤਾਂ ਬਹੁਤ ਹੀ ਚੰਗਾ ਹੋਵੇਗਾ। So, Harjot ji, if possible please do the needful. ਧੰਨਵਾਦ ਜੀ।

**ਮਾਣਯੋਗ ਸਪੀਕਰ** : ਹਾਂ ਜੀ, ਬੈਂਸ ਸਾਹਿਬ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ):** ਸਰ, ਮੇਰੀ ਬੇਨਤੀ ਹੈ ਕਿ ਮੈਂ ਬਿਲ ਪੇਸ਼ ਕੀਤਾ ਹੈ, ਜੇਕਰ ਐਡਰੈੱਸ ਪਹਿਲੇ ਹੁੰਦਾ ਤਾਂ ਇਸ ਸਬੰਧੀ ਆਏ ਬਹੁਤ ਸਾਰੇ ਸਵਾਲਾਂ ਦੇ ਜਵਾਬ ਆਪਣੇ ਆਪ ਐਡਰੈੱਸ ਹੋ ਜਾਣੇ ਸੀ। ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸ੍ਰੀ ਅਨੰਦਪੁਰ ਸਾਹਿਬ, ਉਹ ਮਹਾਨ ਧਰਤੀ, ਜੋ ਨੌਂਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਆਪ ਜ਼ਮੀਨ ਮੁੱਲ ਖਰੀਦ ਕੇ ਵਸਾਈ ਹੋਈ ਹੈ, ਉਸ ਨਗਰ ਦਾ ਨਾਂ ਉਨ੍ਹਾਂ ਨੇ ਚੱਕ ਨਾਨਕੀ ਰੱਖਿਆ ਸੀ। ਇਸ ਸਾਲ ਆਪਾਂ ਪੂਰੀ ਦੁਨੀਆ ਵਿੱਚ ਨੌਵੇਂ ਪਾਤਸ਼ਾਹ ਜੀ ਦਾ ਅਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲ ਦਾਸ ਜੀ ਦਾ 350 ਸਾਲਾਂ ਸ਼ਹੀਦੀ ਪੁਰਬ ਮਨਾਇਆ ਹੈ। ਉਹ ਮਹਾਨ ਧਰਤੀ ਜਿੱਥੇ ਕਸ਼ਮੀਰੀ ਪੰਡਿਤ ਆਪਣੇ ਧਰਮ ਦੀ ਰੱਖਿਆ ਲਈ ਇੱਕ ਆਸ, ਇੱਕ ਉਮੀਦ ਲੈ ਕੇ ਆਏ ਸਨ ਅਤੇ ਉਨ੍ਹਾਂ ਦੀ ਉਸ ਉਮੀਦ ਉੱਤੇ ਉਨ੍ਹਾਂ ਦੇ ਧਰਮ ਦੀ ਰੱਖਿਆ ਹੋਈ। ਗੁਰੂ ਜੀ ਨੇ ਆਪਣਾ ਸੀਸ ਵਾਰਿਆ, ਇਸ ਕਰਕੇ ਉਨ੍ਹਾਂ ਨੂੰ ਹਿੰਦ ਦੀ ਚਾਦਰ, ਧਰਮ ਦੀ ਚਾਦਰ, ਮਾਨਵਤਾ ਦੀ ਚਾਦਰ ਦਾ ਖ਼ਿਤਾਬ ਮਿਲਿਆ। ਉਹ ਧਰਤੀ ਜਿੱਥੇ ਨੌਵੇਂ ਪਾਤਸ਼ਾਹ ਨੇ ਦੁਨੀਆ ਨੂੰ, ਕਾਇਨਾਤ ਨੂੰ, ਸਭ ਤੋਂ ਸੋਹਣਾ ਤੋਹਫ਼ਾ ਖ਼ਾਲਸੇ ਦੇ ਰੂਪ ਵਿੱਚ ਦਿੱਤਾ, ਜਿਸ ਨੂੰ ਅਸੀਂ ਇਨਸਾਫ਼ ਦੀ ਗੰਗੋਤਰੀ ਕਹਿੰਦੇ ਹਾਂ ਕਿ ਉਸ ਧਰਤੀ ਤੋਂ ਹਮੇਸ਼ਾ ਇਨਸਾਫ਼ ਹੋਵੇਗਾ। ਸ੍ਰੀ ਅਨੰਦਪੁਰ ਸਾਹਿਬ ਨੂੰ ਦਸ਼ਮੇਸ਼ ਪਾਤਸ਼ਾਹ, ਬਾਦਸ਼ਾਹ ਦਰਵੇਸ਼ ਇੰਨਾ ਪਿਆਰ ਕਰਦੇ ਸੀ ਕਿ ਜਦੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਦਿੱਤਾ ਤੇ ਹਜ਼ੂਰ ਸਾਹਿਬ, ਸ੍ਰੀ ਨਾਂਦੇੜ ਸਾਹਿਬ ਇੱਕ ਸ਼ਾਮ ਦਸ਼ਮੇਸ਼ ਪਾਤਸ਼ਾਹ, ਬਾਦਸ਼ਾਹ ਦਰਵੇਸ਼ ਭਾਈ ਦਇਆ ਸਿੰਘ ਜੀ ਦੇ ਨਾਲ ਸੈਰ ਕਰ ਰਹੇ ਸੀ, ਉਸ ਰੋਜ਼, ਉਸ ਸ਼ਾਮ ਬਹੁਤ ਖ਼ੂਬਸੂਰਤ ਹਵਾ ਵਗ ਰਹੀ ਸੀ ਤੇ ਦਸ਼ਮੇਸ਼ ਪਾਤਸ਼ਾਹ, ਬਾਦਸ਼ਾਹ ਦਰਵੇਸ਼, ਮੇਰੇ ਪਿਤਾ ਆਖਦੇ ਹਨ ਕਿ ਭਾਈ ਦਇਆ ਸਿੰਘ ਜੀ, ਅੱਜ ਇਹ ਹਵਾ ਅਨੰਦਪੁਰ ਸਾਹਿਬ ਦੀ ਯਾਦ ਦਿਵਾ ਰਹੀ ਹੈ। ਇੰਨਾ ਪਿਆਰ ਗੁਰੂ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਨਾਲ ਕਰਦੇ ਸੀ। ਤਿੰਨ ਸਾਹਿਬਜ਼ਾਦਿਆਂ ਦੇ ਜਨਮ ਵਾਲੀ ਧਰਤੀ, ਉਸ ਮਹਾਨ ਧਰਤੀ ਦੀ ਨੁਮਾਇੰਦਗੀ ਕਰਨ ਦਾ ਮੌਕਾ ਦਾਸ ਨੂੰ ਮਿਲਿਆ ਹੈ । ਮੈਂ ਹਮੇਸ਼ਾ ਹਰ ਮੰਚ ਤੋਂ ਇਹ ਗੱਲ ਕਹਿੰਦਾ ਹਾਂ ਕਿ ਇਸ ਤੋਂ ਵੱਡਾ ਖਿਤਾਬ ਦੁਨੀਆ ਉੱਤੇ ਹੋ ਨਹੀਂ ਸਕਦਾ। ਮੇਰੇ ਲਈ ਬੜੀ ਮਾਣ ਵਾਲੀ ਗੱਲ ਹੈ, ਮੈਂ ਸਮਝਦਾ ਹਾਂ ਕਿ ਮੇਰੀ ਕੋਈ ਹਸਤੀ ਨਹੀਂ, ਮੇਰੀ ਕੋਈ ਔਕਾਤ ਨਹੀਂ, ਸਭ ਉਸ ਮਾਲਕ, ਗੁਰੂ ਸਾਹਿਬ ਦੀ ਬਖ਼ਸ਼ੀਸ਼ ਹੈ ਕਿ ਅੱਜ ਇਹ ਬਿਲ ਪੇਸ਼ ਕੀਤਾ ਜਾ ਰਿਹਾ ਹੈ ਕਿਉਂਕਿ ਅੱਜ ਤੱਕ ਸਾਡੇ ਇਲਾਕੇ ਨੂੰ ਜਿੰਨੇ ਪ੍ਰਾਜੈਕਟ ਮਿਲੇ, ਵੈਸੇ ਤਾਂ ਇਹ ਦੁਨੀਆ ਦੀ ਸਭ ਤੋਂ ਮਹਿੰਗੀ ਧਰਤੀ ਹੈ, ਜਿੰਨੇ ਪ੍ਰਾਜੈਕਟ ਮਿਲੇ ਸਨ, ਉਹ ਸਾਰੇ ਹੋਰ ਜਗ੍ਹਾ ਚਲੇ ਗਏ। ਮੈਡੀਕਲ ਕਾਲਜ ਆਏ, ਉਹ ਸ਼ਿਫ਼ਟ ਹੋ ਗਏ, ਆਈ.ਆਈ.ਟੀ. ਰੋਪੜ ਬਣਾ ਦਿੱਤੀ ਗਈ। ਅੱਜ ਪਹਿਲੀ ਵਾਰੀ, ਮੈਂ ਮਾਨ ਸਾਹਿਬ ਦਾ ਧੰਨਵਾਦ ਕਰਦਾ ਹਾਂ ਤੇ ਆਪਣੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਜੀ ਦਾ ਧੰਨਵਾਦ ਕਰਦਾ ਹਾਂ ਅਤੇ ਮੈਂ ਤੁਹਾਨੂੰ, ਪੂਰੇ ਹਾਊਸ ਨੂੰ ਇਹ ਭਰੋਸਾ ਦਿਵਾਉਂਦਾ ਹਾਂ ਕਿ ਸਿਰਫ ਇਹ ਇੱਕ ਅਦਰ ਯੂਨੀਵਰਸਿਟੀ ਨਹੀਂ ਹੋਵੇਗੀ, ਅਸੀਂ with a vision, with the mission, ਇਸ ਦੇ ਨਾਂ ਵਿੱਚ ਵਰਲਡ ਕਲਾਸ ਪਾਇਆ ਹੈ।

ਅੱਜ ਦੁਨੀਆ ਈਰਾਨ ਦੀ ਜੰਗ ਦੇਖ ਰਹੀ ਹੈ, ਕਿਸੇ ਸਮੇਂ ਇੱਕ Luna moped ਹੁੰਦੀ ਸੀ, ਈਰਾਨ ਨੇ ਉਸ ਦਾ ਇੰਜਣ ਲਗਾ ਕੇ Shahed Drone ਬਣਾਇਆ ਹੈ। It is two stroke engine drone, ਜਿਸ ਨੇ ਯੂ.ਐਸ.ਏ. ਨੂੰ ਵਕਤ ਪਾ ਦਿੱਤਾ ਹੈ। ਅਸੀਂ ਅਪਰੇਸ਼ਨ ਸਿੰਧੂਰ ਦੇਖਿਆ ਹੈ, ਦੇਸ਼ ਦੀ ਡਿਫੈਂਸ ਵਿੱਚ ਸਭ ਤੋਂ ਵੱਡਾ ਸੈਕਟਰ Cyber Security, Space and Satellite System ਉੱਭਰ ਕੇ ਆ ਰਿਹਾ ਹੈ। ਡਰੋਨ ਟੈਕਨਾਲੋਜੀ ਕਾਰਨ ਰੋਜ਼ ਸਾਡੇ ਸਕੂਲਾਂ ਨੂੰ, ਸੈਕਟਰੀਏਟ ਨੂੰ, ਵਿਧਾਨ ਸਭਾ ਨੂੰ, ਹਾਈ ਕੋਰਟ ਨੂੰ ਡਿਫੈਂਸ ਸਕਿਓਰਟੀ ਅਤੇ ਇਸ ਦੇ ਨਾਲ ਹੀ ਸਾਈਬਰ

ਸਕਿਉਰਿਟੀ threat ਆ ਰਹੇ ਹਨ। ਹੁਣ ਡਰੋਨਜ਼ ਕਾਰਨ warfare on Space and Satellite System ਤੇ ਚਲਾ ਜਾਵੇਗਾ। Semi conductor, quantum computing, military history and Sikh studies, for the reference of this House, ਮੈਂ ਉਨ੍ਹਾਂ ਸਾਰਿਆਂ ਨੂੰ ਜੋ ਮੈਨੂੰ ਸੁਣ ਰਹੇ ਹਨ, ਇਹ ਦੱਸ ਦੇਵਾਂ ਕਿ ਇਹ ਕੋਰਸਿਜ਼ ਨਾਰਥ ਇੰਡੀਆ ਵਿੱਚ ਕਿਤੇ ਵੀ available ਨਹੀਂ ਹਨ। ਇਸ ਯੂਨੀਵਰਸਿਟੀ ਵਿੱਚ ਜਿਹੜੇ ਕੁਝ ਕੋਰਸਿਜ਼ ਅਸੀਂ ਡਿਜ਼ਾਈਨ ਕੀਤੇ ਹਨ, ਉਹ ਕਿਸੇ ਵੀ ਪ੍ਰੀਮੀਅਮ ਇੰਸਟੀਚਿਊਟ ਵਿੱਚ ਅਵੇਲੇਬਲ ਨਹੀਂ ਹਨ। ਇਸ ਦੇ ਵਿੱਚ B.Sc. in Defence Technology ਹੈ ਕਿਉਂਕਿ ਹੁਣ ਡਿਫੈਂਸ ਪਬਲਿਕ ਸੈਕਟਰ ਨਹੀਂ ਰਹਿ ਗਿਆ। ਪ੍ਰਾਈਵੇਟ ਸੈਕਟਰ - ਮਹਿੰਦਰਾ, ਟਾਟਾ, ਅੰਬਾਨੀ, ਅਡਾਨੀ ਆਦਿ ਆ ਗਏ ਹਨ। ਇਹ ਸਾਰੇ ਡਿਫੈਂਸ ਸੈਕਟਰ ਵਿੱਚ ਡਰੋਨ ਬਣਾ ਰਹੇ ਹਨ, ਮਿਜ਼ਾਈਲ ਬਣਾ ਰਹੇ ਹਨ, ਯੂ.ਏ.ਵੀ. ਵਹੀਕਲ ਬਣਾ ਰਹੇ ਹਨ। So, B.Sc. in Defence Technology, M.Sc in Strategic and Defence Studies, M.Tech in Defence Electronics and Radar System, M.Tech in Military Robotic and Autonomic System, B.Tech in AI ਕਿਉਂਕਿ ਏ.ਆਈ. ਦਾ ਜ਼ਮਾਨਾ ਹੈ, M.Tech. in A.I, M.Sc. in Data sciences, B.Tech in Drone Engineering and UAV Technology, M.Tech in Autonomous Aerial System, B.Tech. in Cyber Security, M.Tech in Cyber Warfare and National Security, B.Tech. in Space Technology and Satellite Engineering, B.Tech in Semi conductor Engineering, M.Tech in Chip Design and Micro Electronics, B.Tech in Quantum Technology, M.Tech in Quantum Computing, B.A/M.A in Military History ਆਦਿ ਕੋਰਸਿਜ ਹੋਣਗੇ।

ਇੱਥੇ ਜੰਗਾਂ ਚਾਹੇ ਗੁਰੂ ਸਾਹਿਬ ਦੇ ਸਮੇਂ ਉਤੇ ਹੋਈਆਂ ਜਾਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਹੋਈਆਂ ਸਨ, ਅੱਜ ਸਾਡੇ ਕੋਲ ਇਸ ਤਰ੍ਹਾਂ ਦਾ ਕੁਝ ਵੀ ਨਹੀਂ ਹੈ ਪ੍ਰੰਤੂ ਹੁਣ ਇਸ ਯੂਨੀਵਰਸਿਟੀ ਵਿੱਚ ਮਿਲਟਰੀ ਹਿਸਟਰੀ ਉੱਤੇ ਬੀ.ਏ. ਅਤੇ ਐਮ.ਏ. ਵੀ ਅਵੇਲੇਬਲ ਹੋਵੇਗੀ। ਇਸ ਤੋਂ ਇਲਾਵਾ ਇੱਥੇ L.L.M in Defence and Military Law, L.L.B. in Maritime Law, Masters in Public Administration ਵੀ ਹੋਵੇਗੀ। Sir, Punjab being a border State, ਸਾਡੇ ਪੁਲਿਸ ਅਫ਼ਸਰਾਂ ਲਈ ਅਸੀਂ ਡੇਲੀ ਚੈਲਿੰਜਿਜ ਫੇਸ ਕਰਦੇ ਹਾਂ। ਉਸ ਉੱਤੇ ਅੱਜ ਤੱਕ ਕਦੇ ਕਿਸੇ ਨੇ ਰਿਸਰਚ ਨਹੀਂ ਕੀਤੀ, ਪੁਲਿਸ ਆਪਣਾ ਕੰਮ ਕਰ ਰਹੀ ਹੈ ਪਰ ਉਸ ਨੂੰ ਰਿਸਰਚ ਬੇਸਡ ਅਤੇ ਟੈਕਨਾਲੋਜੀ ਬੇਸਡ ਬੈਕਿੰਗ ਚਾਹੀਦੀ ਹੈ। ਸੋ, ਉੱਥੇ ਪੀ.ਜੀ. ਡਿਪਲੋਮਾ ਇਨ ਬਾਰਡਰ ਸਕਿਉਰਿਟੀ ਐਂਡ ਕਾਊਂਟਰ ਟੈਰੋਰਿਜ਼ਮ ਵੀ ਅਵੇਲੇਬਲ ਹੋਵੇਗਾ। ਸਾਡੇ ਨੰਗਲ ਵਿੱਚ ਗੁਰੂ ਗੋਬਿੰਦ ਸਾਗਰ ਝੀਲ ਹੈ, ਸਾਡੇ ਕੋਲ ਸਤਲੁਜ ਹੈ, ਸਾਡੇ ਕੋਲ ਅਨੰਦਪੁਰ ਸਾਈਡ ਵੱਲ ਹਾਈਡਲ ਚੈਨਲ ਹੈ, ਇਸ ਲਈ ਅਸੀਂ ਮੈਰੀਟਾਈਮ ਕੋਰਸਿਜ ਸ਼ੁਰੂ ਕਰਨੇ ਹਨ। ਇਸ ਪ੍ਰਕਾਰ ਸਾਡੇ ਪੰਜਾਬ ਦੇ ਬੱਚੇ ਨੇਵੀ ਵਿੱਚ ਜਾ ਸਕਦੇ ਹਨ। ਜਿਵੇਂ ਕਿਹਾ ਗਿਆ ਹੈ ਕਿ it will be a University with an International vision, ਅਸੀਂ ਐਮ.ਆਈ.ਟੀ. ਨੂੰ ਫਾਲੋ ਕਰਨਾ ਚਾਹੁੰਦੇ ਹਾਂ। ਐਮ.ਆਈ.ਟੀ. ਅਮਰੀਕਾ ਦਾ ਉਹ ਸੰਸਥਾਨ ਹੈ, ਜਿਸ ਨੇ 100 ਤੋਂ ਵੱਧ Nobel Laureates ਦਿੱਤੇ ਹਨ। ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚੇ ਇਸ ਯੂਨੀਵਰਸਿਟੀ ਤੋਂ ਸਿਰਫ ਡਿਗਰੀ ਲੈ ਕੇ ਹੀ ਨਾ ਜਾਣ, ਸਗੋਂ ਜੋ ਸਾਡੀਆਂ ਕੰਪਲੈਕਸ ਪ੍ਰਾਬਲਮਜ਼ ਹਨ, ਜੋ ਸਾਡੇ ਆਲੇ-ਦੁਆਲੇ ਪੰਜਾਬ ਦੀਆਂ ਅਤੇ ਦੇਸ਼ ਦੀਆਂ ਸਮੱਸਿਆਵਾਂ ਹਨ ਜਾਂ ਆਉਣ ਵਾਲੇ ਅਗਲੇ 10-15-20 ਜਾਂ 50 ਸਾਲਾਂ ਵਿੱਚ ਆ ਸਕਦੀਆਂ ਹਨ, ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚੇ ਉਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਇੱਥੇ ਕੰਮ ਕਰਨ। ਸੋ, ਅਸੀਂ ਐਮ.ਆਈ.ਟੀ. ਵਰਗਾ ਇੰਸਟੀਚਿਊਟ ਇੱਥੇ ਚਾਹੁੰਦੇ ਹਾਂ। ਅਜਿਹਾ ਨਹੀਂ ਹੈ ਕਿ ਪੰਜਾਬੀ ਕੈਪੇਬਲ ਨਹੀਂ ਹਨ ਪਰ ਦਿੱਕਤ ਇਹ ਹੈ ਕਿ ਕਦੇ ਕਿਸੇ ਨੇ ਇੱਥੇ ਅਜਿਹਾ ਇੰਸਟੀਚਿਊਟ ਬਣਾਇਆ ਹੀ ਨਹੀਂ। ਸਰ, ਅੱਜ ਕਾਂਗਰਸ ਪਾਰਟੀ ਵਾਲੇ ਇੱਥੇ ਗੱਲ ਕਰ ਰਹੇ ਹਨ ਪਰ ਇਨ੍ਹਾਂ ਨੇ ਆਪਣੇ ਸਮੇਂ ਯੂਨੀਵਰਸਿਟੀਆਂ ਕੰਗਾਲ ਕਰ ਦਿੱਤੀਆਂ। ਅੱਜ

ਮੈਕਸੀਮਮ ਗਰਾਂਟਸ ਆ ਰਹੀਆਂ ਹਨ। ਸਾਡੇ ਪੰਜਾਬ ਨੇ ਡਾ. ਹਰਗੋਬਿੰਦ ਖੁਰਾਣਾ ਸਾਇੰਟਿਸਟ, ਸਰਦਾਰ ਨਰਿੰਦਰ ਸਿੰਘ ਕਪਾਨੀ ਅਤੇ ਅਸੀਂ ਸਰਦਾਰ ਪਿਆਰਾ ਸਿੰਘ ਗਿੱਲ ਪੈਦਾ ਕੀਤਾ ਹੈ। ਨਿਊਕਲੀਅਰ ਦੇ ਖੇਤਰ ਵਿੱਚ ਜਿੰਨਾ ਕੰਮ ਹੋਇਆ ਹੈ, ਉਹ ਸਰਦਾਰ ਪਿਆਰਾ ਸਿੰਘ ਗਿੱਲ ਨੇ ਕੀਤਾ ਹੈ। ਸਰਦਾਰ ਨਰਿੰਦਰ ਸਿੰਘ ਕਪਾਨੀ Father of Optical Science ਹਨ। ਸਾਡੀ ਧਰਤੀ ਡਾ. ਹਰਗੋਬਿੰਦ ਖੁਰਾਣਾ ਵਰਗੇ ਸਾਇੰਟਿਸਟ ਦੁਬਾਰਾ ਪੈਦਾ ਕਰਨ ਵਾਲੀ ਧਰਤੀ ਬਣੇਗੀ। ਮੈਂ ਸਮਝਦਾ ਹਾਂ ਕਿ ਸ੍ਰੀ ਅਨੰਦਪੁਰ ਸਾਹਿਬ ਤੋਂ ਵੱਧ ਪਾਵਨ ਪਵਿੱਤਰ ਧਰਤੀ ਹੋਰ ਕੋਈ ਹੋ ਨਹੀਂ ਸਕਦੀ। ਅਸੀਂ ਇਸ ਵਾਸਤੇ 100 ਏਕੜ ਲੈਂਡ ਆਈਡੈਂਟੀਫਾਈ ਕਰ ਰਹੇ ਹਾਂ, ਇਸ ਤੋਂ ਇਲਾਵਾ ਸੈਟੇਲਾਈਟ ਕੈਂਪਸ ਵੀ ਹੋਣਗੇ, ਜਿਵੇਂ ਮੈਰੀਟਾਈਮ ਲਈ ਸਤਲੁਜ ਦੇ ਕੰਢੇ ਕੋਈ ਜਗ੍ਹਾ ਅਸੀਂ ਦੇਖ ਰਹੇ ਹਾਂ। ਸਾਨੂੰ ਏਅਰ ਸਪੇਸ ਚਾਹੀਦੀ ਹੈ, ਡਰੋਨ ਰਿਸਰਚ ਲਈ ਵੀ ਸਪੇਸ ਅਵੇਲੇਬਲ ਹੋਵੇਗਾ। ਸਾਡੀ ਅਗਲੇ ਤਿੰਨ ਸਾਲਾਂ ਵਿੱਚ 300 ਕਰੋੜ ਰੁਪਏ ਦੀ ਇਨਵੈਸਟਮੈਂਟ ਦੀ ਪ੍ਰੋਪੋਜ਼ਲ ਹੈ। Already for this year, Finances have been marked, ਬਾਜਵਾ ਸਾਹਿਬ, ਅਸੀਂ 20 ਕਰੋੜ ਰੁਪਿਆ ਰੱਖਿਆ ਹੋਇਆ ਹੈ। ਜਿਵੇਂ ਜਿਵੇਂ ਕੰਮ ਹੋਵੇਗਾ, ਚੀਮਾ ਸਾਹਿਬ ਨੇ ਕਿਹਾ ਹੈ ਕਿ ਜਿੰਨੇ ਪੈਸੇ ਦੀ ਲੋੜ ਹੋਵੇਗੀ, it will be done. It's a top priority. C.M. Sahib has said this on the floor of House that this is our top priority project.

ਇਸ ਤੋਂ ਇਲਾਵਾ ਟਰਾਂਜਿਟ ਕੈਂਪਸ ਹੋਣਗੇ। ਅਸੀਂ ਉਥੇ ਇੱਕ ਕਾਲਜ ਅਤੇ ਇੱਕ ਮਾਰਸ਼ਲ ਅਕੈਡਮੀ ਬਣਾਵਾਂਗੇ। We, all our officers and whole team is working day and night. ਅਸੀਂ ਇਸੇ ਜੁਲਾਈ ਤੋਂ ਇੱਥੇ ਇਹ ਕੋਰਸਿਜ਼ ਅਤੇ ਇਨ ਟਰਾਂਜਿਟ ਕੈਂਪਸ ਬਣਾ ਰਹੇ ਹਾਂ ਜਦਕਿ ਇਹ almost next to impossible ਹੈ ਪਰ ਸਾਡੀ ਟੀਮ ਅਤੇ ਸਾਡੇ ਆਫੀਸਰਜ ਮਿਹਨਤ ਕਰ ਰਹੇ ਹਨ। ਜਿਸ ਦਿਨ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਇਹ ਅਨਾਊਂਸ ਕੀਤਾ, ਉਦੋਂ ਵੀ ਬੜੇ ਲੋਕ ਹੱਸ ਰਹੇ ਸੀ। ਅੱਜ ਮੈਂ ਤੁਹਾਨੂੰ ਦੱਸ ਦਿੰਦਾ ਹਾਂ ਕਿ ਪੰਜਾਬ ਦਾ ਵਕਤ ਇਤਿਹਾਸ ਲਿਖੇਗਾ ਕਿ ਉਸ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਜੋ ਵਿਜ਼ਨ ਹੈ, ਇਹ ਯੂਨੀਵਰਸਿਟੀ ਪੰਜਾਬ ਅਤੇ ਦੇਸ਼ ਦਾ ਭਵਿੱਖ ਤੈਅ ਕਰੇਗੀ।

ਇਸ ਸਾਲ ਜਦੋਂ ਪੰਜਾਬ ਸਰਕਾਰ 350 ਸਾਲਾ ਸਮਾਗਮਾਂ ਨੂੰ ਮਨਾ ਰਹੀ ਹੈ, ਜਦੋਂ ਅਸੀਂ ਉਸ ਦਾ ਕਲਮੀਨੇਟਿਵ ਇਵੈਂਟ ਕਰਾਂਗੇ, ਉਹ ਇਸੇ ਯੂਨੀਵਰਸਿਟੀ ਦੇ ਪਰਾਂਗਣ ਵਿੱਚ ਹੋਵੇਗਾ। ਅਗਲੇ 10 ਸਾਲਾਂ ਵਿੱਚ ਐਸਟੀਮੇਟ ਹੈ ਕਿ ਇੱਥੇ 10,000 ਤੋਂ ਵੱਧ ਬੱਚੇ ਪੜ੍ਹਨਗੇ। ਡਾਇਰੈਕਟ 500 ਜੌਬਜ ਬੱਚਿਆਂ ਨੂੰ ਮਿਲਣਗੀਆਂ। ਪ੍ਰੋਫੈਸਰਜ ਅਤੇ ਰਿਸਰਚਜ਼ ਨੂੰ 100, ਐਡਮਨਿਸਟ੍ਰੇਟਿਵ ਸਟਾਫ ਨੂੰ 100, ਟੈਕਨੀਸ਼ੀਅਨਜ ਅਤੇ ਲੈਬ ਅਸਿਸਟੈਂਟਜ ਅਰਾਊਂਡ 50, ਕੈਂਪਸ ਉਪਰੇਸ਼ਨ ਲਈ 200 ਜੌਬਜ ਚਾਹੀਦੀਆਂ ਹੋਣਗੀਆਂ। 2000 ਤੋਂ ਵੱਧ ਇਨਡਾਇਰੈਕਟ ਜੌਬਜ ਹੋਣਗੀਆਂ, ਜਿਸ ਵਿੱਚ ਆਪਾਂ ਕਹਿ ਸਕਦੇ ਹਾਂ ਕਿ ਹੋਸਟਲਜ, ਰੈਸਟੋਰੈਂਟਸ, ਰਿਟੇਲਜ, ਸਟਾਰਟ ਅੱਪਸ ਹੋਵੇਗਾ। ਸਰ, ਆਲਰੈਡੀ ਸ੍ਰੀ ਅਨੰਦਪੁਰ ਸਾਹਿਬ ਨੂੰ ਪੂਰਾ ਫਾਲੋ-ਅੱਪ ਕਰਕੇ, ਸ੍ਰੀ ਕੀਰਤਪੁਰ ਸਾਹਿਬ ਤੋਂ ਨੰਗਲ ਨੂੰ 4 ਲੇਨਿੰਗ ਪਾਸ ਕਰਵਾ ਲਈ ਹੈ। ਉਸ ਵਿੱਚ ਸਾਨੂੰ ਇੱਕ ਬਾਈਪਾਸ ਵੀ ਮਿਲਿਆ ਹੈ। ਉਸ ਬਾਈਪਾਸ ਦੇ ਆਸ-ਪਾਸ ਅਸੀਂ ਇਹ ਯੂਨੀਵਰਸਿਟੀ ਬਣਾ ਰਹੇ ਹਾਂ। ਇਸ ਤੋਂ 70 ਮਿੰਟਸ ਦੂਰੀ ਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਇੰਟਰਨੈਸ਼ਨਲ ਏਅਰਪੋਰਟ, ਮੋਹਾਲੀ ਹੈ, 70 minutes drive from airport connectivity ਦਾ ਵੀ ਖਿਆਲ ਰੱਖ ਰਹੇ ਹਾਂ ਔਰ Vande Bharat connectivity from Delhi, from the National Capital, it will take four hours, ਇਸ ਦਾ ਵੀ ਧਿਆਨ ਰੱਖਿਆ ਗਿਆ ਹੈ। ਮੈਂ ਸਮਝਦਾ ਹਾਂ ਕਿ ਇਕੱਲਾ ਸ੍ਰੀ ਅਨੰਦਪੁਰ ਸਾਹਿਬ ਹੀ ਨਹੀਂ,

ਸਗੋਂ ਇਸ ਯੂਨੀਵਰਸਿਟੀ ਨਾਲ ਨੰਗਲ, ਰੋਪੜ, ਗੜ੍ਹਸ਼ੰਕਰ, ਬੰਗਾ, ਬਲਾਚੌਰ, ਨਵਾਂ ਸ਼ਹਿਰ ਅਤੇ ਹੁਸ਼ਿਆਰਪੁਰ, ਇਸ ਸਾਰੇ ਇਲਾਕੇ ਦੀ ਤਕਦੀਰ ਬਦਲੇਗੀ ਅਤੇ ਇੱਥੋਂ ਦੇ ਬੱਚਿਆਂ ਨੂੰ ਵੱਡਾ ਫਾਇਦਾ ਹੋਵੇਗਾ।

ਮੈਂ ਦੁਬਾਰਾ ਆਪਣੇ ਮਾਣਯੋਗ ਮੁੱਖ ਮੰਤਰੀ ਸਾਹਿਬ ਜੀ ਦਾ, ਫਾਈਨਾਂਸ ਮਨਿਸਟਰ, ਸਰਦਾਰ ਹਰਪਾਲ ਸਿੰਘ ਚੀਮਾ ਜੀ ਦਾ, ਆਪਣੇ ਸਾਰੇ ਆਫੀਸਰਜ਼ ਦਾ ਅਤੇ ਸਭ ਤੋਂ ਵੱਧ ਇਸ ਹਾਊਸ ਦੇ ਸਾਰੇ ਹੀ ਵਿਧਾਇਕਾਂ ਦਾ ਧੰਨਵਾਦ ਕਰਦਾ ਹਾਂ ਕਿਉਂਕਿ ਮੈਨੂੰ ਉਸ ਮਹਾਨ ਧਰਤੀ ਦੀ ਸੇਵਾ ਕਰਨ ਲਈ ਆਪ ਸਭ ਨੇ ਮੇਰਾ ਬਹੁਤ ਸਾਥ ਦਿੱਤਾ ਹੈ। ਸਪੀਕਰ ਸਾਹਿਬ, ਆਪ ਜੀ ਦਾ ਬਹੁਤ ਵੱਡਾ ਧੰਨਵਾਦ ਹੈ। ਹਰ ਵਿਧਾਇਕ ਤੇ ਹਰ ਇਨਸਾਨ ਜਦੋਂ ਰਾਜਨੀਤੀ ਵਿੱਚ ਆਉਂਦਾ ਹੈ ਤਾਂ ਉਸ ਦਾ ਸੁਪਨਾ ਹੁੰਦਾ ਹੈ ਕਿ ਮੈਂ ਆਪਣੇ ਹਲਕੇ ਤੋਂ ਚੁਣ ਕੇ ਇਸ ਵਿਧਾਨ ਸਭਾ, ਜਿਸ ਨੂੰ ਅਸੀਂ ਪਾਵਨ ਪਵਿੱਤਰ ਸਦਨ ਕਹਿੰਦੇ ਹਾਂ, ਇੱਥੇ ਆਵਾਂ। ਮੇਰੇ ਤੇ ਗੁਰੂ ਸਾਹਿਬ ਦੀ ਇੰਨੀ ਬਖ਼ਸ਼ਿਸ਼ ਹੋਈ ਤੇ ਉਸ ਧਰਤੀ ਦੀ ਮਹਾਨਤਾ ਹੈ ਅਤੇ ਆਪ ਜੀ ਦਾ ਧੰਨਵਾਦ ਹੈ ਕਿ ਪਹਿਲੀ ਵਾਰੀ ਇਹ ਹਾਊਸ ਚੱਲ ਕੇ ਸਾਡੇ ਹਲਕੇ ਸ੍ਰੀ ਅਨੰਦਪੁਰ ਸਾਹਿਬ ਸਾਡੇ ਹਲਕੇ ਵਿੱਚ ਆਇਆ। ਇਸ ਸਰਕਾਰ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਮਾਣ ਦਿੱਤਾ। ਇਸ ਬਜਟ ਦੇ ਵਿਚ ਟਰੌਮਾ ਸੈਂਟਰ, ਨਵਾਂ ਐਡਮਨਿਸਟਰੇਟਿਵ ਕੰਪਲੈਕਸ ਵੀ ਦਿੱਤਾ ਗਿਆ ਹੈ। ਇਸ ਲਈ ਮੈਂ ਸਾਰੇ ਸਦਨ ਦਾ ਧੰਨਵਾਦ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਹ ਯੂਨੀਵਰਸਿਟੀ ਸਾਡਾ ਇਕ ਪਰਸਨਲ ਮਿਸ਼ਨ ਵੀ ਹੈ ਤੇ ਸਾਡੀ ਧਰਤੀ ਦੇ ਲੋਕਾਂ ਦਾ ਖੁਆਬ ਵੀ ਹੈ। ਜਿਵੇਂ ਕਿਹਾ ਗਿਆ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਪਿਆਰ ਕਰਨ ਵਾਲੇ ਦੇਸ਼ ਦੁਨੀਆ ਵਿਚ ਬਹੁਤ ਲੋਕ ਹਨ। ਅਸੀਂ ਵਧੀਆ ਤੋਂ ਵਧੀਆ ਟੀਮ ਲਗਾ ਕੇ ਇਸ ਯੂਨੀਵਰਸਿਟੀ ਨੂੰ ਐਸਟੈਬਲਿਸ਼ ਕਰਾਂਗੇ। ਮੈਂ ਬੇਨਤੀ ਕਰਦਾ ਹਾਂ ਕਿ ਇਸ ਬਿਲ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਬਹੁਤ-ਬਹੁਤ ਧੰਨਵਾਦ ਜੀ।

**ਟਰਾਂਸਪੋਰਟ ਮੰਤਰੀ (ਸਰਦਾਰ ਲਾਲਜੀਤ ਸਿੰਘ ਭੁੱਲਰ):** ਸਪੀਕਰ ਸਾਹਿਬ, ਸਰਦਾਰ ਪਰਗਟ ਸਿੰਘ ਹੋਰਾਂ ਨੇ ਮੇਰਾ ਨਾਮ ਲਿਆ ਹੈ, ਸਾਡੇ ਹਲਕੇ ਦੀ ਗੱਲ ਕੀਤੀ ਹੈ।

**ਮਾਣਯੋਗ ਸਪੀਕਰ:** ਪਹਿਲਾਂ ਆਪਾਂ ਬਿਲ ਪਾਸ ਕਰ ਲਈਏ ਜਾਂ ਗੱਲ ਕਰਨੀ ਹੈ?

**ਟਰਾਂਸਪੋਰਟ ਮੰਤਰੀ:** ਸਪੀਕਰ ਸਾਹਿਬ, ਪਹਿਲਾਂ ਬਿਲ ਪਾਸ ਕਰ ਲਓ ਜੀ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

> ਕਿ ਸ੍ਰੀ ਗੁਰੂ ਤੇਗ ਬਹਾਦਰ ਵਰਲਡ ਕਲਾਸ ਯੂਨੀਵਰਸਿਟੀ, ਪੰਜਾਬ ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ*** /(ਥੰਪਿੰਗ)

**ਮਾਣਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** (ਥੰਪਿੰਗ)

**ਕਲਾਜ਼ਾਂ 2 ਤੋਂ 26**

**ਮਾਣਯੋਗ ਸਪੀਕਰ** : ਕਿਉਂਜੋ ਕਲਾਜ਼ਾਂ 2 ਤੋਂ 26 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਆਵਾਜ਼ਾਂ** : ਹਾਂ ਜੀ, ਹਾਂ ਜੀ)

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 26 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** (ਥੰਪਿੰਗ)

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** (ਥੰਪਿੰਗ)

**ਸਿਰਲੇਖ**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** (ਥੰਪਿੰਗ)

**ਮਾਣਯੋਗ ਸਪੀਕਰ** : ਹੁਣ ਮੰਤਰੀ ਜੀ, ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਸ੍ਰੀ ਗੁਰੂ ਤੇਗ ਬਹਾਦਰ ਵਰਲਡ ਕਲਾਸ ਯੂਨੀਵਰਸਿਟੀ, ਪੰਜਾਬ ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਸ੍ਰੀ ਗੁਰੂ ਤੇਗ ਬਹਾਦਰ ਵਰਲਡ ਕਲਾਸ ਯੂਨੀਵਰਸਿਟੀ, ਪੰਜਾਬ ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸ੍ਰੀ ਗੁਰੂ ਤੇਗ ਬਹਾਦਰ ਵਰਲਡ ਕਲਾਸ ਯੂਨੀਵਰਸਿਟੀ, ਪੰਜਾਬ ਬਿਲ, 2026 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** (ਥੰਪਿੰਗ)

-----

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ** : ਡੀ.ਏ.ਵੀ. ਯੂਨੀਵਰਸਿਟੀ, ਜਲੰਧਰ ਦੇ ਵਿਦਿਆਰਥੀ ਅਤੇ ਟੀਚਰ ਸਾਹਿਬਾਨ ਅੱਜ ਇਸ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ। ਆਉ, ਉਨ੍ਹਾਂ ਨੂੰ 'ਜੀ ਆਇਆਂ' ਕਹੀਏ। (ਥੰਪਿੰਗ)

-------

## RESOLUTION REGARDING URGING THE GOVERNMENT OF INDIA TO CONFER THE BHARAT RATNA POSTHUMOUSLY TO BABU KANSHI RAM JI

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਅੱਜ ਮੈਂ ਦੇਸ਼ ਦੇ ਅੰਦਰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀ ਵਿਚਾਰਧਾਰਾ ਨੂੰ ਘਰ ਘਰ ਪਹੁੰਚਾਉਣ ਵਾਲੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਬਾਰੇ ਗੱਲ ਕਰਨ ਲਈ ਖੜ੍ਹਾ ਹੋਇਆ ਹਾਂ ਕਿਉਂਕਿ ਕੱਲ੍ਹ ਉਨ੍ਹਾਂ ਦਾ 92ਵਾਂ ਜਨਮ ਦਿਨ ਸੀ। ਮੈਂ ਵੀ ਗਿਆ ਸੀ ਅਤੇ ਮੇਰੇ ਨਾਲ ਸਰਦਾਰ ਹਰਜੋਤ ਬੈਂਸ ਜੀ ਵੀ ਗਏ ਸੀ ਕਿਉਂਕਿ ਇਨ੍ਹਾਂ ਦੇ ਹਲਕੇ ਦੇ ਵਿੱਚੋਂ ਹੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ। ਅਸੀਂ ਕੱਲ੍ਹ ਰੋਪੜ ਵਿਖੇ ਵੀ ਜਾ ਕੇ ਆਏ ਹਾਂ। ਉੱਥੇ ਵੀ ਕਾਫੀ ਸਾਰੇ ਪਿੰਡਾਂ ਦੀਆਂ ਡਿਮਾਂਡਜ਼ ਅਸੀਂ ਪੂਰੀਆਂ ਕਰਕੇ ਆਏ ਹਾਂ। ਸੋ, ਉਨ੍ਹਾਂ ਬਾਰੇ ਮੈਂ ਇਸ ਸਦਨ ਦੇ ਵਿੱਚ ਗੱਲ ਕਰਨੀ ਚਾਹਾਂਗਾ ਕਿਉਂਕਿ ਉਹ ਇੱਕ ਬਹੁਤ ਹੀ ਇਮਾਨਦਾਰ ਮਹਾਂਪੁਰਸ਼ ਸਨ, ਜਿਨ੍ਹਾਂ ਨੇ ਇਹ ਕਿਹਾ ਸੀ ਕਿ ਜਦੋਂ ਵੀ ਮੈਂ ਦੁਨੀਆ ਤੋਂ ਜਾਵਾਂਗਾ, ਉਸ ਸਮੇਂ ਨਾ ਤਾਂ ਮੇਰੇ ਨਾਂ ਤੇ ਕੋਈ ਇੱਕ ਮਰਲਾ ਜ਼ਮੀਨ ਹੋਵੇਗੀ ਅਤੇ ਨਾ ਹੀ ਮੇਰਾ ਕੋਈ ਬੈਂਕ ਖਾਤਾ ਹੋਵੇਗਾ। ਬਿਲਕੁਲ, ਉਸੇ ਤਰ੍ਹਾਂ ਹੋਇਆ, ਉਹ ਜਦੋਂ ਇਸ ਦੁਨੀਆ ਤੋਂ ਗਏ ਤਾਂ ਉਸ ਸਮੇਂ ਨਾ ਤਾਂ ਉਨ੍ਹਾਂ ਦੇ ਨਾਂ ਕੋਈ ਜ਼ਮੀਨ ਸੀ ਅਤੇ ਨਾ ਹੀ ਉਨ੍ਹਾਂ ਦੇ ਨਾਂ ਤੇ ਘਰ ਸੀ। ਉਨ੍ਹਾਂ ਦੀ ਮੌਤ 9 ਅਕਤੂਬਰ, 2006 ਨੂੰ ਹੋਈ ਸੀ। ਉਨ੍ਹਾਂ ਨੇ ਖਾਸ ਕਰਕੇ ਦਲਿਤ ਸਮਾਜ ਦੇ ਸਮਾਜਿਕ ਅਤੇ ਆਰਥਿਕ ਤੌਰ ਦੇ ਹਾਲਾਤਾਂ ਨੂੰ ਬਦਲਣ ਦੇ ਲਈ

ਬਹੁਤ ਵੱਡੀ ਭੂਮਿਕਾ ਨਿਭਾਈ ਅਤੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀ ਵਿਚਾਰਧਾਰਾ ਨੂੰ ਹਰ ਘਰ ਅੰਦਰ ਲੈ ਕੇ ਜਾਣ ਦਾ ਕੰਮ ਕੀਤਾ। ਮੈਂ ਸਮਝਦਾ ਹਾਂ ਕਿ ਦੇਸ਼ ਦੇ ਅੰਦਰ ਹਜ਼ਾਰਾਂ ਹੀ ਅਜਿਹੇ ਨੌਜਵਾਨ ਸਾਥੀ ਖਾਸ ਕਰਕੇ ਜਿਹੜੇ ਕਿ ਗਰੀਬ ਘਰਾਂ ਵਿੱਚੋਂ ਆਉਂਦੇ ਸੀ, ਮੱਧ ਵਰਗੀ ਪਰਿਵਾਰਾਂ ਵਿੱਚੋਂ ਆਉਂਦੇ ਸੀ, ਉਨ੍ਹਾਂ ਨੂੰ ਰਾਜਨੀਤਕ ਖੇਤਰ ਦੇ ਅੰਦਰ ਪ੍ਰਵੇਸ਼ ਕਰਵਾਇਆ, ਜਿਸ ਕਾਰਨ ਉਨ੍ਹਾਂ ਨੂੰ ਵੱਡੇ ਵੱਡੇ ਰਾਜਨੀਤਕ ਅਹੁਦੇ ਮਿਲੇ। ਮੈਂ ਇਸ ਸਬੰਧੀ ਮਤਾ ਸਦਨ ਦੇ ਅੰਦਰ ਪੇਸ਼ ਕਰਨਾ ਚਾਹੁੰਦਾ ਹਾਂ ਅਤੇ ਮੰਗ ਕਰਦਾ ਹਾਂ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਪੁਰਸਕਾਰ ਦਿੱਤਾ ਜਾਵੇ।

ਮੈਂ ਇੱਥੇ ਇੱਕ ਜ਼ਿਕਰਯੋਗ ਗੱਲ ਕਰਨੀ ਚਾਹੁੰਦਾ ਹਾਂ ਕਿ 2016 ਵਿੱਚ ਸਾਡੇ ਪਾਰਟੀ ਦੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਜੀ ਨੇ ਉਸ ਸਮੇਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਸੀ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਪੁਰਸਕਾਰ ਮਿਲਣਾ ਚਾਹੀਦਾ ਹੈ ਲੇਕਿਨ ਨਹੀਂ ਮਿਲਿਆ। ਮੈਂ ਸਦਨ ਦੇ ਸਾਹਮਣੇ ਇੱਕ ਹੋਰ ਗੱਲ ਰੱਖਣੀ ਚਾਹੁੰਦਾ ਹਾਂ ਕਿ ਜਦੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਮੌਤ ਹੁੰਦੀ ਹੈ ਤਾਂ ਉਨ੍ਹਾਂ ਦੀ ਸਮਾਰਕ ਬਣਾਉਣ ਲਈ ਦਿੱਲੀ ਵਿੱਚ ਜਗ੍ਹਾ ਦੀ ਮੰਗ ਕੀਤੀ ਗਈ ਸੀ। ਉਸ ਸਮੇਂ ਕਾਂਗਰਸ ਪਾਰਟੀ ਦਾ ਰਾਜ ਸੀ। ਸੋ, ਉਨ੍ਹਾਂ ਦੀ ਪੁਲੀਟੀਕਲ ਪਾਰਟੀ ਬਹੁਜਨ ਸਮਾਜ ਪਾਰਟੀ ਵੱਲੋਂ ਮੰਗ ਉਠੀ ਸੀ ਕਿ ਉਨ੍ਹਾਂ ਦਾ ਸਮਾਰਕ ਬਣਾਉਣ ਲਈ ਦਿੱਲੀ ਵਿੱਚ ਇੱਕ ਜਗ੍ਹਾ ਅਲਾਟ ਕੀਤੀ ਜਾਵੇ ਪਰ ਅਫ਼ਸੋਸ ਕਿ ਢੁਕਵੀਂ ਜਗ੍ਹਾ ਵੀ ਅਲਾਟ ਨਹੀਂ ਹੋਈ। ਕੱਲ੍ਹ ਜਦੋਂ ਮੈਂ ਗਿਆ ਸੀ ਤਾਂ ਮੈਂ ਉਸੇ ਸਮੇਂ ਮੇਰੇ ਛੋਟੇ ਭਰਾ ਹਰਜੋਤ ਸਿੰਘ ਜੀ ਨੂੰ ਕਿਹਾ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਨਾਂ ਤੇ ਸਕੂਲ ਦਾ ਨਾਂ ਰੱਖਿਆ ਜਾਵੇ। ਇਸ ਲਈ ਮੈਂ 2 ਕਰੋੜ ਰੁਪਏ ਦੀ ਰਾਸ਼ੀ ਉਸੇ ਸਮੇਂ ਅਲਾਟ ਕੀਤੀ ਤਾਂ ਕਿ ਇਹ ਸਕੂਲ ਨੂੰ ਨਵਾਂ ਬਣਾਇਆ ਜਾਵੇ ਅਤੇ ਆਉਣ ਵਾਲੀਆਂ ਸਦੀਆਂ ਤੱਕ ਯਾਦ ਰੱਖਿਆ ਜਾਵੇ। (ਥੰਪਿੰਗ) ਇਸ ਦੇ ਨਾਲ ਹੀ ਮੈਂ ਚੱਢਾ ਜੀ ਦੇ ਹਲਕੇ ਵਿੱਚ ਖਵਾਸਪੁਰਾ ਪਿੰਡ ਗਿਆ ਸੀ। ਉਥੇ ਵੀ ਮੰਗ ਸੀ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਨਾਂ ਤੇ ਇੱਕ ਅੱਛੀ ਲਾਇਬ੍ਰੇਰੀ ਬਣਾਈ ਜਾਵੇ, ਇੱਕ ਅੱਛਾ ਆਡੀਟੋਰੀਅਮ ਬਣਾਇਆ ਜਾਵੇ, ਮੈਂ ਉਨ੍ਹਾਂ ਦੀ ਮੰਗ ਵੀ ਪ੍ਰਵਾਨ ਕਰਕੇ ਆਇਆ ਹਾਂ।

ਸੋ, ਮੈਂ ਸਦਨ ਸਾਹਮਣੇ ਮਤਾ ਪੇਸ਼ ਕਰਦਾ ਹਾਂ ਕਿ ਆਪਾਂ ਭਾਰਤ ਸਰਕਾਰ, ਕੇਂਦਰ ਸਰਕਾਰ ਤੋਂ ਮੰਗ ਕਰੀਏ ਕਿ ਸਾਹਿਬ ਸ੍ਰੀ ਬਾਬੂ ਕਾਂਸ਼ੀ ਰਾਮ ਜੀ ਨੂੰ ਮਰਨ ਉਪਰੰਤ ਭਾਰਤ ਰਤਨ ਪੁਰਸਕਾਰ ਨਾਲ ਨਿਵਾਜਿਆ ਜਾਵੇ। ਬਹੁਤ ਬਹੁਤ ਸ਼ੁਕਰੀਆ, ਬਹੁਤ ਬਹੁਤ ਧੰਨਵਾਦ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

> ''ਕਿ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਬੀ.ਆਰ. ਅੰਬੇਦਕਰ ਦੇ ਮਿਸ਼ਨ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਬਰਾਬਰ ਨਿਆਂ ਨੂੰ ਅੱਗੇ ਲਿਜਾਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਬਾਬੂ ਕਾਂਸ਼ੀ ਰਾਮ ਦਾ ਜਨਮ ਦਿਹਾੜਾ ਬੀਤੇ ਕੱਲ੍ਹ 15 ਮਾਰਚ ਨੂੰ ਦੇਸ਼ ਵਿੱਚ ਧੂਮ-ਧਾਮ ਨਾਲ ਮਨਾਇਆ ਗਿਆ। ਉਨ੍ਹਾਂ ਨੇ ਇੱਕ ਗਰੀਬ ਪਰਿਵਾਰ ਵਿੱਚ ਜਨਮ ਲਿਆ। ਉਨ੍ਹਾਂ ਨੇ ਦਲਿਤ ਵਰਗ ਨੂੰ ਸਮਾਜਿਕ ਨਿਆਂ ਦਿਵਾਉਣ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਪੱਧਰ ਤੇ ਉਪਰ ਚੁੱਕਣ ਲਈ ਪੂਰੀ ਉਮਰ ਸੰਘਰਸ਼ ਕੀਤਾ।

ਉਨ੍ਹਾਂ ਦਾ ਜਨਮ 15 ਮਾਰਚ, 1934 ਨੂੰ ਪੰਜਾਬ ਦੇ ਰੋਪੜ (ਰੂਪਨਗਰ) ਜ਼ਿਲ੍ਹੇ ਦੇ ਪਿੰਡ ਖਵਾਸਪੁਰਾ ਵਿੱਚ ਹੋਇਆ। ਉਨ੍ਹਾਂ ਨੇ ਸਰਕਾਰੀ ਕਾਲਜ ਰੋਪੜ ਤੋਂ ਬੀ.ਐਸ.ਸੀ. ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਪੁਣੇ ਵਿੱਚ ਡੀ.ਆਰ.ਡੀ.ਓ. ਵਿੱਚ ਨੌਕਰੀ ਕੀਤੀ। ਸਮਾਜ ਵਿੱਚ ਜਾਤੀ ਵਿਤਕਰੇ ਨੂੰ ਦੇਖਦਿਆਂ ਉਨ੍ਹਾਂ ਨੇ ਨੌਕਰੀ ਛੱਡ ਦਿੱਤੀ। ਉਨ੍ਹਾਂ ਦੀ ਮੌਤ 9.10.2006 ਵਿੱਚ ਹੋਈ। ਉਨ੍ਹਾਂ ਨੇ BAMCEF 1978 ਮੁਲਾਜ਼ਮਾਂ ਨੂੰ ਲਾਮਬੰਦ ਕਰਨ ਲਈ ਗਠਿਤ ਕੀਤੀ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਕਈ ਵਾਰ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਰਹੇ। ਉਹ ਪਹਿਲੀ ਵਾਰ 1991 ਵਿੱਚ ਉੱਤਰ ਪ੍ਰਦੇਸ਼ ਦੇ ਓਟਾਵਾ ਹਲਕੇ ਤੋਂ ਲੋਕ ਸਭਾ ਮੈਂਬਰ ਚੁਣੇ ਗਏ। ਦੂਜੀ ਵਾਰ ਉਹ 1996 ਵਿੱਚ ਗਿਆਰਵੀਂ ਲੋਕ ਸਭਾ ਵਿੱਚ ਪੰਜਾਬ ਦੇ ਹੁਸ਼ਿਆਰਪੁਰ ਹਲਕੇ ਤੋਂ ਮੈਂਬਰ ਪਾਰਲੀਮੈਂਟ ਬਣੇ। ਉਹ ਰਾਜ ਸਭਾ ਦੇ ਮੈਂਬਰ ਵੀ ਰਹੇ ਹਨ। ਹਾਲਾਂਕਿ ਉਨ੍ਹਾਂ ਦਾ ਮੁੱਖ ਰਾਜਨੀਤਿਕ ਪ੍ਰਭਾਵ ਲੋਕ ਸਭਾ ਵਿੱਚ ਚੋਣਾਂ ਰਾਹੀਂ ਸਾਹਮਣੇ ਆਇਆ।

ਉਨ੍ਹਾਂ ਦੀਆਂ ਸੇਵਾਵਾਂ ਦੇ ਮੱਦੇਨਜ਼ਰ ਸਦਨ ਰਾਜ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਉਹ ਕੇਂਦਰ ਸਰਕਾਰ ਨੂੰ ਸਿਫਾਰਸ਼ ਕਰੇ ਕਿ ਬਾਬੂ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਪੁਰਸਕਾਰ ਦਿੱਤਾ ਜਾਵੇ।''

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ -

''ਕਿ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਬੀ.ਆਰ. ਅੰਬੇਦਕਰ ਦੇ ਮਿਸ਼ਨ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਬਰਾਬਰ ਨਿਆਂ ਨੂੰ ਅੱਗੇ ਲਿਜਾਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਬਾਬੂ ਕਾਂਸ਼ੀ ਰਾਮ ਦਾ ਜਨਮ ਦਿਹਾੜਾ ਬੀਤੇ ਕੱਲ੍ਹ 15 ਮਾਰਚ ਨੂੰ ਦੇਸ਼ ਵਿੱਚ ਧੂਮ-ਧਾਮ ਨਾਲ ਮਨਾਇਆ ਗਿਆ। ਉਨ੍ਹਾਂ ਨੇ ਇੱਕ ਗਰੀਬ ਪਰਿਵਾਰ ਵਿੱਚ ਜਨਮ ਲਿਆ। ਉਨ੍ਹਾਂ ਨੇ ਦਲਿਤ ਵਰਗ ਨੂੰ ਸਮਾਜਿਕ ਨਿਆਂ ਦਿਵਾਉਣ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਪੱਧਰ ਤੇ ਉਪਰ ਚੁੱਕਣ ਲਈ ਪੂਰੀ ਉਮਰ ਸੰਘਰਸ਼ ਕੀਤਾ।

ਉਨ੍ਹਾਂ ਦਾ ਜਨਮ 15 ਮਾਰਚ, 1934 ਨੂੰ ਪੰਜਾਬ ਦੇ ਰੋਪੜ (ਰੂਪਨਗਰ) ਜ਼ਿਲ੍ਹੇ ਦੇ ਪਿੰਡ ਖਵਾਸਪੁਰਾ ਵਿੱਚ ਹੋਇਆ। ਉਨ੍ਹਾਂ ਨੇ ਸਰਕਾਰੀ ਕਾਲਜ ਰੋਪੜ ਤੋਂ ਬੀ.ਐਸ.ਸੀ. ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਪੁਣੇ ਵਿੱਚ ਡੀ.ਆਰ.ਡੀ.ਓ. ਵਿੱਚ ਨੌਕਰੀ ਕੀਤੀ। ਸਮਾਜ ਵਿੱਚ ਜਾਤੀ ਵਿਤਕਰੇ ਨੂੰ ਦੇਖਦਿਆਂ ਉਨ੍ਹਾਂ ਨੇ ਨੌਕਰੀ ਛੱਡ ਦਿੱਤੀ। ਉਨ੍ਹਾਂ ਦੀ ਮੌਤ 9.10.2006 ਵਿੱਚ ਹੋਈ। ਉਨ੍ਹਾਂ ਨੇ BAMCEF 1978 ਮੁਲਾਜ਼ਮਾਂ ਨੂੰ ਲਾਮਬੰਦ ਕਰਨ ਲਈ ਗਠਿਤ ਕੀਤੀ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਕਈ ਵਾਰ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਰਹੇ। ਉਹ ਪਹਿਲੀ ਵਾਰ 1991 ਵਿੱਚ ਉੱਤਰ ਪ੍ਰਦੇਸ਼ ਦੇ ਓਟਾਵਾ ਹਲਕੇ ਤੋਂ ਲੋਕ ਸਭਾ ਮੈਂਬਰ ਚੁਣੇ ਗਏ। ਦੂਜੀ ਵਾਰ ਉਹ 1996 ਵਿੱਚ ਗਿਆਰਵੀਂ ਲੋਕ ਸਭਾ ਵਿੱਚ ਪੰਜਾਬ ਦੇ ਹੁਸ਼ਿਆਰਪੁਰ ਹਲਕੇ ਤੋਂ ਮੈਂਬਰ ਪਾਰਲੀਮੈਂਟ ਬਣੇ। ਉਹ ਰਾਜ ਸਭਾ ਦੇ ਮੈਂਬਰ ਵੀ ਰਹੇ ਹਨ। ਹਾਲਾਂਕਿ ਉਨ੍ਹਾਂ ਦਾ ਮੁੱਖ ਰਾਜਨੀਤਿਕ ਪ੍ਰਭਾਵ ਲੋਕ ਸਭਾ ਵਿੱਚ ਚੋਣਾਂ ਰਾਹੀਂ ਸਾਹਮਣੇ ਆਇਆ।

ਉਨ੍ਹਾਂ ਦੀਆਂ ਸੇਵਾਵਾਂ ਦੇ ਮੱਦੇਨਜ਼ਰ ਸਦਨ ਰਾਜ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਉਹ ਕੇਂਦਰ ਸਰਕਾਰ ਨੂੰ ਸਿਫਾਰਸ਼ ਕਰੇ ਕਿ ਬਾਬੂ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਪੁਰਸਕਾਰ ਦਿੱਤਾ ਜਾਵੇ।''

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਸੁਖਵਿੰਦਰ ਸਿੰਘ ਕੋਟਲੀ, ਮੈਂਬਰ ਆਪਣੀ ਸੀਟ ਤੇ ਖੜ੍ਹੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ** : ਇੱਕ ਮਿੰਟ ਜੀ, ਪਹਿਲਾਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਬੋਲ ਲੈਣ ਦਿਉ। He is your leader.

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** : ਸਰ, ਗੱਲ ਇਸ ਤਰ੍ਹਾਂ ਹੈ ਕਿ ਅਸੀਂ ਇਸ ਮਤੇ ਨੂੰ ਸਪੋਰਟ ਕਰਦੇ ਹਾਂ। ਜਿਹੜੇ ਸਾਡੇ ਲੀਡਰ ਆਫ ਆਪੋਜ਼ੀਸ਼ਨ ਰਾਹੁਲ ਗਾਂਧੀ ਜੀ ਹਨ, ਉਨ੍ਹਾਂ ਨੇ ਤਾਂ ਪਹਿਲਾਂ ਹੀ ਇਸ ਪ੍ਰਤੀ ਚਿੱਠੀ ਲਿਖ ਦਿੱਤੀ ਹੈ। ਮੈਂ, ਸਰਦਾਰ ਹਰਪਾਲ ਸਿੰਘ ਜੀ ਦਾ ਬਹੁਤ ਮਸ਼ਕੂਰ ਹਾਂ ਕਿ ਇਹ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਇਹ ਮਤਾ ਲੈ ਕੇ ਆਏ ਹਨ। ਅਸੀਂ ਇਸ ਦੀ ਫੁੱਲ ਫਲੈੱਜਡ ਸਪੋਰਟ ਕਰਦੇ ਹਾਂ। ਉਨ੍ਹਾਂ ਦਾ ਹੱਕ ਬਣਦਾ ਸੀ ਅਤੇ ਉਨ੍ਹਾਂ ਨੂੰ ਭਾਰਤ ਰਤਨ ਜ਼ਰੂਰ ਮਿਲਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਨੂੰ ਇਸ ਅਵਾਰਡ ਨਾਲ ਸਨਮਾਨਿਤ ਕੀਤਾ ਜਾਵੇ। ਹੁਣ ਮੈਂ ਆਪਣੇ ਸਾਥੀ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੀ ਗੱਲ ਰੱਖਣ।

**ਮਾਣਯੋਗ ਸਪੀਕਰ**: ਹਾਂ ਜੀ, ਕੋਟਲੀ ਸਾਹਿਬ। ਹੁਣ ਤੁਸੀਂ ਬੋਲੋ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ)** : ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਜੀ। ਮੈਂ ਮਾਣਯੋਗ ਚੀਮਾ ਸਾਹਿਬ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਉਹ ਦੁਨੀਆ ਦੇ ਮਹਾਨ ਰਹਿਬਰ ਅਤੇ ਬਹੁਜਨ ਅੰਦੋਲਨ ਦੇ ਮਸੀਹਾ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਦੇਣ ਲਈ ਮਤਾ ਲਿਆਏ ਹਨ, ਅਸੀਂ ਉਸ ਨਾਲ ਸਹਿਮਤ ਹਾਂ। ਸਾਡੇ ਐਲ.ਓ.ਪੀ. ਸਾਹਿਬ ਬੈਠੇ ਹਨ, ਅਸੀਂ ਸਾਰੇ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹਾਂ। ਸ੍ਰੀ ਰਾਹੁਲ ਗਾਂਧੀ ਜੀ ਨੇ ਵੀ ਕੱਲ੍ਹ ਉਨ੍ਹਾਂ ਦੇ ਜਨਮ ਦਿਨ ਸਮੇਂ ਉਨ੍ਹਾਂ ਨੂੰ ਭਾਰਤ ਰਤਨ ਦੇਣ ਦੀ ਗੱਲ ਕੀਤੀ ਹੈ, ਪ੍ਰਧਾਨ ਮੰਤਰੀ ਜੀ ਨੂੰ ਪੱਤਰ ਲਿਖਿਆ ਹੈ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਸ ਦੀ ਪ੍ਰਵਾਨਗੀ ਦਿੱਤੀ ਜਾਵੇ।

ਦੂਜੀ ਗੱਲ, ਮੈਂ ਚੀਮਾ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਕਾਂਗਰਸ ਦੀ ਸਰਕਾਰ ਵੇਲੇ ਆਦਮਪੁਰ ਵਿੱਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਨਾਂ ਤੇ ਡਿਗਰੀ ਕਾਲਜ ਬਣਾਉਣ ਦਾ ਐਲਾਨ ਕੀਤਾ ਗਿਆ ਸੀ। ਮੇਰਾ ਦੋ ਸਾਲ ਪਹਿਲਾਂ ਵੀ ਸਵਾਲ ਸੀ ਕਿ ਉਹ ਡਿਗਰੀ ਕਾਲਜ ਬਣਾਇਆ ਜਾਵੇ। ਮਾਣਯੋਗ ਹਰਜੋਤ ਬੈਂਸ ਜੀ, ਸਿੱਖਿਆ ਮੰਤਰੀ ਜੀ ਦਾ ਉੱਤਰ ਆਇਆ ਸੀ ਕਿ ਲੋੜੀਂਦੀ ਜ਼ਮੀਨ ਸਰਕਾਰ ਨੂੰ ਉਪਲਬਧ ਕਰਵਾ ਦਿੱਤੀ ਜਾਵੇ। ਨਗਰ ਕੌਂਸਲ, ਆਦਮਪੁਰ ਵੱਲੋਂ ਜ਼ਮੀਨ ਉਪਲਬਧ ਕਰਵਾਈ ਨੂੰ ਤਿੰਨ ਸਾਲ ਦਾ ਸਮਾਂ ਹੋ ਗਿਆ ਹੈ। ਬਜਟ ਆਇਆ, ਹੋਰ ਬਹੁਤ ਕੁਝ ਆਇਆ ਪਰ ਇਸ ਡਿਗਰੀ ਕਾਲਜ ਨੂੰ ਅਣਗੌਲਿਆ ਕਰ ਦਿੱਤਾ ਗਿਆ। ਸੋ, ਮੇਰੀ ਬੇਨਤੀ ਹੈ ਕਿ ਇਸ ਡਿਗਰੀ ਕਾਲਜ ਨੂੰ ਅਣਗੌਲਿਆ ਨਾ ਕੀਤਾ ਜਾਵੇ। ਜਿੱਥੇ ਅਸੀਂ ਉਨ੍ਹਾਂ ਨੂੰ ਭਾਰਤ ਰਤਨ ਦੇਣ ਦੀ ਮੰਗ ਕਰ ਰਹੇ ਸੀ, ਉਥੇ ਅਸੀਂ ਤੁਹਾਡੇ ਵੱਲੋਂ ਲਿਆਂਦੇ ਗਏ ਮਤੇ ਦੀ ਹਮਾਇਤ ਵੀ ਕਰਦੇ ਹਾਂ। ਤੁਸੀਂ ਕੱਲ੍ਹ ਖਵਾਸਪੁਰਾ, ਰੋਪੜ ਜਾ ਕੇ ਵੀ ਐਲਾਨ ਕਰਕੇ ਆਏ ਹੋ। ਇਸ ਸਰਕਾਰ ਦੇ ਸਮੇਂ ਦੌਰਾਨ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਨਾਂ ਤੇ ਜਿਹੜਾ ਕਾਂਗਰਸ ਪਾਰਟੀ ਨੇ ਐਲਾਨ ਕੀਤਾ ਸੀ ਉਹ ਮੈਂ ਬਤੌਰ ਐਮ.ਐਲ.ਏ., ਕਾਂਗਰਸ ਦੱਸਣਾ ਚਾਹੁੰਦਾ ਹਾਂ ਕਿ ਨਗਰ ਕੌਂਸਲ ਹਾਊਸ ਵਿੱਚ ਸਾਡਾ ਬਹੁਮਤ ਹੈ, ਅਸੀਂ ਮਤਾ ਪਾਸ ਕੀਤਾ ਸੀ, ਅਸੀਂ ਲੋੜੀਂਦੀ ਜ਼ਮੀਨ ਪ੍ਰੋਵਾਈਡ

ਕਰਵਾਈ ਹੈ। ਮੈਂ ਪਹਿਲਾਂ ਵੀ ਕਿਹਾ ਹੈ ਕਿ ਉਨ੍ਹਾਂ ਦੇ ਨਾਂ ਤੇ ਬਜਟ ਵਿੱਚ ਕੋਈ ਪੈਸਾ ਨਹੀਂ ਰੱਖਿਆ ਗਿਆ ਹੈ ਲੇਕਿਨ ਇਸ ਡਿਗਰੀ ਕਾਲਜ ਨੂੰ ਵੀ ਜ਼ਰੂਰ ਰਿਕਾਰਡ ਤੇ ਲਿਆਂਦਾ ਜਾਵੇ ਤੇ ਉਸ ਵਾਸਤੇ ਪੈਸਾ ਰਿਲੀਜ਼ ਕੀਤਾ ਜਾਵੇ। ਮੈਂ ਚੀਮਾ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਜ਼ਰੂਰ ਖੜ੍ਹ ਕੇ ਐਲਾਨ ਕਰਕੇ ਜਾਣ ਕਿ ਉਸ ਦਾ ਨੀਂਹ ਪੱਥਰ ਵੀ ਰੱਖਿਆ ਜਾਵੇਗਾ। ਇਹੀ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ, ਉਨ੍ਹਾਂ ਦੇ ਜਨਮ ਦਿਨ ਤੇ ਸੱਚੀ ਸ਼ਰਧਾਂਜਲੀ ਹੋਵੇਗੀ। ਜਿਸ ਦਿਨ ਸਰਕਾਰ ਨੀਂਹ ਪੱਥਰ ਰੱਖਣ ਜਾਵੇਗੀ, ਮੈਂ ਗੁਲਦਸਤਾ ਲੈ ਕੇ ਪੰਜਾਬ ਸਰਕਾਰ ਦਾ ਧੰਨਵਾਦ ਕਰਨ ਜਾਵਾਂਗਾ ਕਿ ਉਨ੍ਹਾਂ ਨੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਸਨਮਾਨ ਕੀਤਾ। ਸੋ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਨਾਂ ਤੇ ਸਾਡਾ ਡਿਗਰੀ ਕਾਲਜ ਬਣਾਇਆ ਜਾਵੇ। ਬਹੁਤ ਬਹੁਤ ਧੰਨਵਾਦ।

-------

## WELCOME ANNOUNCEMENT BY THE SPEAKER

**ਮਾਣਯੋਗ ਸਪੀਕਰ**: ਮੀਰੀ ਪੀਰੀ ਖਾਲਸਾ ਕਾਲਜ, ਭਦੌੜ, ਬਰਨਾਲਾ ਦੇ ਵਿਦਿਆਰਥੀ ਅਤੇ ਮੇਰਾ ਸਕੂਲ, ਜਿੱਥੇ ਮੈਂ ਪੜ੍ਹਿਆਂ ਹਾਂ, ਪੀ.ਐਮ. ਸ੍ਰੀ ਭਾਈ ਕਿਸ਼ਨ ਸਿੰਘ, ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ, ਸੰਧਵਾਂ ਦੇ ਵਿਦਿਆਰਥੀ ਅਤੇ ਅਧਿਆਪਕ ਇਸ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ। ਆਓ, ਉਨ੍ਹਾਂ ਨੂੰ 'ਜੀ ਆਇਆਂ' ਕਹੀਏ। (ਥੰਪਿੰਗ)

ਇੱਥੇ ਹੀ ਮੈਂ ਇੱਕ ਗੱਲ ਹੋਰ ਆਪ ਜੀ ਦੇ ਚਰਨਾਂ ਵਿੱਚ ਰੱਖਣੀ ਚਾਹੁੰਦਾ ਹਾਂ ਕਿ ਭਾਈ ਕਿਸ਼ਨ ਸਿੰਘ, ਜਿਨ੍ਹਾਂ ਦੇ ਨਾਂ ਤੇ ਇਹ ਸਕੂਲ ਹੈ, ਉਹ ਮੇਰੇ ਪੜਦਾਦਾ ਜੀ ਸਨ। (ਥੰਪਿੰਗ) ਮੈਂ ਇੱਕ ਗੱਲ ਹੋਰ ਐਡ ਕਰ ਦਿਆਂ ਕਿ ਭਾਈ ਕਿਸ਼ਨ ਸਿੰਘ ਜੀ, ਭਾਰਤ ਦੇ ਸਵਰਗੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਦੇ ਪਿਤਾ ਜੀ ਵੀ ਸਨ। (ਥੰਪਿੰਗ) ਬਹੁਤ ਧੰਨਵਾਦ।

-------

## RESOLUTION REGARDING URGING THE GOVERNMENT OF INDIA TO CONFER THE BHARAT RATNA POSTHUMOUSLY TO BABU KANSHI RAM JI (*Resumption*)

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਜੀ। ਜੋ ਚੀਮਾ ਸਾਹਿਬ ਨੇ ਰੈਜ਼ੋਲਿਊਸ਼ਨ ਮੂਵ ਕੀਤਾ ਹੈ, ਮੈਂ ਉਸ ਦੀ ਤਹਿ ਦਿਲੋਂ ਸਪੋਰਟ ਕਰਦਾ ਹਾਂ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਦਲਿਤ ਸਮਾਜ ਨੂੰ, ਪੂਰੇ ਦੇਸ਼ ਨੂੰ ਬਹੁਤ ਵੱਡੀ ਦੇਣ ਰਹੀ ਹੈ। ਮੈਂ ਬਾਜਵਾ ਸਾਹਿਬ ਦਾ ਤੇ ਕਾਂਗਰਸ ਪਾਰਟੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਸ ਗੱਲ ਦੀ ਹਮਾਇਤ ਕੀਤੀ ਹੈ ਪਰ ਮੈਂ ਬਾਜਵਾ ਸਾਹਿਬ ਦੀ ਇੱਕ ਗੱਲ ਨਾਲ ਸਹਿਮਤ ਨਹੀਂ ਹਾਂ, ਇਨ੍ਹਾਂ ਨੇ ਕਿਹਾ ਹੈ ਕਿ ਕੱਲ੍ਹ ਸ੍ਰੀ ਰਾਹੁਲ ਗਾਂਧੀ ਜੀ ਨੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਦੇਣ ਦੀ ਗੱਲ ਕਹੀ ਹੈ, ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਅਸੀਂ ਇਹ ਰੈਜ਼ੋਲਿਊਸ਼ਨ ਲੈ ਕੇ ਆਏ ਹਾਂ। ਮੈਂ ਬਾਜਵਾ ਸਾਹਿਬ ਨੂੰ ਤੁਹਾਡੇ ਜ਼ਰੀਏ ਦਿਖਾਉਣਾ ਚਾਹਾਂਗਾ (ਖਬਰ ਦਾ ਪ੍ਰਿੰਟ ਦਿਖਾਉਂਦੇ ਹੋਏ) ਕਿ 16.03.2016 ਨੂੰ ਸਾਡੇ ਨੈਸ਼ਨਲ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਜੀ ਸਬੰਧੀ ਛਪਿਆ ਹੈ - Kejriwal wants Bharat Ratan for Dalit Leader Kanshi Ram Ji, gets Dullo's backing - ਬਾਜਵਾ ਸਾਹਿਬ,

ਰਾਹੁਲ ਗਾਂਧੀ ਜੀ ਨੂੰ ਜਾਗਣ ਵਾਸਤੇ ਦਸ ਸਾਲ ਲੱਗ ਗਏ ਹਨ, ਉਹ ਦਸ ਸਾਲ ਲੇਟ ਚੱਲ ਰਹੇ ਹਨ। ਦੂਜਾ, ਜੇ conventionally ਦੇਖਿਆ ਜਾਵੇ ਔਰ ਦੇਸ਼ ਦੀ ਲੈਂਡਸਕੇਪ - ਪਾਲੀਟਿਕਸ ਅਤੇ ਪਰਸਪੈਕਟਿਵ - ਦੀ ਗੱਲ ਕੀਤੀ ਜਾਵੇ ਜਾਂ ਯੂ.ਪੀ. ਦੀ ਗੱਲ ਕੀਤੀ ਜਾਵੇ ਤਾਂ ਕਾਂਗਰਸ ਪਾਰਟੀ ਹਮੇਸ਼ਾ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੂੰ ਯੂ.ਪੀ. ਵਿੱਚ conventionally ਵਿਰੋਧੀ ਮੰਨਦੇ ਰਹੇ ਹਨ ਕਿਉਂਕਿ ਉੱਥੇ ਦਲਿਤ ਵੋਟ ਦਾ ਸਵਾਲ ਸੀ। ਦਸ ਸਾਲ 2004 ਤੋਂ 2014 ਤੱਕ ਯੂ.ਪੀ.ਏ. ਦੀ ਸਰਕਾਰ ਰਹੀ ਹੈ ਅਤੇ ਇਹ ਆਨ ਰਿਕਾਰਡ ਹੈ ਕਿ ਇੱਕ ਵਾਰ ਵੀ ਇਸ ਲੀਡਰ ਨੂੰ ਜਦੋਂ ਭਾਰਤ ਰਤਨ ਦੇਣਾ ਬਣਦਾ ਸੀ, ਨਹੀਂ ਦਿੱਤਾ ਗਿਆ। ਸਾਲ 2014 ਵਿੱਚ ਜਦੋਂ ਅਮੇਠੀ ਤੇ ਰਾਏ ਬਰੇਲੀ ਦੀਆਂ ਦੋ ਸੀਟਾਂ ਰਹਿ ਗਈਆਂ ਤਾਂ ਉਸ ਤੋਂ ਬਾਅਦ ਵੀ ਤੁਹਾਨੂੰ ਜਾਗਣ ਵਿੱਚ 12 ਸਾਲ ਲੱਗ ਗਏ ਹਨ। ਸੋ, ਮੇਰੀ ਬੇਨਤੀ ਹੈ ਕਿ ਤੁਸੀਂ ਪੰਜਾਬ ਨੂੰ ਗੁੰਮਰਾਹ ਨਾ ਕਰੋ। ਸਾਡੇ ਲੀਡਰ ਕੇਜਰੀਵਾਲ ਸਾਹਿਬ ਦਸ ਸਾਲ ਪਹਿਲਾਂ ਇਹ ਮੰਗ ਰੱਖ ਚੁੱਕੇ ਹਨ। ਹੁਣ ਇਹ ਮੰਗ ਕੱਲ੍ਹ ਰਾਹੁਲ ਜੀ ਦੇ ਮੂੰਹੋਂ ਆਈ ਹੈ ਕਿਉਂਕਿ ਯੂ.ਪੀ. ਵਿੱਚ ਤਾਂ ਕਾਂਗਰਸ ਦਾ ਦੀਵਾ ਬੁੱਝ ਚੁੱਕਿਆ ਹੈ ਤੇ ਪੰਜਾਬ ਵਿੱਚ ਜਿਹੜਾ ਮਾੜਾ ਜਿਹਾ ਦੀਵਾ ਫੜ-ਫੜਾ ਰਿਹਾ ਹੈ, ਉਸ ਨੂੰ ਜਿਉਂਦਾ ਰੱਖਣ ਲਈ, ਚਲਦਾ ਰੱਖਣ ਲਈ, ਉਨ੍ਹਾਂ ਨੇ ਇਸ ਗੱਲ ਦੀ ਸਹਿਮਤੀ ਦਿੱਤੀ ਹੈ। ਸੋ, ਅਸੀਂ ਫਿਰ ਵੀ ਤੁਹਾਡਾ ਧੰਨਵਾਦ ਕਰਦੇ ਹਾਂ। ਕਿਰਪਾ ਕਰਕੇ ਤੁਸੀਂ ਪੰਜਾਬ ਨੂੰ ਗੁੰਮਰਾਹ ਨਾ ਕਰੋ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀਮਤੀ ਅਰੁਨਾ ਚੌਧਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ**: ਬਾਜਵਾ ਜੀ, ਅਰੁਨਾ ਜੀ ਨੂੰ ਕਹਿਣ ਦੇਈਏ, ਗੱਲ ਕਰਨ ਦੇਈਏ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇੱਕ ਮਿੰਟ ਜੀ, ਮੈਂ ਤਾਂ ਇਹ ਕਹਿਣਾ ਹੈ ਕਿ ਹਾਊਸ ਵਿੱਚ ਜਿਹੜਾ ਇਹ ਰੈਜ਼ੋਲਿਊਸ਼ਨ ਲੈ ਕੇ ਆਏ ਹਨ, this House unanimously resolves to recommend to the Government of India to confer the Bharat Ratan Award on Shaheed-e-Azam Bhagat Singh Ji in recognisation of his unparalleled and inspirational sacrifice. ਇਹ ਮਤਾ ਵੀ ਨਾਲ ਜ਼ਰੂਰ ਲਿਆਂਦਾ ਜਾਵੇ। ਬਾਕੀ ਤੁਹਾਡੇ ਵੱਲੋਂ ਜਿਹੜਾ ਮਤਾ ਸਾਹਿਬ ਸ਼੍ਰੀ ਕਾਂਸ਼ੀ ਜੀ ਲਈ ਲਿਆਂਦਾ ਗਿਆ ਹੈ, ਅਸੀਂ ਉਸ ਨਾਲ ਪੂਰੇ ਐਗਰੀ ਕਰਦੇ ਹਾਂ।

**ਮਾਣਯੋਗ ਸਪੀਕਰ**: ਠੀਕ ਹੈ ਜੀ, ਤੁਹਾਡੀ ਗੱਲ ਆ ਗਈ ਹੈ। Let Aruna Ji speak.

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਜਿਹੜੀ ਅਮਨ ਜੀ ਨੇ ਗੱਲ ਕਹੀ ਹੈ, ਮੈਂ ਉਸ ਨਾਲ ਐਗਰੀ ਨਹੀਂ ਕਰਦਾ ਹਾਂ ਕਿਉਂਕਿ ਇਹ ਮਤਾ ਪਹਿਲਾਂ ਆਉਣਾ ਚਾਹੀਦਾ ਸੀ ਨਾ ਕਿ last moment ਤੇ ਲਿਆਉਣਾ ਸੀ। ਰਾਹੁਲ ਜੀ ਦੀ ਇਨਸਪੀਰੇਸ਼ਨ ਤੋਂ ਨਹੀਂ ਆਉਣਾ ਚਾਹੀਦਾ ਸੀ, ਬਲਕਿ ਇਹ ਮਤਾ ਇੱਕ ਦਿਨ ਪਹਿਲਾਂ ਆਉਣਾ ਚਾਹੀਦਾ ਸੀ। ਹੁਣ ਇਹ ਮਤਾ ਲਾਸਟ ਮੂਵਮੈਂਟ ਤੇ ਰਾਹੁਲ ਜੀ ਦੀ inspiration ਤੋਂ ਆਇਆ ਹੈ, ਅਸੀਂ ਤੁਹਾਡੇ ਬਹੁਤ ਮਸ਼ਕੂਰ ਹਾਂ।

**ਮਾਣਯੋਗ ਸਪੀਕਰ:** ਠੀਕ ਹੈ, ਧੰਨਵਾਦ ਜੀ। ਅਰੁਨਾ ਚੌਧਰੀ ਜੀ।

**ਸ਼੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ.)**: ਜਿਹੜਾ ਮਤਾ ਚੀਮਾ ਜੀ ਲੈ ਕੇ ਆਏ ਹਨ। ਅਸੀਂ ਉਸ ਲਈ ਯੂਨਾਨੀਮਸਲੀ ਤਾਈਦ ਕਰਦੇ ਹਾਂ। ਮੈਂ ਇਸ ਦੇ ਨਾਲ ਇੱਕ ਹੋਰ ਮਸਲੇ ਤੇ ਗੱਲ ਕਰਨਾ ਚਾਹੁੰਦੀ ਹਾਂ।

**ਮਾਣਯੋਗ ਸਪੀਕਰ:** ਨਹੀਂ ਜੀ, ਇਸੇ ਮਤੇ ਤੇ ਡਿਸਕਸ਼ਨ ਹੋਵੇਗਾ। ਧੰਨਵਾਦ ਜੀ।

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ, ਐਸ.ਸੀ.)** : ਸਪੀਕਰ ਸਾਹਿਬ, ਧੰਨਵਾਦ। ਮੈਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ, ਸ੍ਰੀ ਅਰਵਿੰਦ ਕੇਜਰੀਵਾਲ ਜੀ ਅਤੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਮਾਨ ਜੀ ਅਤੇ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਸੋਚ ਨੂੰ ਸਮਰਪਿਤ ਵਿਚਾਰਧਾਰਾ ਨੂੰ ਇਸ ਪਵਿੱਤਰ ਸਦਨ ਰਾਹੀਂ ਲੋਕਾਂ ਤੱਕ ਪਹੁੰਚਾਉਣ ਦਾ ਯਤਨ ਕੀਤਾ ਹੈ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਨੌਕਰੀ ਦੌਰਾਨ ਪੂਨਾ ਐਕਸਪਲੋਸਿਵ ਦੇ ਪ੍ਰਬੰਧਕਾਂ ਨੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਜਨਮ ਦਿਨ ਅਤੇ ਬੁੱਧ ਜੈਯੰਤੀ ਦੀਆਂ ਦੋ ਛੁੱਟੀਆਂ ਕੱਟ ਕੇ ਇੱਕ ਛੁੱਟੀ ਤਿਲਕ ਜੈਯੰਤੀ ਅਦੇ ਦੂਜੀ ਛੁੱਟੀ ਨੂੰ ਦਿਵਾਲੀ ਨਾਲ ਜੋੜ ਕੇ ਤਬਦੀਲ ਕਰ ਦਿੱਤਾ, ਜਿਸ ਦਾ ਇੱਕ ਚੌਥੇ ਦਰਜੇ ਦੇ ਮੁਲਾਜ਼ਮ ਦੀਨਾ ਭਾਨਾ ਨੇ ਡੱਟ ਕੇ ਵਿਰੋਧ ਕੀਤਾ। ਇਹ ਝਗੜਾ ਕਾਦੀ ਹੱਦ ਤੱਕ ਵੱਧ ਗਿਆ। ਪ੍ਰਬੰਧਕਾਂ ਨੇ ਦੀਨਾ ਭਾਨਾ ਨੂੰ ਸਸਪੈਂਡ ਕਰ ਦਿੱਤਾ। ਜਦੋਂ ਇਹ ਗੱਲ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਤੱਕ ਪਹੁੰਚੀ ਤਾਂ ਉਨ੍ਹਾਂ ਨੇ ਦੀਨਾ ਭਾਨੇ ਦਾ ਡੱਟ ਕੇ ਸਾਥ ਦਿੱਤਾ। ਇਸ ਘਟਨਾ ਤੋਂ ਬਾਅਦ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਡਾ. ਅੰਬੇਦਕਰ ਜੀ ਦੀਆਂ ਕਾਫੀ ਕਿਤਾਬਾਂ ਪੜ੍ਹੀਆਂ, ਜਿਸ ਨਾਲ ਉਨ੍ਹਾਂ ਦੇ ਮਨ ਵਿੱਚ ਬਗਾਵਤ ਦੀ ਚਿਣਗ ਜਾਗ ਪਈ। ਉਨ੍ਹਾਂ ਨੇ ਆਪਣੀ ਨੌਕਰੀ ਛੱਡ ਕੇ, ਬਿਨਾਂ ਪਰਿਵਾਰ ਬਣਾਏ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ ਮਿਸ਼ਨ ਪੂਰਾ ਕਰਨ ਦੇ ਲਈ ਕਸਮ ਖਾ ਲਈ ਅਤੇ ਇਸ ਸਬੰਧੀ ਆਪਣੇ ਮਾਤਾ-ਪਿਤਾ ਨੂੰ ਚਿੱਠੀ ਵੀ ਲਿਖ ਦਿੱਤੀ। ਉਸ ਤੋਂ ਬਾਅਦ ਕਦੇ ਵੀ ਆਰਾਮ ਨਾਲ ਨਹੀਂ ਬੈਠੇ ਅਤੇ ਆਪਣੀ ਸਾਰੀ ਉਮਰ ਦੱਬੇ-ਕੁਚਲੇ ਸਮਾਜ ਦੇ ਨਾਮ ਲਗਾ ਦਿੱਤੀ। ਉਨ੍ਹਾਂ ਨੇ ਮੁਲਾਜ਼ਮਾਂ ਅਤੇ ਦੱਬੇ-ਕੁਚਲੇ ਸਮਾਜ ਨੂੰ ਬਾਬਾ ਸਾਹਿਬ ਦੇ ਉਪਕਾਰ ਅਤੇ ਉਸ ਸਮੇਂ ਦੀਆਂ ਰਵਾਇਤੀ ਪਾਰਟੀਆਂ ਬੀ.ਜੇ.ਪੀ. ਅਤੇ ਕਾਂਗਰਸ ਦੇ ਧੋਖੇ ਬਾਰੇ ਜਾਗਰੂਕ ਵੀ ਕੀਤਾ। ਇਸੇ ਸਾਲ 2 ਤੋਂ 8 ਦਸੰਬਰ ਤੱਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਜਪਾਨ ਵਿੱਚ ਰਹੇ, ਜਿੱਥੇ ਉਨ੍ਹਾਂ ਨੇ ਇੱਕ ਮਾਨਵ ਅਧਿਕਾਰ ਸੰਸਥਾ ਦੇ ਪ੍ਰੋਗਰਾਮ ਵਿੱਚ ਜਾਤ-ਪਾਤ ਖਤਮ ਕਰਨ ਲਈ ਆਪਣਾ ਬੇਮਿਸਾਲ ਭਾਸ਼ਣ ਦਿੱਤਾ। 15 ਮਾਰਚ, 1983 ਤੋਂ ਲੈ ਕੇ 24 ਅਪ੍ਰੈਲ, 1983 ਤੱਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਪੂਰੇ ਦੇਸ਼ ਵਿੱਚ ਅੰਬੇਦਕਰ ਵਾਦੀ ਮਿਸ਼ਨ ਦਾ ਪ੍ਰਚਾਰ ਕਰਨ ਲਈ '2 ਪੈਰ 2 ਟਾਇਰ ਅੰਦੋਲਨ' ਦੇ ਨਾਮ ਹੇਠ 4200 ਕਿਲੋਮੀਟਰ ਦੀ ਸਾਈਕਲ ਯਾਤਰਾ ਦਾ ਅਜੂਬਾ ਕੀਤਾ, ਜਿਸ ਵਿੱਚ ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਦੇਸ਼ ਦੇ ਕੋਨੇ-ਕੋਨੇ ਵਿੱਚ ਜਾ ਕੇ ਉਨ੍ਹਾਂ ਨੇ ਬਾਬਾ ਸਾਹਿਬ ਦੇ ਮਿਸ਼ਨ ਦਾ ਪ੍ਰਸਾਰ-ਪ੍ਰਚਾਰ ਕੀਤਾ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਪਹਿਲੀ ਵਾਰ 1984 ਵਿੱਚ ਲੋਕ ਸਭਾ ਦੀਆਂ ਚੋਣਾਂ ਲੜੀਆਂ, ਜਿਸ ਵਿੱਚ ਉਨ੍ਹਾਂ ਨੂੰ 10 ਲੱਖ ਤੋਂ ਵੱਧ ਵੋਟਾਂ ਮਿਲੀਆਂ। ਇਸੇ ਸਾਲ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ 30 ਮਾਰਚ, 1984 ਨੂੰ ਮਰਾਠੀ ਭਾਸ਼ਾ ਵਿੱਚ ਅਤੇ 14 ਅਪ੍ਰੈਲ, 1984 ਨੂੰ ਦਿੱਲੀ ਤੋਂ ਹਿੰਦੀ - ਅੰਗਰੇਜ਼ੀ ਭਾਸ਼ਾ ਵਿੱਚ ਰੋਜ਼ਾਨਾ ਬਹੁਜਨ ਟਾਈਮਜ਼ ਅਖਬਾਰ ਸ਼ੁਰੂ ਕੀਤੇ, ਜਿਸ ਵਿੱਚ ਉਨ੍ਹਾਂ ਦੇ ਤਰਕ ਅਤੇ ਦਲੀਲ ਭਰਪੂਰ ਲੇਖ ਪੂਰੇ ਦੇਸ਼ ਵਿੱਚ ਚਰਚਾ ਦਾ ਵਿਸ਼ੇ ਬਣੇ ਰਹੇ। 6 ਦਸੰਬਰ, 1990 ਤੋਂ 14 ਅਪ੍ਰੈਲ 1991 ਤੱਕ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਬਾਬਾ ਸਾਹਿਬ ਜੀ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਸਮਾਜਿਕ ਪਰਿਵਰਤਨ ਅਤੇ ਆਰਥਿਕ ਮੁਕਤੀ ਦਾ ਅੰਦੋਲਨ ਆਰੰਭਿਆ, ਜਿਸ ਦਾ ਪਹਿਲਾ ਚਰਨ ਪੂਰੇ ਦੇਸ਼ ਵਿੱਚ 5000 ਕਿਲੋਮੀਟਰ ਦਾ ਸਫਰ ਤੈਅ ਕਰਦਾ ਹੋਇਆ ਲੱਖਾਂ ਲੋਕਾਂ ਦੇ ਇਕੱਠ ਨਾਲ ਦਿੱਲੀ ਦੇ ਬੋਟ ਕਲੱਬ ਵਿੱਚ ਪੁੱਜਾ। ਇਹ

ਅੰਦੋਲਨ 130 ਦਿਨ ਚਲਦਾ ਰਿਹਾ, ਜਿਸ ਵਿੱਚ ਸਾਹਿਬ ਇੱਕ ਦਿਨ ਵਿੱਚ ਔਸਤਨ 20 ਪ੍ਰੋਗਰਾਮਾਂ ਨੂੰ ਸੰਬੋਧਨ ਕਰਦੇ ਸਨ। 24 ਅਪ੍ਰੈਲ, 1991 ਨੂੰ ਇਸ ਅੰਦੋਲਨ ਦਾ ਸਮਾਪਨ ਮੱਧ ਪ੍ਰਦੇਸ਼ ਵਿੱਚ ਬਾਬਾ ਸਾਹਿਬ ਜੀ ਦੀ ਜਨਮ ਭੂਮੀ ਉੱਤੇ ਕੀਤਾ ਗਿਆ। 1992 ਵਿੱਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਇਟਾਵਾ ਤੋਂ ਲੋਕ ਸਭਾ ਦੀ ਚੋਣ ਲੜੀ, ਜਿਸ ਵਿੱਚ ਉਹ ਜਿੱਤ ਕੇ ਪਹਿਲੀ ਵਾਰ ਐਮ.ਪੀ. ਬਣੇ। ਇਸ ਜਿੱਤ ਨਾਲ ਪੂਰੇ ਭਾਰਤ ਦੇ ਦੱਬੇ-ਕੁਚਲੇ ਲੋਕਾਂ ਦੇ ਆਤਮ ਵਿਸ਼ਵਾਸ ਵਿੱਚ ਅਥਾਹ ਵਾਧਾ ਹੋਇਆ। 6 ਦਸੰਬਰ, 1993 ਨੂੰ ਬਾਬਾ ਸਾਹਿਬ ਅੰਬੇਦਕਰ ਜੀ ਦੇ ਪ੍ਰੀ-ਨਿਰਵਾਣ ਦਿਵਸ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਕੌਮੀ ਪੱਧਰ ਤੇ 'ਜਾਤੀ ਤੋੜੋ ਸਮਾਜ ਜੋੜੋ' ਦਾ ਅੰਦੋਲਨ ਸ਼ੁਰੂ ਕੀਤਾ, ਜਿਸ ਵਿੱਚ ਉਨ੍ਹਾਂ ਨੇ ਮੁੰਬਈ, ਹੈਦਰਾਬਾਦ, ਕੋਲਕਾਤਾ ਅਤੇ ਅਹਿਮਦਾਬਾਦ ਦੇ ਨਾਲ ਨਾਲ ਭਾਰਤ ਦੇ ਹੋਰ ਵੱਡੇ ਸ਼ਹਿਰਾਂ ਵਿੱਚ ਵਿਸ਼ਾਲ ਰੈਲੀਆਂ ਅਤੇ ਨੁੱਕੜ ਮੀਟਿੰਗਾਂ ਕੀਤੀਆਂ। ਲਖਨਊ ਵਿਖੇ ਕਾਂਸ਼ੀ ਰਾਮ ਜੀ ਨੇ ਵਿਸ਼ਾਲ ਛੱਤਰਪਤੀ ਸਾਹੂ ਜੀ ਮਹਾਰਾਜ ਮੇਲੇ ਦਾ ਆਯੋਜਨ ਕੀਤਾ। ਕਾਨਪੁਰ ਯੂਨੀਵਰਸਿਟੀ ਦਾ ਨਾਮ ਬਦਲ ਕੇ ਛੱਤਰਪਤੀ ਸਾਹੂ ਜੀ ਮਹਾਰਾਜ ਯੂਨੀਵਰਸਿਟੀ ਅਤੇ ਆਗਰਾ ਯੂਨੀਵਰਸਿਟੀ ਦਾ ਨਾਮ ਬਦਲ ਕੇ ਡਾਕਟਰ ਬਾਬਾ ਸਾਹਿਬ ਅੰਬੇਦਕਰ ਯੂਨੀਵਰਸਿਟੀ ਰੱਖਿਆ ਗਿਆ। ਅੰਬੇਦਕਰ ਗਰਾਮ ਦੇ ਨਾਮ ਤੇ ਹਜ਼ਾਰਾਂ ਪਿੰਡਾਂ ਨੂੰ ਸਕੂਲ, ਹਸਪਤਾਲ, ਪਾਣੀ, ਸੜਕ, ਪੱਕੇ ਰਸਤੇ ਅਤੇ ਬਿਜਲੀ ਵਰਗੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ। ਅੰਬੇਦਕਰ ਨਗਰ ਅਤੇ ਊਧਮ ਸਿੰਘ ਨਗਰ ਨਾਮ ਦੋ ਨਵੇਂ ਜ਼ਿਲ੍ਹੇ ਬਣਵਾਏ ਗਏ। 1, 43,000 ਖਤਰਨਾਕ ਅਪਰਾਧੀਆਂ ਨੂੰ ਜੇਲ੍ਹ ਵਿੱਚ ਬੰਦ ਕਰਕੇ ਕਾਨੂੰਨ ਨੂੰ ਮਜ਼ਬੂਤ ਕੀਤਾ। 15 ਅਗਸਤ, 1997 ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਵੱਲੋਂ 'ਅਸਲੀ ਅਜ਼ਾਦੀ ਸੰਘਰਸ਼' ਦੇ ਨਾਂ ਤੇ ਕੌਮੀ ਪੱਧਰ ਦਾ ਅੰਦੋਲਨ ਸ਼ੁਰੂ ਕੀਤਾ ਗਿਆ, ਜਿਸ ਵਿੱਚ ਸ੍ਰੀ ਕਾਂਸੀ ਰਾਮ ਨੇ ਭਾਰਤ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਅਸਲ ਸ਼ਹੀਦਾਂ ਦੀ ਜਾਣਕਾਰੀ ਦਿੱਤੀ। ਇਸ ਪ੍ਰੋਗਰਾਮ ਤਹਿਤ ਉਨ੍ਹਾਂ ਨੇ 'ਆਜ਼ਾਦ ਭਾਰਤ ਵਿੱਚ ਬਹੁਜਨ ਸਮਾਜ ਗੁਲਾਮ ਕਿਉਂ?' ਵਿਸ਼ੇ ਤੇ ਸੈਂਕੜੇ ਗੋਸ਼ਟੀਆਂ ਅਤੇ ਸੈਮੀਨਾਰ ਕਰਵਾਏ। ਪੂਰੇ ਭਾਰਤ ਵਿੱਚ ਜੀਪ ਮਾਰਚ ਵੀ ਕੱਢਿਆ ਅਤੇ 5 ਸਤੰਬਰ, 1997 ਨੂੰ ਦਿੱਲੀ ਦੇ ਲਾਲ ਕਿਲਾ ਮੈਦਾਨ ਵਿੱਚ ਸਮਾਪਨ ਕੀਤਾ, ਜਿਸ ਵਿੱਚ ਲਗਭਗ 10 ਲੱਖ ਲੋਕਾਂ ਨੇ ਭਾਗ ਲਿਆ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ 14 ਅਕਤੂਬਰ, 2006 ਨੂੰ ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਦੀ ਬੁੱਧ ਧਰਮ ਕ੍ਰਾਂਤੀ ਦੀ 50ਵੀਂ ਵਰ੍ਹੇਗੰਢ ਤੇ 2 ਕਰੋੜ ਲੋਕਾਂ ਨਾਲ ਬੁੱਧ ਧਰਮ ਗ੍ਰਹਿਣ ਕਰਨਾ ਚਾਹੁੰਦੇ ਸੀ, ਇਹ ਸੰਕਲਪ ਉਨ੍ਹਾਂ ਦੀ ਬਿਮਾਰੀ ਕਾਰਨ ਅਤੇ ਇਸ ਦਿਨ ਤੋਂ ਪੰਜ ਦਿਨ ਪਹਿਲਾਂ ਮੌਤ ਹੋ ਜਾਣ ਨਾਲ ਅਧੂਰਾ ਰਹਿ ਗਿਆ। ਉਨ੍ਹਾਂ ਦੀ ਇਸ ਖਵਾਹਿਸ਼ ਤੇ ਪੂਰੇ ਭਾਰਤ ਵਿੱਚ ਇਸ ਦਿਨ ਤੇ ਕੋਈ ਵੀ ਵੱਡਾ ਪ੍ਰੋਗਰਾਮ ਨਹੀਂ ਕੀਤਾ ਗਿਆ।

ਮੈਂ, ਮਾਣਯੋਗ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਅਤੇ ਸਾਰੇ ਹਾਊਸ ਤੋਂ ਮੰਗ ਕਰਦਾ ਹਾਂ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਤਸਵੀਰ ਗੈਲਰੀ ਵਿੱਚ ਜ਼ਰੂਰ ਲਗਾਈ ਜਾਵੇ ਕਿਉਂਕਿ ਉਨ੍ਹਾਂ ਦੀ ਬਦੌਲਤ ਅੱਜ ਅਸੀਂ ਇੱਥੇ ਜਿੱਤ ਕੇ ਆਏ ਹਾਂ। ਅਜਿਹਾ ਕਰਨ ਨਾਲ ਸਾਡੇ ਦਲਿਤ ਭਰਾਵਾਂ ਦਾ ਮਾਣ-ਸਨਮਾਨ ਹੋਰ ਵਧੇਗਾ। ਸਾਹਿਬ ਸ੍ਰੀ ਕਾਂਸੀ ਰਾਮ ਜੀ ਕਹਿੰਦੇ ਹੁੰਦੇ ਸਨ ਕਿ ਜਿਸ ਸਮਾਜ ਦੀ ਗੈਰ-ਰਾਜਨੀਤਿਕ ਜੜ੍ਹ ਮਜ਼ਬੂਤ ਨਹੀਂ ਹੁੰਦੀ, ਉਸ ਸਮਾਜ ਦੀ ਰਾਜਨੀਤੀ ਕਦੇ ਵੀ ਕਾਮਯਾਬ ਨਹੀਂ ਹੁੰਦੀ। ਮੈਂ ਦਲਿਤਾਂ ਦੀ ਅਗਵਾਈ ਲਈ, ਰਾਸ਼ਟਰ ਪਿਤਾ ਜੋਤਿਬਾ ਫੂਲੇ, ਭੀਮ ਰਾਓ ਅੰਬੇਦਕਰ ਵਰਗੇ ਦੇਸ਼ ਨੂੰ ਸਮਰਪਿਤ ਨੇਤਾ ਹੀ ਚਾਹੁੰਦਾ ਹਾਂ। ਉਨ੍ਹਾਂ ਨੇ ਕਿਹਾ, ਭਾਰਤ ਵਿੱਚ ਜਾਤੀ ਪ੍ਰਥਾ ਇੱਕ ਕੈਂਸਰ ਦੀ ਤਰ੍ਹਾਂ ਹੈ ਜੋ ਆਪਰੇਸ਼ਨ ਕਰਨ ਤੋਂ ਪਹਿਲਾਂ ਸਾਹਮਣੇ ਲਿਆਂਦੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮਜ਼ਬੂਤ ਸੰਗਠਨ ਦੇ ਖਿਲਾਫ ਕੋਈ ਵੀ ਲੜਾਈ ਨਹੀਂ ਲੜੀ ਜਾ ਸਕਦੀ। ਉਨ੍ਹਾਂ ਕਿਹਾ ਬੈਲਟ (ਵੋਟ) ਦੀ ਤਾਕਤ

ਬਾਰੂਦ ਨਾਲੋਂ ਕਿਤੇ ਜ਼ਿਆਦਾ ਹੈ। ਉਨ੍ਹਾਂ ਕਿਹਾ ਕਿ ਪੜ੍ਹੇ-ਲਿਖੇ ਕਰਮਚਾਰੀ ਸਮਾਜ ਨੂੰ ਜਾਗਰੂਕ ਕਰਨ ਦਾ ਫਰਜ਼ ਨਿਭਾਉਣ ਕਿਉਂਕਿ ਭਾਰਤ ਦਾ ਸੰਵਿਧਾਨ ਸਾਡੇ ਮਹਾਂਪੁਰਸ਼ਾਂ ਦੇ ਸੰਘਰਸ਼ ਦਾ ਨਿਚੋੜ ਹੈ। ਉਨ੍ਹਾਂ ਨੇ ਹਮੇਸ਼ਾ ਹੀ ਦੱਬੇ-ਕੁਚਲੇ ਲੋਕਾਂ ਦੀ ਰਾਖੀ ਕੀਤੀ ਹੈ। ਮੈਂ ਮਾਣਯੋਗ ਮੁੱਖ ਮੰਤਰੀ ਸਾਹਿਬ, ਸਾਡੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਜੀ ਅਤੇ ਸਰਦਾਰ ਹਰਪਾਲ ਸਿੰਘ ਚੀਮਾ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਜੋ ਅੱਜ ਇਹ ਪ੍ਰਸਤਾਵ ਲੈ ਕੇ ਆਏ ਹਨ। ਬਹੁਤ-ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ**: ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਗੱਲ ਕਰੀਏ ਤਾਂ ਉਨ੍ਹਾਂ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀ ਥਿਊਰੀ ਨੂੰ ਪ੍ਰੈਕਟੀਕਲ ਰੂਪ ਵਿੱਚ ਹਿੰਦੁਸਤਾਨ ਵਿੱਚ ਕਾਮਯਾਬ ਕੀਤਾ, ਉਸ ਨੂੰ ਯੂਜ਼ ਕੀਤਾ ਔਰ ਕਾਮਯਾਬ ਕੀਤਾ। ਸੋ, ਮੈਨੂੰ ਲੱਗਦਾ ਹੈ ਕਿ ਇਹ ਬਹੁਤ ਵੱਡੀ ਦੇਣ ਰਹੀ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ, ਸਾਡੇ ਵਾਲੇ ਰੈਜ਼ੋਲਿਊਸ਼ਨ ਦਾ ਵੀ ਕੁਝ ਕਰ ਦਿਓ। (ਹੱਥ ਵਿੱਚ ਫੜੇ ਹੋਏ ਕਾਗਜ਼ ਨੂੰ ਦਿਖਾਉਂਦੇ ਹੋਏ) ਕੀ ਮੈਂ ਰੈਜ਼ੋਲਿਊਸ਼ਨ ਨੂੰ ਟੇਬਲ ਕਰ ਸਕਦਾ ਹਾਂ?

**ਮਾਣਯੋਗ ਸਪੀਕਰ**: ਪਹਿਲਾਂ ਇਹ ਕਰ ਲਈਏ ਜੀ। ਤੁਸੀਂ ਹਾਲੇ ਬੈਠੋ। ਪਹਿਲਾਂ ਇਹ ਰੈਜ਼ੋਲਿਊਸ਼ਨ ਚੱਲਣ ਦਿਓ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : 'ਹਾਂ' ਜਾਂ 'ਨਾਂਹ' ਵਿੱਚ ਜਵਾਬ ਤਾਂ ਦੇ ਦਿਓ। ਸਾਡਾ ਮਤਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਨਾਂ ਉੱਤੇ ਹੈ।

**ਮਾਣਯੋਗ ਸਪੀਕਰ** : ਨਹੀਂ ਜੀ, ਪਹਿਲਾਂ ਇਹ ਰੈਜ਼ੋਲਿਊਸ਼ਨ ਚੱਲਣ ਦਿਓ। ਤੁਸੀਂ ਬੈਠੋ।

(**ਇੱਕ ਆਵਾਜ਼** : ਇਹ ਇਕੱਠਾ ਹੀ ਪਾਸ ਕਰ ਦਿਓ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬਿਨਾਂ ਮਾਈਕ ਤੋਂ)** : ਤੁਸੀਂ ਇਕੱਠਾ ਕਰੋ ਜੀ। ਸਰ, ਉਨ੍ਹਾਂ ਦੇ ਨਾਂ ਤੇ ਹੀ ਆਪਾਂ ਆਏ ਹਾਂ। ਸਰ, ਇਕੱਠਾ ਹੀ ਕਰ ਦਿਓ। ਕਾਈਂਡਲੀ ਸਾਨੂੰ ਬੋਲਣ ਦਿਓ ਜੀ। ਕੀ ਸ਼ਹੀਦ-ਏ-ਆਜ਼ਮ ਭਗਤ ਸਿੰਘ ਵਾਲੇ ਮਤੇ ਦਾ ਕੁਝ ਕਰੋਗੇ?

**ਮਾਣਯੋਗ ਸਪੀਕਰ**: ਬਾਜਵਾ ਸਾਹਿਬ, ਤੁਸੀਂ ਸਭ ਤੋਂ ਵੱਧ ਐਕਸਪੀਰੀਐਂਸਡ ਮੈਂਬਰ ਹੋ। ਕਿਰਪਾ ਕਰਕੇ ਜਿਹੜਾ ਮਤਾ ਚੱਲ ਰਿਹਾ ਹੈ, ਉਸ ਨੂੰ ਚੱਲਣ ਦਿਓ। ਹਾਂ ਜੀ, ਸ੍ਰੀ ਕਟਾਰੂਚੱਕ ਜੀ।

**ਖੁਰਾਕ ਅਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ (ਸ੍ਰੀ ਲਾਲ ਚੰਦ)** : ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਚੀਮਾ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਹ ਇੱਕ ਬਹੁਤ ਹੀ ਖ਼ੂਬਸੂਰਤ ਮਤਾ ਵਿਧਾਨ ਸਭਾ ਵਿੱਚ ਲੈ ਕੇ ਆਏ ਹਨ ਅਤੇ ਸਾਡੇ ਸਾਥੀ ਇਸ ਮਤੇ ਉੱਤੇ ਚਰਚਾ ਵੀ ਕਰ ਰਹੇ ਹਨ। ਇਹ ਬੜਾ ਇਤਿਹਾਸਕ ਮਤਾ ਹੈ। ਮੈਂ ਉਮੀਦ ਕਰਦਾ ਹਾਂ ਕਿ ਸਾਰੇ ਸਾਥੀ ਬੜੇ ਸੰਜਮ ਨਾਲ ਇਸ ਮਤੇ ਉੱਤੇ ਜ਼ਰੂਰ ਵਿਸਥਾਰ ਸਹਿਤ ਚਰਚਾ ਕਰਨਗੇ। ਸਪੀਕਰ ਸਾਹਿਬ, ਮੈਂ ਆਪਣੀ ਗੱਲ ਅਰੰਭ ਕਰਨ ਤੋਂ ਪਹਿਲਾਂ ਇਹ ਗੱਲ ਜ਼ਰੂਰ ਕਹਾਂਗਾ ਕਿ ਸਾਹਿਬ ਸ੍ਰੀ ਕਾਂਸ਼ੀ

ਰਾਮ ਜੀ 72 ਸਾਲ ਦਾ ਆਪਣਾ ਜੀਵਨ ਬਤੀਤ ਕਰਕੇ ਗਏ ਹਨ। ਉਹ ਜਦੋਂ ਰੁਖਸਤ ਹੋਏ ਤਾਂ ਉਸ ਵੇਲੇ ਵੀ ਉਹ ਲੋਕਾਂ ਨਾਲ ਆਪਣੀ ਪ੍ਰਤੀਬੱਧਤਾ, ਵਚਨਬੱਧਤਾ ਆਖਰੀ ਸਾਹਾਂ ਤੱਕ ਨਿਭਾ ਕੇ ਗਏ ਹਨ।

*2.30 ਵਜੇ ਬਾਅਦ ਦੁਪਹਿਰ।) (*ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਖੁਰਾਕ ਅਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੈਨੂੰ ਇੱਕ ਬਹੁਤ ਵੱਡੇ ਵਿਦਵਾਨ ਦੇ ਸ਼ਬਦ ਚੇਤੇ ਆ ਰਹੇ ਹਨ। ਉਨ੍ਹਾਂ ਨੇ ਭਾਰਤ ਦੇ ਦੋ ਵਰਗਾਂ ਔਰਤਾਂ ਅਤੇ ਦਲਿਤ ਸਮਾਜ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਦੋਵਾਂ ਵਰਗਾਂ ਵਿੱਚੋਂ ਕੋਈ ਵੀ ਇੱਕ ਅਜਿਹਾ ਜੀਅ ਨਹੀਂ ਬਚਿਆ ਹੋਵੇਗਾ, ਜਿਸ ਨੂੰ ਸਮਾਜਿਕ ਤੌਰ ਤੇ ਕਿਸੇ ਨਾ ਕਿਸੇ ਵੇਲੇ ਥੋੜ੍ਹਾ-ਬਹੁਤਾ ਸੇਕ ਨਾ ਲੱਗਾ ਹੋਵੇ। ਅਸੀਂ feudal outlook ਵਿੱਚੋਂ ਆਏ ਹਾਂ, ਇਸ ਦੇਸ਼ ਅੰਦਰ ਕੋਈ ਵੀ ਔਰਤ ਐਸੀ ਨਹੀਂ ਮਿਲੇਗੀ, ਜਿਸ ਦੇ ਸਵੈਮਾਣ ਨੂੰ ਕਦੇ ਸੱਟ ਨਾ ਵੱਜੀ ਹੋਵੇ। ਦਲਿਤ ਸਮਾਜ ਵਿੱਚੋਂ ਵੀ ਕਿਤੇ ਕੋਈ ਅਜਿਹਾ ਬੰਦਾ ਨਹੀਂ ਮਿਲ ਸਕਦਾ, ਜਿਸ ਨੂੰ ਜ਼ਿੰਦਗੀ ਅੰਦਰ ਜਾਤ-ਪਾਤ ਦਾ ਸਾਹਮਣਾ ਨਾ ਕਰਨਾ ਪਿਆ ਹੋਵੇ, ਉਸ ਨੂੰ ਨਫਰਤ ਦੀ ਨਿਗ੍ਹਾ ਨਾਲ ਨਾ ਦੇਖਿਆ ਗਿਆ ਹੋਵੇ। ਭਾਵੇਂ ਉਹ ਪੜ੍ਹਿਆ ਲਿਖਿਆ ਹੈ, ਭਾਵੇਂ ਉਹ ਪਿੰਡ ਵਿੱਚ ਕੰਮ ਕਰਦਾ ਹੈ, ਭਾਵੇਂ ਉਹ ਸਰਵਿਸ ਵਿੱਚ ਹੈ। ਇਸ ਦੀਆਂ ਬਹੁਤ ਵੱਡੀਆਂ ਕਹਾਣੀਆਂ ਹਨ। ਮੈਂ ਇਸ ਪਵਿੱਤਰ ਸਦਨ ਵਿੱਚ ਉਨ੍ਹਾਂ ਵਿੱਚੋਂ ਕਿਸੇ ਇੱਕ ਦਾ ਜ਼ਿਕਰ ਜ਼ਰੂਰ ਕਰਨਾ ਚਾਹੁੰਦਾ ਹਾਂ। ਅਜੇ ਇਹ ਕੱਲ੍ਹ ਦੀਆਂ ਹੀ ਗੱਲਾਂ ਹਨ ਕਿ ਜਦੋਂ ਇੱਕ ਮੰਦਿਰ ਦੇ ਅੰਦਰ ਜਾਣ ਦਾ ਅਵਸਰ ਆਇਆ ਤਾਂ ਸਾਡੇ ਦੇਸ਼ ਦੇ ਸਭ ਤੋਂ ਉੱਚ ਅਹੁਦੇ ਤੇ ਬੈਠੇ ਮਾਣਯੋਗ ਰਾਸ਼ਟਰਪਤੀ ਜੀ ਨੂੰ ਵੀ ਉਸ ਗਰਭ ਜੂਨ ਦੇ ਅੰਦਰ ਜਾਣ ਦਾ ਮੌਕਾ ਨਹੀਂ ਮਿਲਿਆ। ਸੋ, ਜੇਕਰ ਹਿੰਦੁਸਤਾਨ ਦਾ ਰਾਸ਼ਟਰਪਤੀ ਹੀ ਇਸ ਗੱਲ ਤੋਂ ਨਹੀਂ ਬਚਿਆ ਤਾਂ ਮੈਂ ਸਮਝਦਾ ਹਾਂ ਕਿ ਖੇਤਾਂ ਵਿੱਚ ਕੰਮ ਕਰਨ ਵਾਲੇ, ਪਿੰਡਾਂ ਵਿੱਚ ਕੰਮ ਕਰਨ ਵਾਲੇ, ਸ਼ਹਿਰਾਂ ਵਿੱਚ ਵਸਣ ਵਾਲੇ ਦਲਿਤਾਂ ਦੀ ਅਵਸਥਾ ਨੂੰ ਸਮਝਣਾ ਕੋਈ ਬਹੁਤਾ ਔਖਾ ਕੰਮ ਨਹੀਂ ਹੈ।

ਸੋ, ਮੈਂ ਇੱਥੇ ਕਾਂਸ਼ੀ ਰਾਮ ਜੀ ਬਾਰੇ ਦੱਸਦਾ ਹਾਂ ਕਿ ਬੀ.ਐਸ.ਸੀ. ਕਰਨ ਤੋਂ ਬਾਅਦ ਉਹ 1958 ਵਿੱਚ ਪੂਨੇ ਅੰਦਰ ਸਰਵਿਸ ਵਿੱਚ ਗਏ। ਉਹ ਜਿਸ ਅਹੁਦੇ ਤੇ ਸਰਵਿਸ ਕਰਦੇ ਸਨ, ਉਹ ਇੱਕ ਵਿਗਿਆਨੀ ਦੀ ਸਰਵਿਸ ਸੀ। ਸਰਵਿਸ ਦੌਰਾਨ ਉਨ੍ਹਾਂ ਨੂੰ ਇੱਕ ਕਿਤਾਬ ਪੜ੍ਹਨ ਦਾ ਮੌਕਾ ਮਿਲਿਆ। ਉਹ ਕਿਤਾਬ ਬਾਬਾ ਸਾਹਿਬ ਅੰਬੇਦਕਰ ਜੀ ਦੁਆਰਾ ਲਿਖੀ ਸੀ। ਹਰ ਭਾਰਤੀ, ਦਲਿਤ ਇਨਸਾਨ ਨੇ ਉਹ ਕਿਤਾਬ ਜ਼ਰੂਰ ਪੜ੍ਹੀ ਹੋਵੇਗੀ। ਉਸ ਕਿਤਾਬ ਦਾ ਨਾਮ 'ਜਾਤ ਪਾਤ ਦਾ ਬੀਜ ਨਾਸ' ਹੈ। ਇਹ ਗੱਲ ਉਨ੍ਹਾਂ ਦੀ ਜੀਵਨੀ ਵਿੱਚ ਵੀ ਲਿਖੀ ਗਈ ਹੈ ਕਿ ਜਿਸ ਦਿਨ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਉਹ ਕਿਤਾਬ ਪੜ੍ਹੀ, ਉਸ ਰਾਤ ਉਨ੍ਹਾਂ ਨੇ ਉਹ ਕਿਤਾਬ ਤਿੰਨ ਵਾਰ ਪੜ੍ਹੀ ਅਤੇ ਉਹ ਕਿਤਾਬ ਪੜ੍ਹ ਕੇ ਸਾਰੀ ਰਾਤ ਨਹੀਂ ਸੁੱਤੇ। ਉਨ੍ਹਾਂ ਨੇ ਉਸ ਕਿਤਾਬ ਵਿੱਚ ਜਾਤੀ ਵਿਵਸਥਾ ਕਾਰਨ ਦਲਿਤਾਂ ਤੇ ਹੁੰਦੇ ਜ਼ੁਲਮ ਸਬੰਧੀ ਵੱਡੀਆਂ ਕਹਾਣੀਆਂ ਪੜ੍ਹੀਆਂ। ਉਨ੍ਹਾਂ ਨੇ ਅਗਲੇ ਦਿਨ ਹੀ ਫੈਸਲਾ ਕਰ ਲਿਆ ਕਿ ਮੈਂ ਹੁਣ ਨੌਕਰੀ ਨਹੀਂ ਕਰਨੀ, ਉਨ੍ਹਾਂ ਨੇ ਅਗਲੇ ਦਿਨ ਨੌਕਰੀ ਦਾ ਤਿਆਗ ਕਰ ਦਿੱਤਾ। ਉਨ੍ਹਾਂ ਨੇ ਇਹ ਵੀ ਮਨ ਬਣਾ ਲਿਆ ਕਿ ਮੈਂ ਗ੍ਰਹਿਸਤੀ ਜੀਵਨ ਵਿੱਚ ਨਹੀਂ ਜਾਣਾ, ਮੈਂ ਆਪਣੇ ਦੇਸ਼ ਦੇ ਇਨ੍ਹਾਂ ਮਜ਼ਲੂਮਾਂ ਲਈ, ਦਲਿਤਾਂ ਲਈ ਆਪਣਾ ਜੀਵਨ ਅਰਪਿਤ ਕਰਨਾ ਹੈ ਪਰੰਤੂ ਉਹੀ ਹਾਲ ਅੱਜ ਵੀ ਸਾਡੇ ਦੇਸ਼ ਦੇ ਬਹੁਤ ਵੱਡੇ ਹਿੱਸੇ ਅੰਦਰ ਹੈ। ਦਲਿਤ ਸਮਾਜ ਅੰਦਰ ਅੱਜ ਵੀ ਉਹੀ ਮੁਕਤੀ ਦੀ ਤੜਫ, ਮੁਕਤੀ ਦੀ ਭਾਵਨਾ ਉਸੇ ਤਰ੍ਹਾਂ ਹੀ ਹੈ। ਜਦੋਂ ਕਿਸੇ ਸਮਾਜ ਦੇ ਅੰਦਰ ਬੇਗਾਨਗੀ ਦੀ ਭਾਵਨਾ ਪੈਦਾ ਹੋ ਜਾਵੇ ਤਾਂ

ਇਹ ਠੀਕ ਨਹੀਂ ਹੁੰਦਾ। ਜਿਵੇਂ ਤਿੱਬਤੀਆਂ ਅੰਦਰ ਚਾਈਨਾ ਖਿਲਾਫ ਬੇਗਾਨਗੀ ਦੀ ਭਾਵਨਾ ਹੈ, ਉਹ ਅੱਜ ਤੱਕ ਸਿਰ ਤੇ ਗੱਠੜੀਆਂ ਚੁੱਕ ਕੇ, ਮੋਢਿਆਂ ਤੇ ਝੋਲੇ ਪਾ ਕੇ ਸਾਰੀ ਦੁਨੀਆ ਅੰਦਰ ਘੁੰਮਦੇ ਹਨ ਪਰ ਤਿੱਬਤ ਵਾਲੇ ਪਾਸੇ ਉਨ੍ਹਾਂ ਨੇ ਮੂੰਹ ਨਹੀਂ ਕੀਤਾ। ਚਾਈਨਾ ਪ੍ਰਤੀ ਉਨ੍ਹਾਂ ਦੇ ਮਨ ਅੰਦਰ ਬੇਗਾਨਗੀ ਦੀ ਭਾਵਨਾ ਹੈ। ਇਹ ਕਿੰਨਾ ਅਨੁਸ਼ਾਸਿਤ ਵਰਗ ਹੈ ਪਰ ਸਾਡੇ ਭਾਰਤ ਅੰਦਰ ਇੰਨੇ ਜ਼ੁਲਮਾਂ ਤੋਂ ਬਾਅਦ ਵੀ ਦਲਿਤਾਂ ਨੇ ਕਦੇ ਵੱਖਰੇ ਰਾਜ ਦੀ ਮੰਗ ਨਹੀਂ ਕੀਤੀ। ਬਾਬਾ ਸਾਹਿਬ ਦੀ ਥਿਊਰੀ ਅਨੁਸਾਰ ਅਸੀਂ ਡੈਮੋਕ੍ਰੇਟਿਕ ਢੰਗ ਨਾਲ ਸੱਤਾ ਵਿੱਚ ਜਾਣਾ ਚਾਹੁੰਦੇ ਹਾਂ ਕਿਉਂਕਿ ਇਹ ਸਾਡਾ ਦੇਸ਼ ਹੈ। ਅਸੀਂ ਇੱਥੋਂ ਦੇ ਮੂਲ ਨਿਵਾਸੀ ਹਾਂ। ਇਸ ਦੇਸ਼ ਦੇ ਕਣ-ਕਣ ਵਿੱਚ, ਇਸ ਦੇਸ਼ ਦੇ ਜ਼ੱਰੇ-ਜ਼ੱਰੇ ਵਿੱਚ, ਇਸ ਦੇਸ਼ ਦੀ ਮਿੱਟੀ ਵਿੱਚ ਸਾਡੇ ਪੁਰਖਿਆਂ ਨੇ ਆਪਣਾ ਖ਼ੂਨ-ਪਸੀਨਾ ਇੱਕ ਕੀਤਾ ਹੈ। ਭਾਵੇਂ ਕਿ ਸਾਡਾ ਸਮਾਜ ਅੱਗੇ ਨਾਲੋਂ ਚੰਗਾ ਬਣ ਗਿਆ ਹੈ, ਸਾਡੇ ਕੋਲ ਚੰਗੇ ਅਹੁਦੇ ਆ ਗਏ, ਅਸੀਂ ਸਰਵਿਸ ਵਿੱਚ ਆ ਗਏ, ਪੁਲੀਟੀਕਲ ਸਾਈਡ ਤੇ ਆ ਗਏ ਪਰ ਜਿਹੜੀ ਇਹ ਬੇਗਾਨਗੀ ਦੀ ਭਾਵਨਾ ਹੈ, ਇਸ ਦਾ ਦਰਦ ਸਮਾਜ ਦਾ ਵੱਡਾ ਹਿੱਸਾ ਅੱਜ ਵੀ ਹੰਢਾਅ ਰਿਹਾ ਹੈ। ਤੁਸੀਂ ਅੱਜ ਜਿਹੜਾ ਬੜਾ ਖ਼ੂਬਸੂਰਤ ਮਤਾ ਲੈ ਕੇ ਆਏ ਹੋ, ਮੈਂ ਇੱਥੇ ਇੱਕ ਗੱਲ ਜ਼ਰੂਰ ਕਹਾਂਗਾ, ਮੇਰੀ ਗੱਲ ਨੂੰ ਕਿਸੇ ਪੁਲੀਟੀਕਲ ਐਂਗਲ ਤੋਂ ਨਾ ਦੇਖਣਾ ਕਿਉਂਕਿ ਜੋ ਸ੍ਰੀ ਕਾਂਸ਼ੀ ਰਾਮ ਜੀ ਨੇ ਕਿਹਾ ਸੀ, ਮੈਂ ਉਸ ਦਾ ਜ਼ਿਕਰ ਜ਼ਰੂਰ ਕਰਾਂਗਾ। ਉਹ ਦੋ ਪਾਰਟੀਆਂ ਕਾਂਗਰਸ ਅਤੇ ਬੀ.ਜੇ.ਪੀ. ਬਾਰੇ ਵਾਰ-ਵਾਰ ਜ਼ਿਕਰ ਕਰਦੇ ਹੁੰਦੇ ਸਨ। ਉਹ ਕਹਿੰਦੇ ਸਨ ਕਿ ਇੱਕ ਸਰਪ ਹੈ, ਦੂਜਾ ਨਾਗ ਹੈ। ਉਹ ਕਾਂਗਰਸ ਬਾਰੇ ਜ਼ਿਕਰ ਕਰਦੇ ਸਨ ਕਿ ਇੱਕ ਜ਼ਮੀਨ ਦੇ ਘਾਹ ਤੇ ਛੁਪਿਆ ਹੋਇਆ ਹੈ, ਜਿਸ ਦਾ ਪਤਾ ਨਹੀਂ ਹੈ ਕਿ ਕਦੋਂ ਕਿਸ ਨੂੰ ਡੱਸ ਲੈਣਾ ਹੈ। ਉਹ ਬੀ.ਜੇ.ਪੀ. ਬਾਰੇ ਕਹਿੰਦੇ ਹੁੰਦੇ ਸਨ ਕਿ ਉਹ ਤਾਂ ਫਨੀਅਰ ਸੱਪ ਵਾਂਗੂੰ 24 ਘੰਟੇ ਖੜ੍ਹਾ ਰਹਿੰਦਾ ਹੈ, ਉਸ ਦਾ ਪਤਾ ਨਹੀਂ ਹੈ ਕਿ ਕਦੋਂ ਉਸ ਨੇ ਆਪਣੀ ਲਪੇਟ ਵਿੱਚ ਲੈ ਲੈਣਾ ਹੈ।

ਉਹ ਸਾਰੀ ਉਮਰ ਦਲਿਤ ਸਮਾਜ ਲਈ ਲੜਦੇ ਰਹੇ। ਉਹ ਰਾਜ ਸਭਾ ਵਿੱਚ ਗਏ, ਪਾਰਲੀਮੈਂਟ ਵਿੱਚ ਗਏ। ਇਹ ਉਨ੍ਹਾਂ ਦੇ ਜੀਵਨ ਦੀਆਂ ਗੱਲਾਂ ਤਾਂ ਹਨ ਪਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਦੇਸ਼ ਦੇ ਅੰਦਰ ਬਹੁਤ ਸਾਰੇ ਲੋਕਾਂ ਨੂੰ ਭਾਰਤ ਰਤਨ ਮਿਲੇ ਹਨ। ਮੈਂ ਉਨ੍ਹਾਂ ਨੂੰ ਇੱਥੇ ਕੰਡੈਮ ਕਰਨ ਲਈ ਖੜ੍ਹਾ ਨਹੀਂ ਹੋਇਆ ਪਰ ਕਾਂਸ਼ੀ ਰਾਮ ਜੀ ਤਾਂ ਖ਼ੁਦ ਆਪਣੇ ਆਪ ਵਿੱਚ ਇੱਕ ਰਤਨ ਹਨ। ਇੰਨਾ ਲੰਮਾ ਸਮਾਂ ਸਿਆਸੀ ਜਮਾਤ ਨੇ ਹਾਅ ਦਾ ਨਾਅਰਾ ਨਹੀਂ ਮਾਰਿਆ। ਉਨ੍ਹਾਂ ਦੀ ਜ਼ੁਬਾਨ ਸੜ ਜਾਵੇ, ਉਨ੍ਹਾਂ ਦੀ ਜ਼ੁਬਾਨ ਤੇ ਕਦੇ ਇਹ ਨਹੀਂ ਆਇਆ ਕਿ ਉਨ੍ਹਾਂ ਨੂੰ ਵੀ ਭਾਰਤ ਰਤਨ ਮਿਲਣਾ ਚਾਹੀਦਾ ਹੈ। ਮੈਂ ਰਾਜਨੀਤਕ ਹਸਤੀਆਂ ਵਿੱਚੋਂ ਸ੍ਰੀ ਅਰਵਿੰਦ ਕੇਜਰੀਵਾਲ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਜਦੋਂ ਉਹ ਸਾਲ 2006 ਵਿੱਚ ਦਿੱਲੀ ਦੇ ਮੁੱਖ ਮੰਤਰੀ ਸਨ, ਉਨ੍ਹਾਂ ਨੇ ਇਹ ਆਵਾਜ਼ ਉਠਾਈ ਪਰ ਉਨ੍ਹਾਂ ਦੀ ਆਵਾਜ਼ ਨੂੰ ਬੂਰ ਨਹੀਂ ਪਿਆ ਕਿਉਂਕਿ ਕੇਂਦਰ ਦੀ ਸੱਤਾ ਜਾਂ ਤਾਂ ਯੂ.ਪੀ.ਏ. ਕੋਲ ਰਹੀ ਹੈ ਤੇ ਜਾਂ ਹੁਣ ਐਨ.ਡੀ.ਏ. ਕੋਲ ਹੈ। ਸੋ, ਜਿਹੜਾ ਇਹ ਮਤਾ ਚੀਮਾ ਸਾਹਿਬ, ਤੁਸੀਂ ਲੈ ਕੇ ਆਏ ਹੋ, ਮੈਂ ਮਾਨ ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ। ਮੈਂ ਇਸ ਮਤੇ ਦੀ ਪ੍ਰੋੜ੍ਹਤਾ ਵੀ ਕਰਦਾ ਹਾਂ। ਇਸ ਦੇ ਨਾਲ ਹੀ ਮੈਂ ਇਹ ਗੱਲ ਵੀ ਕਹਿਣੀ ਚਾਹੁੰਦਾ ਹਾਂ ਕਿ ਸ਼ਬਦ-ਗਿਆਨ ਇੱਕ ਐਸੀ ਚੀਜ਼ ਹੈ, ਜਿਹੜੀ ਬੰਦੇ ਦਾ ਮਿੰਟਾਂ-ਸਕਿੰਟਾਂ ਵਿੱਚ ਜੀਵਨ ਬਦਲ ਦਿੰਦੀ ਹੈ। ਗਿਆਨ ਵਿੱਚ ਬਹੁਤ ਵੱਡੀ ਤਾਕਤ ਹੈ। ਸ੍ਰੀ ਗੁਰੂ ਗੋਬਿੰਦ ਜੀ ਵੱਲੋਂ ਲਿਖੇ ਜ਼ਫਰਨਾਮੇ ਦੇ ਸ਼ਬਦਾਂ ਨੂੰ ਸੁਣ ਕੇ ਔਰੰਗਜ਼ੇਬ ਐਵੇਂ ਹੀ ਖ਼ੁਦਕੁਸ਼ੀ ਨਹੀਂ ਸੀ ਕਰ ਗਿਆ, ਸ਼ਬਦਾਂ ਵਿੱਚ ਬਹੁਤ ਵੱਡੀ ਤਾਕਤ ਹੈ। ਉਸੇ ਤਾਕਤ ਦਾ ਆਸਰਾ ਲੈ ਕੇ ਕਾਂਸ਼ੀ ਰਾਮ ਜੀ ਨੇ ਡਾਕਟਰ ਬੀ.ਆਰ. ਅੰਬੇਦਕਰ ਜੀ ਨੂੰ ਪੜ੍ਹਿਆ। ਦੁਨੀਆ ਦੇ ਅੰਦਰ ਇਹ ਬੜੀ ਕਮਾਲ ਦੀ ਗੱਲ ਹੈ। ਮੈਂ ਉਸ ਦਿਨ

ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਬਾਰੇ ਵੀ ਕਿਹਾ ਸੀ ਕਿ ਉਨ੍ਹਾਂ ਨੇ 'ਅਛੂਤ ਦਾ ਸਵਾਲ' ਲੇਖ ਲਿਖਿਆ ਸੀ, ਉਹ ਵੀ ਬਹੁਤ ਸਾਰੇ ਲੋਕਾਂ ਨੇ ਪੜ੍ਹਿਆ ਹੈ।

ਦੁਨੀਆ ਅੰਦਰ ਦੋ ਅਜਿਹੇ ਮੁਲਕ ਹਨ, ਜਿੱਥੇ ਬੰਦੇ ਦੀ ਵੈਲਿਊ, ਯੋਗਤਾ ਦੇਖਣ ਤੋਂ ਪਹਿਲਾਂ ਉਸ ਦੀ ਜਾਤ ਦੇਖੀ ਜਾਂਦੀ ਹੈ। ਉਸ ਦਾ ਰੰਗ ਵੇਖ ਕੇ ਉਸ ਨਾਲ ਨਫਰਤ ਕੀਤੀ ਜਾਂਦੀ ਹੈ। ਨੈਲਸਨ ਮੰਡੇਲਾ, ਜਿਹੜਾ ਬਾਅਦ ਵਿੱਚ ਜਾ ਕੇ ਦੱਖਣੀ ਅਫਰੀਕਾ ਦਾ ਰਾਸ਼ਟਰਪਤੀ ਬਣਿਆ, ਉਨ੍ਹਾਂ ਨੇ 22 ਸਾਲ ਜੇਲ੍ਹ ਕੱਟੀ ਸੀ। ਉਸ ਦਾ ਕਸੂਰ ਸਿਰਫ ਇੰਨਾ ਸੀ ਕਿ ਉਹ ਕਾਲਾ ਸੀ ਅਤੇ ਕਾਲਿਆਂ ਨੂੰ ਬੱਸ ਵਿੱਚ ਸੀਟ ਤੇ ਬਰਾਬਰ ਬੈਠਣ ਦਾ ਅਧਿਕਾਰ ਵੀ ਨਹੀਂ ਸੀ। ਇਹ ਜਿਹੜੀਆਂ ਲੜਾਈਆਂ ਹਨ, ਜਿਹੜੇ ਇਹ ਵਰਤਾਰੇ ਹਨ, ਇਨ੍ਹਾਂ ਦੇ ਇਤਿਹਾਸਕ ਕਾਰਨ ਹਨ, ਜਦੋਂ ਤੱਕ ਉਹ ਇਤਿਹਾਸਕ ਕਾਰਨ ਖਤਮ ਨਹੀਂ ਹੁੰਦੇ, ਇਹ ਵਰਤਾਰੇ ਖਤਮ ਨਹੀਂ ਹੋਣੇ। ਇਹ ਇਕੱਲਾ ਇਕਾਨਮੀ ਨਾਲ ਨਹੀਂ ਜੁੜਿਆ ਕਿ ਉਹ ਅਫਸਰ ਬਣ ਗਿਆ ਤੇ ਉਸ ਦੀ ਜਾਤ-ਪਾਤ ਮੁੱਕ ਗਈ। ਇਹ ਬੜੀ ਵੱਡੀ ਡੈਵੀਏਸ਼ਨ ਹੈ, ਜਾਤ-ਪਾਤ ਦੇ ਖਿਲਾਫ ਇੱਕ ਵਿਚਾਰਧਾਰਕ ਲੜਾਈ ਦੀ ਲੋੜ ਹੈ। ਜਿਹੜੇ ਦੁਨੀਆ ਅੰਦਰ ਮੀਨਜ਼ ਆਫ ਪ੍ਰੋਡਕਸ਼ਨ ਹਨ, ਉਹ ਸਾਂਝੇ ਹੋਣੇ ਚਾਹੀਦੇ ਹਨ। ਇਹ ਅੱਜ ਦੀ ਡਿਬੇਟ ਦਾ ਵਿਸ਼ਾ ਨਹੀਂ ਹੈ ਪਰ ਇਸ ਪਾਸੇ ਵਧਣਾ ਸਾਡੇ ਸਾਰਿਆਂ ਲਈ ਲਾਜ਼ਮੀ ਹੈ। ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ -

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥

ਉਨ੍ਹਾਂ ਨੇ ਕਿਹਾ ਹੈ ਕਿ ਮੈਂ ਤਾਂ ਜਿਹੜੇ ਗਰੀਬਾਂ ਤੋਂ ਗਰੀਬ ਹਨ, ਉਨ੍ਹਾਂ ਦਾ ਮਿੱਤਰ ਹਾਂ। ਸੋ, ਉਸੇ ਗੱਲ ਨੂੰ ਬਾਬਾ ਸਾਹਿਬ ਅੱਗੇ ਲੈ ਕੇ ਗਏ, ਉਸੇ ਗੱਲ ਨੂੰ ਸ੍ਰੀ ਕਾਂਸ਼ੀ ਰਾਮ ਜੀ ਅੱਗੇ ਲੈ ਕੇ ਗਏ। ਮੈਂ ਉਸ ਧਰਤੀ ਨੂੰ ਸਲਿਊਟ ਕਰਦਾ ਹਾਂ, ਨਮਨ ਕਰਦਾ ਹਾਂ। ਖਵਾਸਪੁਰੇ ਦੀ ਧਰਤੀ, ਜਿੱਥੇ ਉਨ੍ਹਾਂ ਦਾ ਜਨਮ ਹੋਇਆ। ਉਨ੍ਹਾਂ ਦਾ ਪਾਲਣ-ਪੋਸ਼ਣ ਉਨ੍ਹਾਂ ਦੇ ਨਾਨਕੇ ਪਿੰਡ ਵਿੱਚ ਹੋਇਆ। ਉਨ੍ਹਾਂ ਸਾਰੇ ਲੋਕਾਂ ਅਤੇ ਉਨ੍ਹਾਂ ਸਾਰੇ ਖੂਬਸੂਰਤ ਹੱਥਾਂ ਨੂੰ ਵੀ ਸਲਾਮ ਹੈ, ਜਿਨ੍ਹਾਂ ਨੇ ਸ੍ਰੀ ਕਾਂਸ਼ੀ ਰਾਮ ਜੀ ਨੂੰ ਪਾਲਿਆ ਅਤੇ ਲੋਰੀਆਂ ਦਿੱਤੀਆਂ। ਉਨ੍ਹਾਂ ਨੂੰ ਜ਼ਿੰਦਗੀ ਦੇ ਅੰਦਰ ਪ੍ਰਵਾਨ ਚਾੜ੍ਹਨ ਲਈ ਆਪਣਾ ਯੋਗਦਾਨ ਪਾਇਆ। ਸੋ, ਮੈਂ ਇਸ ਮਤੇ ਦੀ ਤਾਈਦ ਵੀ ਕਰਦਾ ਹਾਂ, ਮੈਂ ਸਮਝਦਾ ਹਾਂ ਕਿ ਭਾਰਤ ਸਰਕਾਰ ਨੂੰ ਵੀ ਜਾਗਣਾ ਚਾਹੀਦਾ ਹੈ। ਇਹ ਮਤਾ ਸ਼ਬਦਾਂ ਦੀ ਕਹਾਣੀ ਨਹੀਂ। ਇਸ ਮਤੇ ਦੇ ਅੰਦਰ ਕਰੋੜਾਂ-ਕਰੋੜਾਂ ਲੋਕਾਂ ਦੇ ਸੈਂਟੀਮੈਂਟਸ ਜੁੜੇ ਹਨ, ਜਿਹੜੇ ਇਸ ਦੇਸ਼ ਦੇ ਅੰਦਰੋਂ ਜਾਤ ਦੀ ਮੁਕਤੀ ਚਾਹੁੰਦੇ ਹਨ, ਜਿਹੜੇ ਦੇਸ਼ ਦੇ ਅੰਦਰ ਔਰਤਾਂ ਦੇ ਖਿਲਾਫ ਹੁੰਦੀ violation ਦੀ ਮੁਕਤੀ ਚਾਹੁੰਦੇ ਹਨ ਅਤੇ ਜਿਹੜੇ ਮਾਨਵਤਾ ਦਾ ਸਮਾਜ ਚਾਹੁੰਦੇ ਹਨ। ਸੋ, ਚੀਮਾ ਸਾਹਿਬ, ਤੁਸੀਂ ਰੈਜ਼ੋਲਿਊਸ਼ਨ ਲੈ ਕੇ ਆਏ, ਇਸ ਲਈ ਤੁਹਾਡਾ ਵੀ ਧੰਨਵਾਦ ਅਤੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਵੀ ਸ਼ੁਕਰੀਆ, ਜਿਨ੍ਹਾਂ ਦੀ ਅਗਵਾਈ ਵਿੱਚ ਪੰਜਾਬ ਅੰਦਰ ਗਰੀਬ ਲੋਕਾਂ ਦੀ ਪ੍ਰਗਤੀ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਮੈਂ ਉਮੀਦ ਕਰਦਾ ਹਾਂ ਕਿ ਬਹੁਤ ਜਲਦ ਹੀ ਕੇਂਦਰ ਸਰਕਾਰ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਦੇਣਗੇ। ਕਰੋੜਾਂ-ਕਰੋੜਾਂ ਲੋਕ ਇਸ ਦੀ ਉਮੀਦ ਕਰਦੇ ਹਨ। ਮੈਂ ਇਸ ਮਤੇ ਦੀ ਤਾਈਦ ਕਰਦਾ ਹੋਇਆ ਆਪਣੀ ਗੱਲ ਸਮਾਪਤ ਕਰਦਾ ਹਾਂ। ਧੰਨਵਾਦ ਜੀ।(ਥੰਪਿੰਗ)

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.):** ਮਾਣਯੋਗ ਡਿਪਟੀ ਸਪੀਕਰ ਸਾਹਿਬ, ਧੰਨਵਾਦ। ਮੈਂ ਸਾਡੇ ਬਹੁਤ ਹੀ ਸਤਿਕਾਰਯੋਗ, ਕੈਬਨਿਟ ਮੰਤਰੀ, ਸਰਦਾਰ ਹਰਪਾਲ ਚੀਮਾ ਜੀ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਦੇਣ ਲਈ ਇਹ ਮਤਾ ਲਿਆਂਦਾ ਹੈ। ਸਭ ਤੋਂ ਪਹਿਲਾਂ ਤਾਂ ਮੈਂ ਦੇਸ਼ ਵਾਸੀਆਂ ਨੂੰ ਔਰ ਦੁਨੀਆ ਦੇ ਹਰ ਕੋਨੇ ਵਿੱਚ, ਜੋ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੂੰ ਅਤੇ ਬਹੁਜਨ ਸਮਾਜ ਨੂੰ ਹੁਕਮਰਾਨ ਬਣਾਉਣ ਲਈ ਕੰਮ ਕਰਦੇ ਹਨ, ਉਨ੍ਹਾਂ ਸਾਰਿਆਂ ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਦੀ ਲੱਖ-ਲੱਖ ਵਧਾਈ ਦਿੰਦਾ ਹਾਂ। ਸਰ, ਮੈਨੂੰ ਸਾਹਿਬ ਕਾਂਸ਼ੀ ਰਾਮ ਜੀ ਦੇ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਮੈਂ ਬਹੁਤ ਲੰਬਾ ਨਹੀਂ ਬੋਲਣਾ ਕਿਉਂਕਿ ਉਨ੍ਹਾਂ ਦੀ ਹਿਸਟਰੀ ਬਾਰੇ ਮੈਂਬਰ ਸਾਹਿਬਾਨ ਦੱਸ ਚੁੱਕੇ ਹਨ। ਮੈਂ ਤਾਂ ਸਿਰਫ ਇੱਕ ਦੋ ਗੱਲਾਂ ਤੁਹਾਡੇ ਨਾਲ ਸਾਂਝੀਆਂ ਕਰਨੀਆਂ ਹਨ, ਉਨ੍ਹਾਂ ਨੇ ਬਹੁਜਨਾਂ ਨੂੰ ਇਸ ਦੇਸ਼ ਦਾ ਹੁਕਮਰਾਨ ਬਣਾਉਣ ਲਈ ਬੜਾ ਸੰਘਰਸ਼ ਕੀਤਾ ਹੈ। ਉਸ ਸੰਘਰਸ਼ ਦੇ ਦੌਰਾਨ ਉਨ੍ਹਾਂ ਨੇ ਸਾਈਕਲ ਤੋਂ ਲੈ ਕੇ ਹੈਲੀਕਾਪਟਰ ਤੱਕ ਦਾ ਸਫਰ ਤੈਅ ਕੀਤਾ ਔਰ ਇਸ ਦੇਸ਼ ਦੇ ਬਹੁਜਨ ਸਮਾਜ ਨੂੰ ਜਾਗ੍ਰਿਤ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਉਨ੍ਹਾਂ ਨੇ ਬਹੁਜਨ ਦੀ ਗੱਲ ਕੀਤੀ ਜੋ ਇਸ ਦੇਸ਼ ਦੇ ਅੰਦਰ 85% ਲੋਕ ਹਨ, ਜਦੋਂ ਉਨ੍ਹਾਂ ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਹੁਕਮਰਾਨ ਬਣਾਉਣ ਦੀ ਗੱਲ ਕੀਤੀ ਤਾਂ ਲੋਕ ਉਨ੍ਹਾਂ ਦੇ ਮਗਰ ਲੱਗੇ ਪਰ ਇਹ ਬਦਕਿਸਮਤੀ ਹੈ ਕਿ ਉਸ ਵੇਲੇ ਦਾ ਮੀਡੀਆ, ਜਿਹੜਾ ਕਿ ਮਨੂਵਾਦੀ ਸੋਚ ਰੱਖਦਾ ਸੀ, ਇਸ ਦੇਸ਼ ਦੇ ਮੀਡੀਆ ਨੇ ਪਹਿਲਾਂ ਉਨ੍ਹਾਂ ਨੂੰ ਇਹ ਕਹਿ ਕੇ ਦੁਰਕਾਰਨਾ ਸ਼ੁਰੂ ਕੀਤਾ ਕਿ ਇਹ ਤਾਂ ਸਿਰਫ ਦਲਿਤਾਂ ਦੇ ਲੀਡਰ ਹਨ। ਜਦੋਂ ਲੋਕਾਂ ਦੇ ਦਿਮਾਗ ਵਿੱਚ ਇਹ ਗੱਲ ਪਾਈ ਗਈ ਕਿ ਇਹ ਬਹੁਜਨ ਦਾ ਲੀਡਰ ਨਹੀਂ, ਇਹ ਤਾਂ ਦਲਿਤਾਂ ਦਾ ਲੀਡਰ ਹੈ ਤਾਂ ਮੈਂ ਸਮਝਦਾ ਹਾਂ ਕਿ ਜਿਹੜੇ ਸਾਡੇ ਭੋਲੇ-ਭਾਲੇ ਲੋਕ ਸਨ, ਉਹ ਕਿਤੇ ਨਾ ਕਿਤੇ ਗੱਲਾਂ ਵਿੱਚ ਆ ਗਏ। ਜਦੋਂ ਇਹ ਦੇਖਿਆ ਕਿ ਯੂ.ਪੀ. ਵਰਗੀ ਸਟੇਟ ਵਿੱਚ, ਜਿਹੜਾ ਦੇਸ਼ ਦਾ ਸਭ ਤੋਂ ਵੱਡਾ ਸੂਬਾ ਹੈ, ਇਨ੍ਹਾਂ ਨੇ ਆਪਣੀ ਸਰਕਾਰ ਬਣਾ ਲਈ, ਫਿਰ ਮੀਡੀਆ ਨੇ ਉਨ੍ਹਾਂ ਨੂੰ ਨਿੰਦਣਾ ਸ਼ੁਰੂ ਕੀਤਾ ਕਿ ਇਹ ਤਾਂ ਦਲਿਤਾਂ ਦਾ ਨਹੀਂ, ਇਹ ਤਾਂ ਇਕੱਲੇ ਚਮਾਰਾਂ ਦਾ ਲੀਡਰ ਹੈ। ਉਨ੍ਹਾਂ ਨੇ ਡਵੀਜ਼ਨ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜੋ ਬਾਲਮੀਕ ਸਮਾਜ ਅਤੇ ਦੂਸਰਾ ਸਮਾਜ ਵੱਖਰੇ-ਵੱਖਰੇ ਹੋ ਜਾਣ। ਉਸ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਦੀ ਇਹ ਮੂਵਮੈਂਟ, ਜਿਹੜੀ ਸਮਾਜਿਕ ਪਰਿਵਰਤਨ ਅਤੇ ਆਰਥਿਕ ਮੁਕਤੀ ਦਾ ਅੰਦੋਲਨ ਸੀ, ਉਹ ਢਹਿ-ਢੇਰੀ ਹੋ ਗਈ।

ਸਰ, ਮੈਂ ਤੁਹਾਨੂੰ ਦੱਸਣਾ ਚਾਹਾਂਗਾ ਕਿ 1 ਜਨਵਰੀ, 2001 ਦੀ ਰਾਤ ਨੂੰ ਮੈਂ ਉਨ੍ਹਾਂ ਨੂੰ ਨਵੇਂ ਸਾਲ ਦੀ ਵਧਾਈ ਦੇਣ ਗਿਆ ਕਿਉਂਕਿ rush ਬਹੁਤ ਸੀ, ਉਹ ਕਹਿ ਦਿੰਦੇ ਸੀ ਕਿ ਮੈਂ ਫਲਾਣੇ ਨੂੰ ਮਿਲਣਾ ਹੈ ਅਤੇ ਫਲਾਣੇ ਨੂੰ ਨਹੀਂ ਮਿਲਣਾ। ਮੈਂ ਆਪਣਾ ਸੁਨੇਹਾ ਭੇਜਿਆ ਕਿ ਮੈਂ ਉਨ੍ਹਾਂ ਨੂੰ ਮਿਲਣ ਆਇਆ ਹਾਂ। ਉਹ ਕਹਿਣ ਲੱਗੇ, ਡਾਕਟਰ ਸੁੱਖੀ ਨੂੰ ਕਹੋ ਕਿ ਤੂੰ ਬੈਠਾ ਰਹਿ। ਕੋਈ ਰਾਤ ਦੇ 12.00 ਕੁ ਵਜੇ ਉਨ੍ਹਾਂ ਨੇ ਮੈਨੂੰ ਆਪਣੇ ਕਮਰੇ ਵਿੱਚ ਬੁਲਾਇਆ। ਜਦੋਂ ਮੈਂ ਗਿਆ ਤਾਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਰੋ ਰਹੇ ਸਨ। ਮੈਂ ਕਿਹਾ, ਸਾਹਿਬ ਤੁਸੀਂ ਰੋ ਰਹੇ ਹੋ ਤਾਂ ਉਹ ਕਹਿੰਦੇ ਕਿ ਨਹੀਂ ਤੈਨੂੰ ਵੈਸੇ ਲਗਦਾ ਹੈ, ਮੈਂ ਨਹੀਂ ਰੋ ਰਿਹਾ ਪਰ ਜਦੋਂ ਮੈਂ ਉਨ੍ਹਾਂ ਨੂੰ ਦੋ ਤਿੰਨ ਵਾਰੀ ਕਿਹਾ ਕਿ ਤੁਸੀਂ ਰੋ ਰਹੇ ਹੋ ਤਾਂ ਉਨ੍ਹਾਂ ਨੇ ਕਿਹਾ ਕਿ ਹਾਂ, ਮੇਰੀਆਂ ਅੱਖਾਂ ਵਿੱਚ ਪਾਣੀ ਆ ਗਿਆ ਸੀ, ਮੈਂ ਰੋ ਰਿਹਾ ਸੀ। ਮੈਂ ਕਿਹਾ ਕਿ ਤੁਸੀਂ ਕਿਉਂ ਰੋ ਰਹੇ ਹੋ? ਉਹ ਕਹਿਣ ਲੱਗੇ ਕਿ ਮੈਂ ਹਿਸਟਰੀ ਯਾਦ ਕਰ ਰਿਹਾ ਸੀ, ਮੈਂ ਦੇਖ ਰਿਹਾ ਸੀ ਇਸ ਦੇਸ਼ ਅੰਦਰ ਇੰਨੇ ਸੌ ਸਾਲ ਅੰਗਰੇਜ਼ ਰਾਜ ਕਰ ਗਏ, ਇੰਨੇ ਸੌ ਸਾਲ ਇੱਥੇ ਮੁਸਲਮਾਨ ਰਾਜ ਕਰ ਗਏ, ਮੈਂ ਚਾਹੁੰਦਾ ਸੀ ਕਿ ਇਸ ਦੇਸ਼ ਅੰਦਰ ਬਹੁਜਨਾਂ ਦਾ ਰਾਜ ਆਵੇ ਔਰ ਉਹ ਵੀ ਸਦੀਆਂ ਤੱਕ ਰਾਜ ਕਰਨ। ਉਹ ਕਹਿੰਦੇ ਕਿ ਮੈਨੂੰ ਲੱਗਦਾ ਹੈ ਕਿ ਮੈਂ ਕਿਤੇ ਖੁੰਝ ਗਿਆ ਅਤੇ ਇਹ ਸੋਚ ਕੇ ਮੇਰੀਆਂ ਅੱਖਾਂ ਵਿੱਚ ਪਾਣੀ ਆ ਗਿਆ। ਸਰ, ਉਹ ਆਦਮੀ, ਜਿਸ ਦਾ ਕੋਈ ਧੀ ਜਾਂ ਪੁੱਤ ਨਹੀਂ, ਜਿਸ ਦੇ

ਨਾਂ ਇੱਕ ਮਰਲਾ ਵੀ ਜ਼ਮੀਨ ਨਹੀਂ, ਜਿਸ ਨੇ ਕੋਈ ਆਪਣਾ ਪਰਿਵਾਰ ਨਹੀਂ ਬਣਾਇਆ ਔਰ ਕਿਸੇ ਨਾਲ ਇਸ ਤਰ੍ਹਾਂ ਦੇ ਰਿਲੇਸ਼ਨ ਨਹੀਂ ਰੱਖੇ ਤਾਂ ਕਿ ਉਸ ਦਾ ਬਹੁਜਨ ਸਮਾਜ ਹੁਕਮਰਾਨ ਬਣਨ ਤੋਂ ਨਾ ਰਹਿ ਜਾਵੇ, ਉਹ ਮਸੀਹਾ ਇਸ ਕਰਕੇ ਰੋ ਰਿਹਾ ਹੈ ਕਿ ਉਹ ਬਹੁਜਨ ਸਮਾਜ ਨੂੰ ਹੁਕਮਰਾਨ ਨਹੀਂ ਬਣਾ ਸਕੇ। ਸਰ, ਮੈਂ ਇਹ ਮਹਿਸੂਸ ਕਰਦਾ ਹਾਂ ਕਿ ਅੱਜ ਜੇ ਮੈਂ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੂੰ ਜਾਣਦਾ ਹਾਂ, ਮੈਨੂੰ ਬਾਬਾ ਸਾਹਿਬ ਡਾਕਟਰ ਅੰਬੇਦਕਰ ਬਾਰੇ ਪਹਿਲਾਂ ਨਹੀਂ ਪਤਾ ਹੁੰਦਾ ਸੀ, ਮੈਂ ਸਿਰਫ ਮੱਥਾ ਹੀ ਟੇਕਦਾ ਸੀ। ਮੈਨੂੰ ਬਾਬਾ ਸਾਹਿਬ ਡਾਕਟਰ ਅੰਬੇਦਕਰ ਦੀ ideology ਬਾਰੇ ਬਿਲਕੁਲ ਨਹੀਂ ਪਤਾ ਸੀ। ਮੈਨੂੰ ਇਹ ਲੱਗਦਾ ਸੀ ਕਿ ਬਾਬਾ ਸਾਹਿਬ ਡਾਕਟਰ ਅੰਬੇਦਕਰ ਦੀ ਫੋਟੋ ਤੇ 14 ਅਪ੍ਰੈਲ ਨੂੰ ਸਵੇਰੇ ਮੱਥਾ ਟੇਕਣਾ ਹੈ ਔਰ ਅਸੀਂ ਆਪ ਲੱਡੂ ਉਨ੍ਹਾਂ ਦੇ ਮੂੰਹ ਨੂੰ ਲਗਾਉਂਦੇ ਹੁੰਦੇ ਸੀ। ਮੈਨੂੰ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੂੰ ਜਾਣਨ ਦਾ ਮੌਕਾ ਤਾਂ ਮਿਲਿਆ ਜਦੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਸਾਨੂੰ ਦੱਸਿਆ ਕਿ ਇਨ੍ਹਾਂ ਨੂੰ ਪੂਜੋ ਨਾ, ਇਨ੍ਹਾਂ ਦੀ ideology ਤੇ ਪਹਿਰਾ ਦਿਓ। ਸਰ, ਮੈਂ ਧੰਨਵਾਦ ਕਰਦਾ ਹਾਂ ਕਿ ਅੱਜ ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਜੀ ਦੀ ਸਰਕਾਰ ਇਹ ਮਤਾ ਲੈ ਕੇ ਆਈ ਹੈ। ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਦੀ 6 ਦਸੰਬਰ, 1956 ਵਿੱਚ ਮੌਤ ਹੋਈ ਹੈ ਅਤੇ ਉਨ੍ਹਾਂ ਨੂੰ ਸਾਲ 1990 ਵਿੱਚ ਜਾ ਕੇ ਭਾਰਤ ਰਤਨ ਮਿਲਿਆ ਹੈ। ਅੱਜ ਸਾਹਿਬ ਕਾਂਸ਼ੀ ਰਾਮ ਜੀ ਨੂੰ ਗਏ ਲੰਮਾ ਸਮਾਂ ਹੋ ਗਿਆ ਹੈ। ਅੱਜ ਵੀ ਅਸੀਂ ਅਸੈਂਬਲੀਆਂ ਵਿੱਚ ਮੰਗ ਕਰ ਰਹੇ ਹਾਂ ਕਿਉਂਕਿ ਮਨੂਵਾਦੀ ਸੋਚ ਵਾਲੀਆਂ ਸਰਕਾਰਾਂ ਕਦੇ ਵੀ ਦਲਿਤ ਲੀਡਰਾਂ ਨੂੰ, ਚਾਹੇ ਉਹ ਬਹੁਜਨ ਸਮਾਜ ਦੇ ਲੀਡਰ ਹਨ, ਉਨ੍ਹਾਂ ਨੂੰ ਇਹ ਮਾਣ ਸਨਮਾਨ ਨਹੀਂ ਦੇ ਸਕਦੀ। ਮੈਂ, ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਦਾ ਧੰਨਵਾਦ ਕਰਦਾ ਹਾਂ ਔਰ ਖਾਸ ਤੌਰ ਤੇ ਆਮ ਆਦਮੀ ਪਾਰਟੀ ਦੇ ਕਨਵੀਨਰ, ਸ੍ਰੀ ਅਰਵਿੰਦ ਕੇਜਰੀਵਾਲ ਜੀ ਦਾ, ਜਿਨ੍ਹਾਂ ਨੇ ਜਦੋਂ ਉਹ ਸਾਲ 2016 ਵਿੱਚ ਚੀਫ ਮਨਿਸਟਰ ਸਨ, ਇਹ ਮੰਗ ਕੀਤੀ ਸੀ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਦਿੱਤਾ ਜਾਵੇ। ਸੋ, ਮੈਂ ਸਮਝਦਾ ਹਾਂ ਕਿ ਅੱਜ ਆਮ ਆਦਮੀ ਪਾਰਟੀ ਅਤੇ ਆਪੋਜ਼ੀਸ਼ਨ ਵੀ ਇਸ ਗੱਲ ਤੇ ਪੰਜਾਬ ਵਿੱਚ ਸਹਿਮਤੀ ਪ੍ਰਗਟ ਕਰ ਰਹੀ ਹੈ। ਜੇਕਰ ਇਸੇ ਤਰ੍ਹਾਂ ਦੇਸ਼ ਦੀਆਂ ਸਰਕਾਰਾਂ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਯੋਗਦਾਨ ਨੂੰ ਪਹਿਚਾਣ ਕੇ ਭਾਰਤ ਰਤਨ ਦੇਣ ਤਾਂ ਅਸੀਂ ਉਨ੍ਹਾਂ ਦਾ ਧੰਨਵਾਦ ਕਰਾਂਗੇ। ਸੋ, ਮੈਂ ਲਾਸਟ ਵਿੱਚ ਇਸ ਮਤੇ ਦੀ ਹਮਾਇਤ ਕਰਦਾ ਹੋਇਆ ਸ੍ਰੀ ਹਰਪਾਲ ਸਿੰਘ ਚੀਮਾ ਜੀ ਦਾ ਧੰਨਵਾਦ ਕਰਦਾ ਹਾਂ। ਜੈ ਭੀਮ, ਜੈ ਭਾਰਤ।

**ਮਾਣਯੋਗ ਡਿਪਟੀ ਸਪੀਕਰ**: ਬਹੁਤ ਬਹੁਤ ਧੰਨਵਾਦ। ਸਰਦਾਰ ਹਰਭਜਨ ਸਿੰਘ, ਈ.ਟੀ.ਓ. ਸਾਹਿਬ।

**ਲੋਕ ਨਿਰਮਾਣ (ਭ ਤੇ ਮ) ਮੰਤਰੀ (ਸਰਦਾਰ ਹਰਭਜਨ ਸਿੰਘ)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਤੁਸੀਂ ਮੈਨੂੰ ਅੱਜ ਇੱਕ ਬਹੁਤ ਹੀ ਅਹਿਮ ਮਤੇ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਸਰ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਵਿਚਾਰਧਾਰਾ ਮੁੱਖ ਤੌਰ ਤੇ ਬਹੁਜਨ ਸਮਾਜ ਨੂੰ ਰਾਜਨੀਤਕ ਤਾਕਤ ਦੇਣ ਅਤੇ ਸਮਾਜਿਕ ਬਦਲਾਅ ਲਿਆਉਣ ਵਾਸਤੇ ਸੀ। ਉਹ ਮੰਨਦੇ ਸੀ ਕਿ ਸੱਚੀ-ਸੁੱਚੀ ਬਰਾਬਰੀ ਤਦ ਹੀ ਆ ਸਕਦੀ ਹੈ ਜਦੋਂ ਪਛੜਿਆ ਵਰਗ ਆਪਣੇ ਹੱਕ ਲਈ ਰਾਜਨੀਤਕ ਤਾਕਤ ਹਾਸਲ ਕਰੇ। ਜਿਵੇਂ ਵੱਖ ਵੱਖ ਬੁਲਾਰਿਆਂ ਵੱਲੋਂ ਦੱਸਿਆ ਗਿਆ ਹੈ, ਉਨ੍ਹਾਂ ਦਾ ਜਨਮ 15 ਮਾਰਚ, 1934 ਨੂੰ ਹੋਇਆ। ਉਨ੍ਹਾਂ ਨੇ ਆਪਣੇ ਬਚਪਨ ਵਿੱਚ ਹੀ ਕਈ ਤਰ੍ਹਾਂ ਦੇ ਭੇਦ-ਭਾਵ ਸਹੇ, ਜਾਤੀ ਭੇਦ-ਭਾਵ ਸਹੇ, ਸਮਾਜਿਕ ਤੌਰ ਤੇ ਭੇਦ-ਭਾਵ ਸਹੇ, ਕਠੋਰ ਹਕੀਕਤਾਂ ਦੇ ਨਾਲ ਉਨ੍ਹਾਂ ਦਾ ਜੀਵਨ ਭਰਿਆ ਪਿਆ ਹੈ। ਸਰ, ਜਿਵੇਂ ਸਕੂਲਾਂ ਵਿੱਚ ਵੱਖਰੇ ਬਿਠਾਉਣਾ, ਸਰਕਾਰੀ ਖੂਹਾਂ ਤੋਂ ਪਾਣੀ ਨਾ ਭਰਨ ਦੇਣਾ, ਮੰਦਰਾਂ ਵਿੱਚ ਜਾਣ ਤੋਂ ਰੋਕਣਾ, ਇਨ੍ਹਾਂ ਮੁਸ਼ਕਲਾਂ ਦੇ ਬਾਵਜੂਦ ਵੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਜਗਿਆਸੂ ਸੋਚ ਨੇ, ਉਨ੍ਹਾਂ ਨੂੰ ਸਮਾਜਿਕ

ਢਾਂਚੇ ਬਾਰੇ ਸਵਾਲ ਪੁੱਛਣ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਦੇ ਅੰਦਰ ਜਾਤੀ ਆਧਾਰ ਤੇ ਹੁੰਦੇ ਜ਼ੁਲਮ ਦੇ ਖ਼ਿਲਾਫ਼ ਲੜਨ ਦੀ ਇੱਛਾ ਪੈਦਾ ਹੋ ਗਈ।

ਉਨ੍ਹਾਂ ਨੇ ਰੋਪੜ ਕਾਲਜ ਵਿੱਚੋਂ ਬੀ.ਐਸ.ਸੀ. ਕੀਤੀ ਔਰ ਪੜ੍ਹਾਈ ਉਪਰੰਤ ਡਿਫੈਂਸ ਰਿਸਰਚ ਅਤੇ ਡਿਵੈਲਪਮੈਂਟ ਆਰਗੇਨਾਈਜ਼ੇਸ਼ਨ ਵਿੱਚ ਬਤੌਰ ਇੰਪਲਾਈ ਆਪਣੀ ਨੌਕਰੀ ਸ਼ੁਰੂ ਕੀਤੀ। ਨੌਕਰੀ ਦੌਰਾਨ ਉਨ੍ਹਾਂ ਨੇ ਦੇਖਿਆ ਕਿ ਕਾਫੀ ਕੁਝ ਸਮਾਜ ਵਾਸਤੇ ਕਰਨਾ ਜ਼ਰੂਰੀ ਹੈ। ਡਾਕਟਰ ਬੀ.ਆਰ. ਅੰਬੇਦਕਰ ਸਾਹਿਬ ਜੀ ਦੀ ਵਿਚਾਰਧਾਰਾ, ਉਨ੍ਹਾਂ ਦੇ ਫ਼ਲਸਫ਼ੇ ਨੂੰ ਅੱਗੇ ਲੈ ਕੇ ਜਾਣਾ ਬਹੁਤ ਜ਼ਰੂਰੀ ਹੈ। ਸਰ, ਬਾਬਾ ਸਾਹਿਬ ਅੰਬੇਦਕਰ ਜੀ ਨੇ Annihilation of Caste ਅਤੇ Who were the Shudras ਬੁੱਕਸ ਲਿਖੀਆਂ ਸਨ। ਜਦੋਂ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਇਹ ਬੁੱਕਸ ਪੜ੍ਹੀਆਂ ਤਾਂ ਉਨ੍ਹਾਂ ਦਾ ਮਨ ਝੰਜੋੜਿਆ ਗਿਆ ਔਰ ਉਨ੍ਹਾਂ ਨੇ ਸੋਚਿਆ ਕਿ ਮੈਂ ਆਪਣੇ ਸਮਾਜ ਵਾਸਤੇ ਕੁਝ ਅਜਿਹਾ ਕਰਾਂ ਜਿਸ ਵਿੱਚ ਸਮਾਜਿਕ, ਆਰਥਿਕ ਅਤੇ ਰਾਜਨੀਤਕ ਬਰਾਬਰੀ ਆ ਸਕੇ। ਸਰ, 1981 ਵਿੱਚ ਉਨ੍ਹਾਂ ਨੇ BAMCEF (All India Backward and Minority Communities Employees Federation) ਨਾਮ ਦੀ ਇੱਕ ਫੈਡਰੇਸ਼ਨ ਬਣਾਈ। ਸਰ, ਇਸ ਦਾ ਮਕਸਦ ਸੀ ਕਿ ਘੱਟ ਗਿਣਤੀਆਂ ਦੇ, ਦਲਿਤ ਵਰਗ ਦੇ ਜਾਂ ਬਹੁਜਨ ਸਮਾਜ ਦੇ ਜਿਹੜੇ ਇੰਪਲਾਈ ਸੀ, ਉਨ੍ਹਾਂ ਦੀਆਂ ਡਿਊਟੀਆਂ ਲਗਾਈਆਂ ਜਾਣ ਕਿ ਉਹ ਬਾਬਾ ਸਾਹਿਬ ਅੰਬੇਦਕਰ ਸਾਹਿਬ ਦੇ ਵਿਚਾਰਾਂ, ਫਲਸਫ਼ੇ ਅਤੇ ਸੋਚਣੀ ਨੂੰ ਘਰ ਘਰ ਵਿੱਚ ਪਹੁੰਚਾ ਸਕਣ। ਸਰ, BAMCEF ਨੇ ਇਸ ਫੀਲਡ ਵਿੱਚ ਕਾਫ਼ੀ ਕੰਮ ਕੀਤਾ। ਉਨ੍ਹਾਂ ਨੇ 1981 ਵਿੱਚ DS4 ਭਾਵ ਦਲਿਤ ਸੋਸ਼ਿਤ ਸਮਾਜ ਸੰਘਰਸ਼ ਸੰਮਤੀ ਬਣਾਈ। ਇਸ DS4 ਦਾ ਮਕਸਦ ਵੀ ਇਹੀ ਸੀ ਕਿ ਜਿਹੜਾ ਬਹੁਜਨ ਸਮਾਜ ਹੈ, ਜਿਸ ਵਿੱਚ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ, ਪੱਛੜੇ ਵਰਗ, ਜਿਨ੍ਹਾਂ ਦੀ ਗਿਣਤੀ 85 ਪਰਸੈਂਟ ਦੇ ਕਰੀਬ ਸੀ, ਉਹ ਚਾਹੁੰਦੇ ਸੀ ਕਿ ਇਨ੍ਹਾਂ ਵਿੱਚ ਜਗਿਆਸਾ ਆਵੇ, ਨਾਲੇਜ ਆਵੇ ਤਾਂ ਕਿ ਇਹ ਸਮਾਜ ਅੱਗੇ ਵਧੇ। ਸਰ, ਉਨ੍ਹਾਂ ਨੇ ਆਪ ਵੀ ਇੱਕ ਬੁੱਕ ਲਿਖੀ, ਜਿਸ ਦਾ ਨਾਮ ਚਮਚਾ-ਏਜ ਸੀ। ਉਸ ਬੁੱਕ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਜਿੰਨੀਆਂ ਵੀ ਵੱਡੀਆਂ ਪਾਰਟੀਆਂ ਹਨ, ਉਨ੍ਹਾਂ ਵਿੱਚ ਬਹੁਤ ਲੋਕ ਇਹੋ ਜਿਹੇ ਆ ਗਏ ਹਨ ਜਿਹੜੇ ਚਮਚਾਗਿਰੀ ਕਰਦੇ ਹਨ ਔਰ ਬਹੁਜਨ ਸਮਾਜ ਵਾਸਤੇ ਕੰਮ ਨਹੀਂ ਕਰਦੇ। ਸਰ, ਉਨ੍ਹਾਂ ਨੇ ਕਾਂਗਰਸ ਨੂੰ ਸਰਪ-ਨਾਗ ਕਿਹਾ ਸੀ ਔਰ ਬੀ.ਜੇ.ਪੀ. ਨੂੰ ਨਾਗ-ਨਾਥ ਕਿਹਾ ਸੀ ਕਿ ਇਹ ਜਿਹੜੀਆਂ ਪਾਰਟੀਆਂ ਹਨ, ਇਹ ਸਿਰਫ ਦਲਿਤ ਵਰਗ ਦੀਆਂ ਵੋਟਾਂ ਲੈਣ ਵਾਸਤੇ use and throw ਦਾ ਕੰਮ ਕਰਦੀਆਂ ਸੀ। ਇਨ੍ਹਾਂ ਨੇ ਆਪਣੀ ਪਾਵਰ ਲਈ ਜਾਤਾਂ/ਬਹੁਜਨ ਸਮਾਜ ਨੂੰ ਵਰਤਿਆ ਅਤੇ ਉਸ ਤੋਂ ਬਾਅਦ ਇਨ੍ਹਾਂ ਨੂੰ ਥਰੋ ਕਰ ਦਿੱਤਾ। ਸਰ, ਮੈਂ, ਸ਼੍ਰੀ ਅਰਵਿੰਦ ਕੇਜਰੀਵਾਲ ਸਾਹਿਬ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਮਿਤੀ 16 ਮਾਰਚ, 2016 ਨੂੰ ਜਦੋਂ ਉਹ ਦਿੱਲੀ ਦੇ ਮੁੱਖ ਮੰਤਰੀ ਸੀ, ਉਨ੍ਹਾਂ ਨੇ ਮੰਗ ਕੀਤੀ ਕਿ ਸਾਹਿਬ ਸ਼੍ਰੀ ਕਾਂਸੀ ਰਾਮ ਜੀ ਨੂੰ ਭਾਰਤ ਰਤਨ ਦਾ ਪੁਰਸਕਾਰ ਦਿੱਤਾ ਜਾਵੇ। ਸਰ, ਇਹ ਬਹੁਤ ਜ਼ਰੂਰੀ ਹੈ ਕਿ ਜਦੋਂ ਕੋਈ ਵਿਅਕਤੀ ਸੋਸ਼ਲ ਟਰਾਂਸਫਰਮੇਸ਼ਨ ਵਾਸਤੇ, ਬਦਲਾਅ ਵਾਸਤੇ ਕਿਸੇ ਦੇਸ਼ ਵਿੱਚ ਕੰਮ ਕਰਦਾ ਹੈ ਤਾਂ ਉਨ੍ਹਾਂ ਨੂੰ ਮਾਨਤਾ ਮਿਲਣੀ ਬਹੁਤ ਜ਼ਰੂਰੀ ਹੋ ਜਾਂਦੀ ਹੈ। ਸਰ, ਉਨ੍ਹਾਂ ਨੇ ਆਪਣਾ ਸਮਾਜ, ਆਪਣਾ ਜੀਵਨ, ਸਮਾਜ ਦੇ ਉਥਾਨ ਲਈ ਸਮਰਪਿਤ ਕਰ ਦਿੱਤਾ। ਭਾਵੇਂ ਦੇਸ਼ ਆਜ਼ਾਦ ਹੋ ਚੁੱਕਾ ਸੀ ਪਰ ਦੇਸ਼ ਵਿੱਚ ਜਾਤੀ ਭੇਦ-ਭਾਵ ਲਗਾਤਾਰ ਜਾਰੀ ਸੀ। ਉਹ ਆਪਣੀ ਸੁੱਖ-ਆਰਾਮ ਦੀ ਨੌਕਰੀ ਛੱਡ ਕੇ ਇਸ ਸਮਾਜ ਦੇ ਉਥਾਨ ਵਾਸਤੇ ਬਹੁਤ ਅੱਗੇ ਆਏ।

ਅੱਜ ਜਿਹੜਾ ਮਤਾ ਸਾਡੇ ਮਾਣਯੋਗ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਸਾਹਿਬ ਲੈ ਕੇ ਆਏ ਹਨ, ਮੈਂ ਉਨ੍ਹਾਂ ਦਾ ਪੁਰਜ਼ੋਰ ਸਮਰਥਨ ਕਰਦਾ ਹਾਂ। ਮੈਂ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਦਾ

ਧੰਨਵਾਦੀ ਹਾਂ, ਜਿਨ੍ਹਾਂ ਨੇ ਇੱਕ ਉਸ ਵਿਅਕਤੀ ਵਾਸਤੇ, ਆਪਾਂ ਵਿਅਕਤੀ ਤਾਂ ਨਹੀਂ ਕਹਿ ਸਕਦੇ, ਉਹ ਇੱਕ ਬਹੁਤ ਵੱਡੀ ਸ਼ਖਸੀਅਤ ਸੀ, ਉਨ੍ਹਾਂ ਵਾਸਤੇ ਇਹ ਸੋਚਿਆ ਕਿ ਅਸੀਂ ਉਨ੍ਹਾਂ ਨੂੰ ਭਾਰਤ ਦੇ ਵਿੱਚ ਬਣਦਾ ਮਾਣ-ਸਤਿਕਾਰ ਦੇਈਏ। ਸਰ, ਉਸ ਵਾਸਤੇ ਉਨ੍ਹਾਂ ਨੂੰ ਭਾਰਤ ਰਤਨ ਦੇਣ ਦਾ ਮਤਾ ਸਾਡੇ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਸਾਹਿਬ ਲੈ ਕੇ ਆਏ ਹਨ, ਮੈਂ ਉਸ ਦਾ ਸਮਰਥਨ ਕਰਦਾ ਹਾਂ ਔਰ ਸਮੁੱਚੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਸਰਬ-ਸੰਮਤੀ ਨਾਲ ਪਾਸ ਕੀਤਾ ਜਾਵੇ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ**: ਮਿਹਰਬਾਨੀ ਜੀ। ਮਾਣਯੋਗ ਮੈਂਬਰ, ਸਰਦਾਰ ਪਰਗਟ ਸਿੰਘ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ):** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਜੀ। ਜਿਹੜਾ ਮਤਾ ਚੀਮਾ ਸਾਹਿਬ ਲੈ ਕੇ ਆਏ ਹਨ, ਮੈਂ ਉਸ ਦੀ ਪ੍ਰੋੜ੍ਹਤਾ ਲਈ ਖੜ੍ਹਾ ਹੋਇਆ ਹਾਂ। ਮੈਂ ਹਮੇਸ਼ਾ ਉਸ ਸਪਿਰਟ ਦਾ ਕਾਇਲ ਹੁੰਦਾ ਹਾਂ, ਜਿਸ ਸਪਿਰਿਟ ਨੇ ਵਿਚਾਰਧਾਰਕ ਲੜਾਈ ਕੀਤੀ ਹੋਵੇ। ਮੈਨੂੰ ਇੱਕ ਵਾਰੀ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਜੀ ਅਤੇ ਮੇਰੇ ਸਹੁਰਾ ਸਾਹਿਬ ਸਰਦਾਰ ਦਰਬਾਰਾ ਸਿੰਘ, ਜੋ ਵਿਧਾਨ ਸਭਾ ਦੇ ਸਪੀਕਰ ਵੀ ਰਹੇ ਹਨ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨਾਲ ਬੈਠ ਕੇ, ਉਨ੍ਹਾਂ ਦੀਆਂ ਗੱਲਾਂ ਸੁਣਨ ਦਾ ਮੌਕਾ ਮਿਲਿਆ ਸੀ। ਉਹ ਸਪਿਰਟ ਅੱਜ ਰਾਜਨੀਤਕ ਸਿਸਟਮ ਵਿਚੋਂ ਮੁੱਕਦੀ ਜਾ ਰਹੀ ਹੈ, ਇਹ ਸੱਚਾਈ ਹੈ। ਆਪਾਂ ਇੱਥੇ ਕਈ ਵਾਰ ਇਹੋ ਜਿਹਾ ਸੀਨ ਵੀ ਕਰੀਏਟ ਕਰਕੇ ਬੈਠ ਜਾਂਦੇ ਹਾਂ ਕਿ ਜਦੋਂ ਆਉਣ ਵਾਲੇ ਸਮੇਂ ਵਿਚ ਇਸ ਸਦਨ ਦੀ ਹਿਸਟਰੀ ਲਿਖੀ ਜਾਵੇਗੀ ਤਾਂ ਉਹ ਸਪਿਰਟ ਇਸ ਸਦਨ ਦੀ ਨਾ ਰਹੇ ਕਿਉਂਕਿ ਜੱਜ ਕਰਨ ਵਾਲੇ ਲੋਕ ਹੁੰਦੇ ਹਨ। ਉਸ ਸਮੇਂ ਜਿਸ ਸਮੇਂ ਵਿਤਕਰਾ ਸੀ, ਪਾਬੰਦੀਆਂ ਸੀ, ਆਪਾਂ ਵਿਚਾਰਧਾਰਕ ਤੌਰ ਤੇ ਹੀ ਲੜ ਸਕਦੇ ਹਾਂ, ਬਾਕੀ ਲੜਾਈ ਤਾਂ ਬੇਮਾਅਨੇ ਲੜਾਈ ਹੁੰਦੀ ਹੈ। ਜਿੰਨੇ ਵੀ ਇਹੋ ਜਿਹੇ ਮਹਾਂਪੁਰਸ਼ ਹੋਏ ਹਨ, ਉਨ੍ਹਾਂ ਨੇ ਹਮੇਸ਼ਾ ਵਿਚਾਰਧਾਰਕ ਲੜਾਈ ਹੀ ਕੀਤੀ ਹੈ। ਮੈਂ ਉਸ ਡਿਸਕਸ਼ਨ ਵਿਚੋਂ ਇੱਕ ਚੀਜ਼ ਮਹਿਸੂਸ ਕੀਤੀ ਕਿ ਉਹ ਤਿੰਨੇ ਬੇਸ਼ੱਕ ਵੱਖਰੀਆਂ ਵਿਚਾਰਧਾਰਾਵਾਂ ਨਾਲ ਸਬੰਧਤ ਸਨ ਪਰ ਜਦੋਂ ਸਪਿਰਿਟ ਦੀ ਗੱਲ ਆਉਂਦੀ ਸੀ ਤਾਂ ਤਿੰਨੇ ਇਕ-ਦੂਸਰੇ ਨਾਲ ਸਹਿਮਤ ਹੁੰਦੇ ਸੀ। ਮੈਨੂੰ ਜਿੰਨੀ ਕੁ ਗੱਲ ਸਮਝ ਆਉਂਦੀ ਹੈ। ਸੋ, ਅੱਜ ਜਿੱਥੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਲਈ ਭਾਰਤ ਰਤਨ ਦੀ ਮੰਗ ਕਰ ਰਹੇ ਹਾਂ ਤਾਂ ਮੈਨੂੰ ਲੱਗਦਾ ਹੈ ਕਿ ਉਸ ਸਪਿਰਿਟ ਵਿਚ ਭਾਵੇਂ ਸਰਦਾਰ ਕਰਤਾਰ ਸਿੰਘ ਸਰਾਭਾ ਹੋਣ, ਸ਼ਹੀਦ ਭਗਤ ਸਿੰਘ ਹੋਣ ਜਾਂ ਲਾਲਾ ਲਾਜਪਤ ਰਾਏ ਜੀ ਹੋਣ, ਮੈਨੂੰ ਲੱਗਦਾ ਹੈ ਕਿ ਸਾਨੂੰ ਉਸ ਸਪਿਰਟ ਨੂੰ ਸਿਜਦਾ ਕਰਨਾ ਚਾਹੀਦਾ ਹੈ ਅਤੇ ਸਾਨੂੰ ਇਕ ਪਾਜ਼ੀਟਿਵ ਮੈਸੇਜ ਦੇਣਾ ਚਾਹੀਦਾ ਹੈ ਕਿ ਇਨ੍ਹਾਂ ਲੋਕਾਂ ਨੇ ਇਹ ਕੰਮ ਕੀਤਾ ਤੇ ਇਸ ਕੰਮ ਕਰਕੇ ਹੀ ਇਨ੍ਹਾਂ ਨੂੰ ਸਨਮਾਨ ਦਿੱਤਾ ਜਾ ਰਿਹਾ ਹੈ। ਵੈਸੇ ਤਾਂ ਮੈਨੂੰ ਲੱਗਦਾ ਹੈ ਕਿ ਇਹ ਸਨਮਾਨ ਉਨ੍ਹਾਂ ਸ਼ਖਸੀਅਤਾਂ ਵਾਸਤੇ ਬਹੁਤ ਛੋਟੇ ਹਨ। ਮੈਂ ਇਸ ਕਰਕੇ ਛੋਟੇ ਕਹਿੰਦਾ ਹਾਂ ਕਿਉਂਕਿ ਉਹ ਇਨ੍ਹਾਂ ਸਨਮਾਨਾਂ ਦੇ ਮੁਥਾਜ ਨਹੀਂ ਸਨ। ਉਨ੍ਹਾਂ ਨੇ ਜਿਸ ਸਪਿਰਿਟ ਨਾਲ ਸਮਾਜ ਵਿਚੋਂ ਨਾ-ਬਰਬਰਤਾ ਕੱਢੀ। ਜਿਹੜੀ ਸਾਡੇ ਗੁਰੂ ਸਾਹਿਬਾਨ ਦੀ ਸਪਿਰਟ ਹੈ -

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥

ਆਲੇ-ਦੁਆਲੇ ਤੋਂ ਬਹੁਤ ਤਕਲੀਫ਼ਾਂ ਹੁੰਦੀਆਂ ਹਨ ਕਿ ਇਹ ਫਲਾਣੇ ਧਰਮ ਦਾ ਹੈ, ਫਲਾਣੀ ਜਾਤ ਦਾ ਹੈ। ਮੇਰੀ ਬੈਕਗਰਾਊਂਡ ਤਾਂ ਸਪੋਰਟਸ ਦੀ ਹੈ। ਮੈਨੂੰ ਤਾਂ ਇੰਝ ਲੱਗਦਾ ਹੈ ਕਿ ਜੇਕਰ ਮੇਰੇ ਨਾਲ ਦਾ ਪਲੇਅਰ ਚੰਗਾ ਹੈ ਭਾਵੇਂ ਕਿਸੇ ਵੀ ਜਾਤ ਤੇ ਧਰਮ ਦਾ ਹੋਵੇ, ਮੈਂ ਉਸ ਤੋਂ ਕੀ ਲੈਣਾ-ਦੇਣਾ, ਜਿੰਨਾ ਚਿਰ ਉਹ ਪਲੇਅਰ ਚੰਗਾ ਹੈ, ਜਿੰਨਾ ਚਿਰ ਉਹ

ਸਮਾਜ ਲਈ ਇਨਸਾਨ ਚੰਗਾ ਹੈ। ਸੋ, ਮੈਨੂੰ ਲੱਗਦਾ ਹੈ ਕਿ ਜਾਤ-ਪਾਤ ਦੀ ਗੱਲ ਹੁਣ ਉਸ ਲੈਵਲ ਤੇ ਨਹੀਂ ਹੋਣੀ ਚਾਹੀਦੀ। ਸਮਾਜ ਵਿਚ ਸਾਡੀ ਨਵੀਂ ਜੈਨਰੇਸ਼ਨ ਜ਼ਿਆਦਾ ਕੰਟਰੀਬਿਊਟ ਕਰ ਰਹੀ ਹੈ। ਹੋ ਸਕਦਾ ਹੈ ਕਿ ਪੁਰਾਣੇ ਸਮਿਆਂ ਵਿਚ ਇਹ ਸਾਰਾ ਕੁਝ ਹੁੰਦਾ ਹੋਵੇ ਪਰ ਜਿੱਥੋ ਮੈਂ ਆਉਂਦਾ ਹਾਂ, ਜਲੰਧਰ ਤੋਂ, ਦੁਆਬੇ ਤੋਂ ਤਾਂ ਮੈਨੂੰ ਕਦੇ ਇਹ ਮਹਿਸੂਸ ਨਹੀਂ ਹੋਇਆ ਕਿ ਕਿਤੇ ਇਹੋ ਜਿਹਾ ਵਿਤਕਰਾ ਹੋਇਆ ਹੋਵੇ। ਸੋ, ਮੈਨੂੰ ਲੱਗਦਾ ਹੈ ਕਿ ਜਿੱਥੇ ਉਸ ਸਪਿਰਟ ਲਈ ਅਸੀਂ ਕੰਮ ਕਰ ਰਹੇ ਹਾਂ ਤਾਂ ਸ਼ਹੀਦ-ਏ-ਆਜ਼ਮ, ਸਰਦਾਰ ਭਗਤ ਸਿੰਘ ਲਈ ਵੀ, ਇਹ ਮਤਾ ਇਕੱਠਾ ਕਰ ਦੇਈਏ ਤਾਂ ਕੋਈ ਇਹੋ ਜਿਹੀ ਗੱਲ ਨਹੀਂ ਹੋਵੇਗੀ। ਸੋ, ਚੀਮਾ ਸਾਹਿਬ, ਜੇਕਰ ਇਸ ਤਸਵੀਰ ਨੂੰ ਵੱਡੀ ਪੱਧਰ ਤੇ ਵੇਖੀਏ ਤਾਂ ਲਾਰਜਰ ਸਪਿਰਿਟ ਤੇ ਕੰਮ ਕਰੀਏ ਕਿਉਂਕਿ ਇਹ ਦੋਵੇਂ ਹੀ ਆਪਣੀ ਆਪਣੀ ਫੀਲਡ ਵਿਚ ਮਹਾਂਰਥੀ ਹਨ, ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਸਮਾਜ ਲਈ ਸਮਰਪਿਤ ਕਰ ਦਿੱਤੀ। ਇੱਕ ਨੇ ਆਪਣੀ ਜ਼ਿੰਦਗੀ ਸਮਾਜ ਦੀ ਇੱਕ ਮੂਵਮੈਂਟ ਲਈ ਸਮਰਪਿਤ ਕਰ ਲਈ ਅਤੇ ਦੂਜੇ ਨੇ ਅਜ਼ਾਦੀ ਲਈ ਸਮਰਪਿਤ ਕਰ ਲਈ। ਸੋ, ਮੇਰਾ ਖਿਆਲ ਹੈ ਕਿ ਸਾਨੂੰ ਉਸ ਸਪਿਰਿਟ ਨੂੰ ਸਿਜਦਾ ਕਰਨਾ ਚਾਹੀਦਾ ਹੈ। ਸੋ, ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ। ਧੰਨਵਾਦ।(ਥੰਪਿੰਗ)

**ਮਾਣਯੋਗ ਡਿਪਟੀ ਸਪੀਕਰ:** ਧੰਨਵਾਦ ਜੀ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਯਾਦ ਕਰਦਿਆਂ ਮੈਂ ਉਨ੍ਹਾਂ ਦੀ ਕਹੀ ਗੱਲ ਯਾਦ ਕਰ ਰਿਹਾ ਹਾਂ ਕਿ ਪਾਣੀ ਦੇ ਨਹਾਉਣ ਦੇ ਨਾਲ ਸਿਰਫ਼ ਵਸਤਰ ਬਦਲੇ ਜਾ ਸਕਦੇ ਹਨ ਪਰ ਪਸੀਨੇ ਦੇ ਨਹਾਉਣ ਨਾਲ ਇਤਿਹਾਸ ਬਦਲਦਾ ਹੈ। ਅੱਜ ਉਨ੍ਹਾਂ ਬਾਰੇ ਜਿਹੜਾ ਮਤਾ ਆਇਆ ਹੈ, ਉਸ ਬਾਰੇ ਮੈਂ ਅੱਗੇ ਗੱਲ ਸ਼ੁਰੂ ਕਰਾਂਗਾ।

**ਡਾਕਟਰ ਨਛੱਤਰ ਪਾਲ:** ਡਿਪਟੀ ਸਪੀਕਰ ਸਾਹਿਬ, ਮੈਂ ਬਹੁਜਨ ਸਮਾਜ ਪਾਰਟੀ, ਜਿਹੜੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਵੱਲੋਂ ਬਣਾਈ ਗਈ ਹੈ, ਦਾ ਮੈਂਬਰ ਹਾਂ। ਤੁਸੀਂ ਉਸ ਨੂੰ ਇਗਨੋਰ ਕਰ ਰਹੇ ਹੋ। ਮੈਨੂੰ ਵੀ ਬੋਲਣ ਦਾ ਮੌਕਾ ਦਿਓ।

**ਮਾਣਯੋਗ ਡਿਪਟੀ ਸਪੀਕਰ:** ਨਹੀਂ ਨਹੀਂ, ਮੈਂ ਸੋਚਿਆ ਕਿ ਸ਼ਾਇਦ ਤੁਸੀਂ ਬੋਲ ਲਏ। ਡਾਕਟਰ ਸਾਹਿਬ, ਤੁਸੀਂ ਬੋਲੋ। ਤੁਹਾਨੂੰ ਕਦੇ ਮਨਾ ਕੀਤਾ ਹੀ ਨਹੀਂ ਜੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ) :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਮਹਾਨ ਰਹਿਬਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਦੇਣ ਦਾ ਮਤਾ ਮਾਣਯੋਗ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਜੀ ਲੈ ਕੇ ਆਏ ਹਨ, ਮੈਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਇਸ ਮਤੇ ਦਾ ਸਮਰਥਨ ਕਰਦਾ ਹਾਂ।

ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ 15 ਮਾਰਚ, 1934 ਨੂੰ ਬੁੰਗਾ ਸਾਹਿਬ ਵਿਖੇ ਮਾਤਾ ਬਿਸ਼ਨ ਕੌਰ ਅਤੇ ਪਿਤਾ ਹਰੀ ਸਿੰਘ ਜੀ ਦੇ ਘਰ ਹੋਇਆ, ਇਹ ਪਿੰਡ ਖਵਾਸਪੁਰਾ ਰੋਪੜ ਜ਼ਿਲ੍ਹੇ ਵਿੱਚ ਪੈਂਦਾ ਹੈ। ਸ੍ਰੀ ਕਾਂਸ਼ੀ ਰਾਮ ਜੀ ਪੂਨੇ ਵਿਖੇ DRDO (Defence Research and Development Organisation) ਵਿੱਚ Scientist ਦੀ ਨੌਕਰੀ ਕਰਦੇ ਸੀ। ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਦੀ ਛੁੱਟੀ ਨਾ ਹੋਣ ਕਾਰਨ ਦੀਨਾ ਭਾਨਾ ਨੂੰ ਉਸ ਵੇਲੇ ਨੌਕਰੀ ਤੋਂ ਕੱਢਿਆ ਗਿਆ ਤਾਂ ਉਸ ਵੇਲੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀ ਕਿਤਾਬ Annihilation of caste ਅਤੇ ਜਾਤ-ਪਾਤ ਦਾ ਬੀਜ ਨਾਸ਼ ਪਤ੍ਰਿਕਾ ਪੜ੍ਹੀ ਤਾਂ ਉਨ੍ਹਾਂ ਨੇ ਇਹ ਤਹੱਈਆ ਕੀਤਾ ਕਿ ਮੈਂ ਬਾਬਾ ਭੀਮ ਰਾਓ ਅੰਬੇਦਕਰ ਜੀ ਦਾ ਅੰਦੋਲਨ ਪੂਰੇ ਦੇਸ਼ ਵਿੱਚ ਲੈ ਕੇ

ਜਾਵਾਂਗਾ। ਉਨ੍ਹਾਂ ਨੇ ਆਪਣਾ ਅਸਤੀਫਾ ਦਿੱਤਾ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ BAMCEF (1978) ਗਠਿਤ ਕੀਤੀ ਜੋ ਕਿ ਉਸ ਵੇਲੇ ਦੇ ਪੜ੍ਹੇ-ਲਿਖੇ ਲੋਕਾਂ ਦੀ ਸਭ ਤੋਂ ਵੱਡੀ ਜੱਥੇਬੰਦੀ ਸੀ, ਜਿਸ ਨੂੰ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵਿੱਚ ਦਰਜ ਕੀਤਾ ਗਿਆ। ਉਨ੍ਹਾਂ ਨੇ 1981 ਵਿੱਚ DS-4, ਦਲਿਤ ਸੋਸ਼ਲ ਸਮਾਜ ਸੰਘਰਸ਼ ਸੰਮਤੀ ਬਣਾਈ ਅਤੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਤੇ 14 ਅਪ੍ਰੈਲ, 1984 ਨੂੰ ਬਹੁਜਨ ਸਮਾਜ ਪਾਰਟੀ ਬਣਾਈ ਜੋ ਪਿਛਲੇ 30 ਸਾਲਾਂ ਤੋਂ ਦੇਸ਼ ਦੇ ਅੰਦਰ ਨੈਸ਼ਨਲ ਪਾਰਟੀ ਹੈ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ 2 ਪੈਰ 2 ਟਾਇਰਾਂ ਦਾ ਸਿਧਾਂਤ ਦਿੱਤਾ ਔਰ ਸਾਈਕਲ ਤੇ ਚੱਲ ਕੇ ਦੇਸ਼ ਦੇ ਐਸ.ਸੀ./ਐਸ.ਟੀ./ਓ.ਬੀ.ਸੀ. ਅਤੇ ਘੱਟ ਗਿਣਤੀਆਂ ਨੂੰ ਇਕੱਠੇ ਕਰਕੇ ਇਸ ਦੇਸ਼ ਦੇ ਵਿੱਚ ਇੱਕ ਸਮਾਜਿਕ ਪਰਿਵਰਤਨ ਔਰ ਆਰਥਿਕ ਮੁਕਤੀ ਦਾ ਅੰਦੋਲਨ ਸ਼ੁਰੂ ਕੀਤਾ। ਉਨ੍ਹਾਂ ਨੇ ਇੱਕ ਕਿਤਾਬ ਲਿਖੀ, ਜਿਸ ਦੇ ਬਾਰੇ ਮਾਣਯੋਗ ਈ.ਟੀ.ਓ. ਸਾਹਿਬ ਦੱਸ ਕੇ ਗਏ ਹਨ ਕਿ ਬਾਬਾ ਸਾਹਿਬ ਅੰਬੇਦਕਰ ਜੀ ਦੇ ਜਾਣ ਤੋਂ ਬਾਅਦ ਦੇਸ਼ ਦੇ ਅੰਦਰ ਉਨ੍ਹਾਂ ਪਾਰਟੀਆਂ ਨੇ ਚਮਚੇ ਪੈਦਾ ਕੀਤੇ, ਜਿਹੜੇ ਉਨ੍ਹਾਂ ਨੂੰ ਆਪਣੇ ਮੁਤਾਬਿਕ ਵਰਤਦੇ ਸੀ। ਉਨ੍ਹਾਂ ਨੇ ਚਮਚਾ ਯੁੱਗ ਨਾਮ ਦੀ ਇੱਕੋ-ਇੱਕ ਕਿਤਾਬ ਆਪਣੀ ਜ਼ਿੰਦਗੀ ਵਿੱਚ ਲਿਖੀ। ਇਸ ਤੋਂ ਸਾਨੂੰ ਸਾਰੀ ਸੇਧ ਮਿਲਦੀ ਹੈ। ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਦਾ ਸਿਧਾਂਤ ਸੀ ਕਿ ਰਾਜ ਸੱਤਾ ਇੱਕ ਅਜਿਹੀ ਚਾਬੀ ਹੈ, ਜਿਸ ਦੇ ਨਾਲ ਸਾਰੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕਦਾ ਹੈ। ਦੇਸ਼ ਦੇ ਸਭ ਤੋਂ ਵੱਡੇ ਸੂਬੇ ਵਿੱਚ ਭੈਣ ਕੁਮਾਰੀ ਮਾਇਆਵਤੀ ਜੀ, ਰਾਸ਼ਟਰੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਦੀ ਅਗਵਾਈ ਵਿੱਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਸਰਕਾਰ ਬਣਾਈ। ਜਿਹੜੇ ਮਹਾਂਪੁਰਸ਼ ਅਤੇ ਰਹਿਬਰਾਂ ਨੇ 150 ਸਾਲ ਸੰਘਰਸ਼ ਕੀਤਾ, ਜਿਵੇਂ ਮਹਾਤਮਾ ਜੋਤੀ ਰਾਓ ਫੂਲੇ, ਮਾਤਾ ਸਵਿਤਰੀ ਬਾਈ ਫੂਲੇ, ਸ਼ਾਹੂ ਮਹਾਰਾਜ, ਬਾਬਾ ਸਾਹਿਬ ਡਾਕਟਰ ਅੰਬੇਦਕਰ, ਭਾਊ ਮੰਗੂ ਰਾਮ ਮੂਕੋਵਾਲੀਆ ਆਦਿ ਅਤੇ ਸ੍ਰੀ ਗੁਰੂ ਰਵਿਦਾਸ ਜੀ, ਕਬੀਰ ਜੀ, ਸ੍ਰੀ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਤਥਾਗਤ ਗੌਤਮ ਬੁੱਧ ਦੀ ਵਿਚਾਰਧਾਰਾ ਦੇ ਸਨਮਾਨ ਵਜੋਂ ਉਨ੍ਹਾਂ ਦੀ ਸਰਕਾਰ ਦੌਰਾਨ ਉਨ੍ਹਾਂ ਦੇ ਨਾਂ ਤੇ ਜ਼ਿਲ੍ਹੇ ਬਣਾਏ, ਸਮਾਰਕਾਂ ਬਣਾਈਆਂ, ਯੂਨੀਵਰਸਿਟੀਆਂ ਬਣਾਈਆਂ ਅਤੇ ਲਖਨਊ ਅੰਦਰ ਦਲਿਤ ਪ੍ਰੇਰਣਾ ਕੇਂਦਰ ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਦਾ ਸਮਾਰਕ ਬਣਾਇਆ। ਮਾਣਯੋਗ ਡਿਪਟੀ ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਉਸ ਸਮਾਰਕ ਦੀ ਤੀਰਥ ਯਾਤਰਾ ਵੀ ਪੰਜਾਬ ਸਰਕਾਰ ਵੱਲੋਂ ਕਰਵਾਈ ਜਾਵੇ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਸਮਾਰਕਾਂ ਦੇ ਨਾਲ ਕਾਂਸ਼ੀ ਰਾਮ ਜੀ ਆਵਾਸ ਯੋਜਨਾ, ਕਾਂਸ਼ੀ ਰਾਮ ਜੀ ਦੇ ਨਾਂ ਤੇ ਈਕੋ ਗਾਰਡਨ ਅਤੇ ਹਸਪਤਾਲ ਭੈਣ ਕੁਮਾਰੀ ਮਾਇਆਵਤੀ ਜੀ ਨੇ ਆਪਣੇ ਰਾਜ ਅੰਦਰ ਬਣਾਏ।

ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਦੇਸ਼ ਦੀ ਪਾਰਲੀਮੈਂਟ ਅੰਦਰ ਕਿਹਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡਾ ਚੋਣ ਮੈਨੀਫੈਸਟੋ ਹੈ, ਪੂਰੇ ਦੇਸ਼ ਦੇ ਅੰਦਰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਲਾਗੂ ਕਰਾਂਗੇ। ਦੇਸ਼ ਦੀ ਪਾਰਲੀਮੈਂਟ ਦੇ ਵਿੱਚ ਉਨ੍ਹਾਂ ਬੋਲਦਿਆਂ ਕਿਹਾ ਕਿ ਦੇਸ਼ ਦੀਆਂ ਦੋ ਸਰਕਾਰਾਂ ਦੇ ਮੁਖੀ, ਮਾਣਯੋਗ ਅਟੱਲ ਬਿਹਾਰੀ ਵਾਜਪਾਈ, ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਅਤੇ ਕਾਂਗਰਸ ਦੇ ਲੋਕ ਮੇਰੇ ਕੋਲ ਆਏ ਸਨ ਕਿ ਤੁਹਾਨੂੰ ਅਸੀਂ ਸਰਬਸੰਮਤੀ ਨਾਲ ਦੇਸ਼ ਦਾ ਰਾਸ਼ਟਪਤੀ ਬਣਾਉਣਾ ਚਾਹੁੰਦੇ ਹਾਂ। ਡਿਪਟੀ ਸਪੀਕਰ ਸਾਹਿਬ, ਕਿੰਨੀ ਵੱਡੀ ਤਿਆਗ ਦੀ ਭਾਵਨਾ, ਕਿੰਨਾ ਵੱਡਾ ਕੌਮ-ਸਮਾਜ ਲਈ ਸਮਰਪਣ ਸੀ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਇਸ ਦੇਸ਼ ਦੇ ਵੰਚਿਤ ਵਰਗਾਂ, ਓ.ਬੀ.ਸੀ., ਬੀ.ਸੀ. ਅਤੇ ਘੱਟ ਗਿਣਤੀਆਂ ਦੀ ਲੜਾਈ ਲੜਾਂਗਾ। ਮੈਂ ਆਪਣਾ ਸਮਾਂ ਬਾਬਾ ਸਾਹਿਬ ਡਾਕਟਰ ਭੀਮ ਰਾਉ ਅੰਬੇਦਕਰ ਜੀ ਦੀ ਵਿਚਾਰਧਾਰਾ ਨੂੰ ਅੱਗੇ ਵਧਾਉਣ ਲਈ ਲਾਵਾਂਗਾ। ਉਨ੍ਹਾਂ ਨੇ ਕਿਹਾ - ਜਿੰਨੀ ਜਿਨ੍ਹਾਂ ਦੀ ਸੰਖਿਆ ਭਾਰੀ, ਉਨੀ ਉਨ੍ਹਾਂ ਦੀ ਹਿੱਸੇਦਾਰੀ। 15/85 ਦਾ ਕੰਸੈਪਟ, जो जमीन सरकारी है, वो जमीन हमारी है।

ਉਨ੍ਹਾਂ ਨੇ ਇਸ ਦੇਸ਼ ਵਿੱਚ ਸਮਾਜਿਕ ਪਰਿਵਰਤਨ ਅਤੇ ਆਰਥਿਕ ਮੁਕਤੀ ਅੰਦੋਲਨ ਚਲਾਇਆ। ਜਦੋਂ ਮਾਣਯੋਗ ਵੀ.ਪੀ. ਸਿੰਘ ਦੀ ਸੈਂਟਰ ਵਿੱਚ ਸਰਕਾਰ ਬਣੀ ਸੀ ਤਾਂ ਉਸ ਸਮੇਂ ਸਾਡੇ ਤਿੰਨ ਮੈਂਬਰ ਪਾਰਲੀਮੈਂਟ ਸਨ। ਵੀ.ਪੀ ਸਿੰਘ ਨੇ ਕਿਹਾ ਤੁਸੀਂ ਉਨ੍ਹਾਂ ਨੂੰ ਮਨਿਸਟਰ ਬਣਾ ਲਉ, ਸਾਨੂੰ ਲੋੜ ਹੈ, ਸਾਨੂੰ ਸਮਰਥਨ ਦਿਉ ਪਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਮਨਿਸਟਰੀਆਂ ਦੀ ਪਰਵਾਹ ਨਾ ਕਰਦਿਆਂ ਕਿਹਾ ਕਿ ਦੇਸ਼ ਅੰਦਰ ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰੋਗੇ, ਜਿਸ ਨਾਲ ਸਮੁੱਚੀਆਂ ਪੱਛੜੀਆਂ ਸ਼੍ਰੇਣੀਆਂ ਪ੍ਰਭਾਵਿਤ ਹੁੰਦੀਆਂ ਹਨ ਅਤੇ ਇਸ ਨਾਲ ਦੇਸ਼ ਦੇ 52% ਲੋਕਾਂ ਨੂੰ ਰਿਜ਼ਰਵੇਸ਼ਨ ਮਿਲ ਸਕਦੀ ਹੈ ਤਾਂ ਹੀ ਅਸੀਂ ਤੁਹਾਨੂੰ ਸਮਰਥਨ ਕਰਾਂਗੇ। ਤੁਸੀਂ ਦੇਸ਼ ਦੀਆਂ ਓ.ਬੀ.ਸੀ. ਜਮਾਤਾਂ ਨੂੰ ਰਿਜ਼ਰਵੇਸ਼ਨ ਦਿਉ। ਬਾਬਾ ਸਾਹਿਬ ਡਾਕਟਰ ਅੰਬੇਦਕਰ, ਜਿਨ੍ਹਾਂ ਨੇ ਦੇਸ਼ ਵਿੱਚ ਸਾਨੂੰ ਮਾਣ-ਸਤਿਕਾਰ ਦੀ ਜ਼ਿੰਦਗੀ ਦਿੱਤੀ ਹੈ, ਉਨ੍ਹਾਂ ਨੂੰ ਭਾਰਤ ਰਤਨ ਦਿਉ ਤਾਂ ਉਸ ਵੇਲੇ ਦੀ ਵੀ.ਪੀ. ਸਿੰਘ ਸਰਕਾਰ ਨੇ ਬਾਬਾ ਸਾਹਿਬ ਨੂੰ ਭਾਰਤ ਰਤਨ ਦਿੱਤਾ ਸੀ।

ਮਾਣਯੋਗ ਡਿਪਟੀ ਸਪੀਕਰ ਸਾਹਿਬ, 9 ਅਕਤੂਬਰ, 2006 ਨੂੰ ਉਹ ਸਾਡੇ ਤੋਂ ਵਿੱਛੜ ਗਏ। ਹੈਦਰਾਬਾਦ ਵਿੱਚ ਪ੍ਰਚਾਰ ਕਰਦੇ ਹੋਏ, ਉਨ੍ਹਾਂ ਨੂੰ ਬਰੇਨ ਸਟਰੋਕ ਹੋਇਆ। ਉਹ ਸਾਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਏ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਪਾਰਟੀ ਨੂੰ ਬਣੇ ਨੂੰ 42 ਸਾਲ ਹੋ ਗਏ ਹਨ, ਮੈਨੂੰ ਵੀ ਛੋਟੇ ਹੁੰਦਿਆਂ ਤੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਆਸ਼ੀਰਵਾਦ ਮਿਲਿਆ ਹੈ, ਉਨ੍ਹਾਂ ਦੇ ਨਾਲ ਰਹਿਣ ਦਾ ਮੌਕਾ ਮਿਲਿਆ ਹੈ। ਮੈਂ ਸਮਝਦਾ ਹਾਂ ਕਿ ਜਿਹੜੇ ਅੱਜ ਅਸੀਂ-ਤੁਸੀਂ ਲੋਕ ਜਿੱਤ ਕੇ ਆਏ ਹਾਂ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਚੇਤਨਤਾ ਪੈਦਾ ਕੀਤੀ ਤਾਂ ਹੀ ਜਿੱਤ ਕੇ ਆਏ ਹਾਂ। ਜਿਨ੍ਹਾਂ ਲੋਕਾਂ ਨੂੰ ਰਾਜਨੀਤੀ ਤੋਂ ਦੂਰ ਰੱਖਿਆ ਗਿਆ, ਜਿਹੜੇ ਚਾਹੁੰਦੇ ਸੀ ਕਿ ਛੋਟੇ ਲੋਕਾਂ ਦਾ ਕੀ ਕੰਮ ਹੈ, ਅਜਿਹੇ ਲੋਕਾਂ ਨੂੰ ਉਨ੍ਹਾਂ ਨੇ ਰਾਜਨੀਤੀ ਵਿੱਚ ਪ੍ਰਵੇਸ਼ ਕਰਵਾਇਆ। ਅੱਜ ਦੇਸ਼ ਵਿੱਚ ਜਿੱਥੇ ਵੱਡੇ ਸੂਬੇ ਵਿੱਚ ਸਾਡੀ ਸਰਕਾਰ ਰਹੀ ਹੈ, ਪੂਰੇ ਦੇਸ਼ ਵਿੱਚ ਐਮ.ਐਲ.ਏ./ਐਮ.ਪੀ. ਬਣੇ ਹਨ, ਉਹ ਪੰਜਾਬ ਦੀ ਧਰਤੀ ਤੋਂ ਵੀ ਜਿੱਤ ਕੇ ਗਏ ਅਤੇ ਇਟਾਵਾ ਤੋਂ ਵੀ ਜਿੱਤੇ ਹਨ। ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਬੇਨਤੀ ਵੀ ਕਰਦਾ ਹਾਂ ਕਿ ਜਦੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਬਿਮਾਰ ਹੋਏ ਤਾਂ ਅੱਜ ਜਿਹੜੇ ਲੋਕ ਫਾਇਦਾ ਲੈ ਰਹੇ ਹਨ ਕਿ ਸਾਡੇ ਕੌਮੀ ਆਗੂ ਨੇ ਕਹਿ ਦਿੱਤਾ ਹੈ ਕਿ ਉਨ੍ਹਾਂ ਨੂੰ ਭਾਰਤ ਰਤਨ ਦੇਣਾ ਚਾਹੀਦਾ ਹੈ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਉਸ ਵੇਲੇ ਇੰਨਾ ਵੱਡਾ ਅੰਦੋਲਨ ਖੜ੍ਹਾ ਕੀਤਾ ਸੀ, ਉਸ ਸਮੇਂ 'ਚਮਚਾ ਏਜ' ਕਿਤਾਬ ਮੁਤਾਬਕ ਬਹੁਤ ਸਾਰੇ ਲੋਕ ਖਰੀਦ ਲਏ ਗਏ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਬਿਮਾਰ ਸਨ ਤਾਂ ਉਥੇ ਈ.ਡੀ. ਦੀ ਰੇਡ ਹੋਈ, ਭੈਣ ਕੁਮਾਰੀ ਮਾਇਆਵਤੀ ਜੀ ਦੇ ਘਰ 6 ਲੱਖ ਰੁਪਿਆ ਪਿਆ ਸੀ, ਉਹ ਵੀ ਕਾਂਗਰਸ ਸਰਕਾਰ ਨੇ ਚੁਕਵਾ ਲਿਆ। ਜਦੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਇਸ ਦੁਨੀਆ ਤੋਂ ਗਏ ਤਾਂ ਦੇਸ਼ ਵਿੱਚ ਅਤੇ ਇਸ ਰਾਜ ਵਿੱਚ ਕਾਂਗਰਸ ਦੀ ਸਰਕਾਰ ਸੀ। ਡਿਪਟੀ ਸਪੀਕਰ ਸਾਹਿਬ, ਛੁੱਟੀ ਤਾਂ ਛੱਡੋ, ਇਨ੍ਹਾਂ ਨੇ ਕੁਝ ਘੰਟਿਆਂ ਦਾ ਸ਼ੋਕ ਵੀ ਨਹੀਂ ਮਨਾਇਆ। (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਉਹ ਪੰਜਾਬ ਦੀ ਧਰਤੀ ਦੇ ਜੰਮਪਲ ਸਨ, ਇਸ ਕਰਕੇ ਪੰਜਾਬ ਵਿੱਚ ਉਨ੍ਹਾਂ ਨੂੰ ਯਾਦ ਕਰਨਾ ਚਾਹੀਦਾ ਹੈ। ਮੇਰੇ ਹਲਕੇ ਦਾ ਪਿੰਡ ਮੂਸਾਪੁਰ, ਜੋ ਅੱਜ-ਕੱਲ੍ਹ ਬੰਗਾ ਹਲਕੇ ਵਿੱਚ ਪੈਂਦਾ ਹੈ, ਉਸ ਤੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ 1984 ਵਿੱਚ ਬਹੁਜਨ ਸਮਾਜ ਪਾਰਟੀ ਦੀ ਨੀਂਹ ਰੱਖੀ ਸੀ। ਇਸ ਕਰਕੇ ਮੈਂ ਉਸ ਮਹਾਨ ਰਹਿਬਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਦੇਣ ਦੀ ਮੰਗ ਪਿਛਲੇ ਸੈਸ਼ਨ ਵਿੱਚ ਵੀ ਰੱਖੀ ਸੀ, ਪਰਸੋਂ ਵੀ ਬੋਲਿਆ ਸੀ ਕਿ ਉਨ੍ਹਾਂ ਨੂੰ ਭਾਰਤ ਰਤਨ ਐਵਾਰਡ ਦੇਣਾ ਚਾਹੀਦਾ ਹੈ। ਸਾਡੀ ਕੌਮੀ ਪ੍ਰਧਾਨ, ਭੈਣ ਮਾਇਆਵਤੀ ਜੀ ਵੀ ਹਮੇਸ਼ਾ ਮੰਗ ਕਰਦੇ ਰਹੇ ਹਨ। ਮੈਂ ਦੇਖ ਰਿਹਾ ਹਾਂ ਕਿ ਜਿਹੜੀਆਂ ਪਾਰਟੀਆਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਖਦੇੜਨ ਵਿੱਚ ਲੱਗੀਆਂ ਰਹੀਆਂ, ਉਨ੍ਹਾਂ ਦੀ ਮੂਵਮੈਂਟ ਨੂੰ

ਖਰਾਬ ਕਰਨ ਵਿੱਚ ਲੱਗੀਆਂ ਰਹੀਆਂ, ਉਹ ਅੱਜ ਕਰੈਡਿਟ ਲੈਣ ਦਾ ਤਹੱਈਆ ਕਰ ਰਹੀਆਂ ਹਨ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂ, ਸਰਦਾਰ ਭਗਵੰਤ ਮਾਨ ਸਾਹਿਬ ਅਤੇ ਵਿਸ਼ੇਸ਼ ਤੌਰ ਤੇ ਹਰਪਾਲ ਚੀਮਾ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਮਤਾ ਲਿਆਂਦਾ ਹੈ। ਮੈਂ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ, ਧੰਨਵਾਦ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਭਾਰਤ ਰਤਨ ਮਿਲਣਾ ਚਾਹੀਦਾ ਹੈ। ਜਿਸ ਤਰ੍ਹਾਂ ਚੀਮਾ ਸਾਹਿਬ ਨੇ ਦੱਸਿਆ ਹੈ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਨਾਂ ਤੇ ਸਕੂਲ ਦਾ ਨਾਂ ਰੱਖਿਆ ਹੈ, ਜੋ ਰੋਡ ਜਾਂਦੀ ਹੈ, ਉਸ ਰੋਡ ਤੇ ਵੀ ਉਨ੍ਹਾਂ ਦੇ ਨਾਂ ਦਾ ਗੇਟ ਜਾਂ ਸਮਾਰਕ ਬਣਾਇਆ ਜਾਵੇ। ਮੈਂ ਈ.ਟੀ.ਓ. ਸਾਹਿਬ, ਮਾਣਯੋਗ ਮੰਤਰੀ ਜੀ ਨੂੰ ਬੇਨਤੀ ਕੀਤੀ ਸੀ ਕਿ ਮੈਂ ਬਾਬਾ ਸਾਹਿਬ ਅਤੇ ਸਾਹਿਬ ਕਾਂਸ਼ੀ ਰਾਮ ਜੀ ਦੇ ਨਾਂ ਤੇ ਗੇਟ ਬਣਾਉਣਾ ਚਾਹੁੰਦਾ ਹਾਂ, ਇਨ੍ਹਾਂ ਨੇ ਮੈਨੂੰ ਮਨਜ਼ੂਰੀ ਦਿੱਤੀ ਹੈ, ਇਸ ਲਈ ਵੀ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ। ਬਹੁਤ ਬਹੁਤ ਧੰਨਵਾਦ, ਬਹੁਤ ਬਹੁਤ ਮਿਹਰਬਾਨੀ। ਜੈ ਭੀਮ, ਜੈ ਭਾਰਤ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਅਮਰ ਰਹੇ, ਅਮਰ ਰਹੇ।

**ਮਾਣਯੋਗ ਡਿਪਟੀ ਸਪੀਕਰ** : ਪ੍ਰਸ਼ਨ ਹੈ –

''ਕਿ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਬੀ.ਆਰ. ਅੰਬੇਦਕਰ ਦੇ ਮਿਸ਼ਨ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਬਰਾਬਰ ਨਿਆਂ ਨੂੰ ਅੱਗੇ ਲਿਜਾਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਬਾਬੂ ਕਾਂਸ਼ੀ ਰਾਮ ਦਾ ਜਨਮ ਦਿਹਾੜਾ ਬੀਤੇ ਕੱਲ੍ਹ 15 ਮਾਰਚ ਨੂੰ ਦੇਸ਼ ਵਿੱਚ ਧੂਮ-ਧਾਮ ਨਾਲ ਮਨਾਇਆ ਗਿਆ। ਉਨ੍ਹਾਂ ਨੇ ਇੱਕ ਗਰੀਬ ਪਰਿਵਾਰ ਵਿੱਚ ਜਨਮ ਲਿਆ। ਉਨ੍ਹਾਂ ਨੇ ਦਲਿਤ ਵਰਗ ਨੂੰ ਸਮਾਜਿਕ ਨਿਆਂ ਦਿਵਾਉਣ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਪੱਧਰ ਤੇ ਉਪਰ ਚੁੱਕਣ ਲਈ ਪੂਰੀ ਉਮਰ ਸੰਘਰਸ਼ ਕੀਤਾ।

ਉਨ੍ਹਾਂ ਦਾ ਜਨਮ 15 ਮਾਰਚ, 1934 ਨੂੰ ਪੰਜਾਬ ਦੇ ਰੋਪੜ (ਰੂਪਨਗਰ) ਜ਼ਿਲ੍ਹੇ ਦੇ ਪਿੰਡ ਖਵਾਸਪੁਰਾ ਵਿੱਚ ਹੋਇਆ। ਉਨ੍ਹਾਂ ਨੇ ਸਰਕਾਰੀ ਕਾਲਜ ਰੋਪੜ ਤੋਂ ਬੀ.ਐਸ.ਸੀ. ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਪੁਣੇ ਵਿੱਚ ਡੀ.ਆਰ.ਡੀ.ਓ. ਵਿੱਚ ਨੌਕਰੀ ਕੀਤੀ। ਸਮਾਜ ਵਿੱਚ ਜਾਤੀ ਵਿਤਕਰੇ ਨੂੰ ਦੇਖਦਿਆਂ ਉਨ੍ਹਾਂ ਨੇ ਨੌਕਰੀ ਛੱਡ ਦਿੱਤੀ। ਉਨ੍ਹਾਂ ਦੀ ਮੌਤ 9.10.2006 ਵਿੱਚ ਹੋਈ। ਉਨ੍ਹਾਂ ਨੇ BAMCE 1978 ਮੁਲਾਜ਼ਮਾਂ ਨੂੰ ਲਾਮਬੰਦ ਕਰਨ ਲਈ ਗਠਿਤ ਕੀਤੀ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਕਈ ਵਾਰ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਰਹੇ। ਉਹ ਪਹਿਲੀ ਵਾਰ 1991 ਵਿੱਚ ਉੱਤਰ ਪ੍ਰਦੇਸ਼ ਦੇ ਓਟਾਵਾ ਹਲਕੇ ਤੋਂ ਲੋਕ ਸਭਾ ਮੈਂਬਰ ਚੁਣੇ ਗਏ। ਦੂਜੀ ਵਾਰ ਉਹ 1996 ਵਿੱਚ ਗਿਆਰਵੀਂ ਲੋਕ ਸਭਾ ਵਿੱਚ ਪੰਜਾਬ ਦੇ ਹੁਸ਼ਿਆਰਪੁਰ ਹਲਕੇ ਤੋਂ ਮੈਂਬਰ ਪਾਰਲੀਮੈਂਟ ਬਣੇ। ਉਹ ਰਾਜ ਸਭਾ ਦੇ ਮੈਂਬਰ ਵੀ ਰਹੇ ਹਨ। ਹਾਲਾਂਕਿ ਉਨ੍ਹਾਂ ਦਾ ਮੁੱਖ ਰਾਜਨੀਤਿਕ ਪ੍ਰਭਾਵ ਲੋਕ ਸਭਾ ਵਿੱਚ ਚੋਣਾਂ ਰਾਹੀਂ ਸਾਹਮਣੇ ਆਇਆ।

ਉਨ੍ਹਾਂ ਦੀਆਂ ਸੇਵਾਵਾਂ ਦੇ ਮੱਦੇਨਜ਼ਰ ਸਦਨ ਰਾਜ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਉਹ ਕੇਂਦਰ ਸਰਕਾਰ ਨੂੰ ਸਿਫਾਰਸ਼ ਕਰੇ ਕਿ ਬਾਬੂ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਪੁਰਸਕਾਰ ਦਿੱਤਾ ਜਾਵੇ।''

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

--------

(**ਕੁਝ ਆਵਾਜ਼ਾਂ**: ਕਾਂਸ਼ੀ ਰਾਮ ਜੀ ਅਮਰ ਰਹੇ, ਅਮਰ ਰਹੇ, ਅਮਰ ਰਹੇ। ਕਾਂਸ਼ੀ ਰਾਮ ਜੀ ਅਮਰ ਰਹੇ, ਅਮਰ ਰਹੇ, ਅਮਰ ਰਹੇ।) (ਥੰਪਿੰਗ)

## CENSURE MOTION

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.)**: ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਜਿਹੜਾ ਅੱਜ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਤੇ ਮਤਾ ਲਿਆਂਦਾ ਗਿਆ ਹੈ, ਇਹ ਬਹੁਤ ਵਧੀਆ ਗੱਲ ਹੈ।

(**ਕੁਝ ਆਵਾਜ਼ਾਂ**: ਇਹ ਮਤਾ ਪਾਸ ਹੋ ਗਿਆ ਹੈ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇੱਕ ਮਿੰਟ ਜੀ। ਪ੍ਰਸਤਾਵ ਤੋਂ ਬਾਅਦ ਅਗਲੀ ਕਾਰਵਾਈ ਹੁੰਦੀ ਹੈ।

**ਮਾਣਯੋਗ ਡਿਪਟੀ ਸਪੀਕਰ**: ਇੱਕ ਮਿੰਟ ਗੱਲ ਹੋ ਜਾਣ ਦਿਓ, ਉਨ੍ਹਾਂ ਦੀ ਗੱਲ ਆ ਲੈਣ ਦਿਓ। ਤੁਹਾਨੂੰ ਮੌਕਾ ਮਿਲੇਗਾ। (ਵਿਘਨ) ਬਾਜਵਾ ਸਾਹਿਬ, ਗੱਲ ਚੱਲ ਰਹੀ ਹੈ। ਉਨ੍ਹਾਂ ਨੂੰ ਗੱਲ ਕਰ ਲੈਣ ਦਿਓ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ**: ਇਹ ਨਿੰਦਾ ਪ੍ਰਸਤਾਵ ਹੈ ਜੀ, ਇਹ ਇਸ ਦੇ ਨਾਲ ਅਟੈਚ ਹੈ। ਕੁਝ ਜਨਰਲ ਵਰਗ ਦੇ ਲੋਕ ਸਾਡੇ ਦਲਿਤ ਵਰਗ ਦੇ ਲੀਡਰਾਂ ਨਾਲ ਅੱਜ ਵੀ ਨਫਰਤ ਕਰਦੇ ਹਨ ਜੋ ਕਿ ਕਾਂਸ਼ੀ ਰਾਮ ਜੀ ਦੀ ਸੋਚ ਦੇ ਉਲਟ ਹੈ, ਡਾਕਟਰ ਭੀਮ ਰਾਓ ਅੰਬੇਦਕਰ ਜੀ ਦੀ ਸੋਚ ਦੇ ਉਲਟ ਹੈ। ਸੋ, ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 71 ਅਧੀਨ ਪ੍ਰਸਤਾਵ ਪੇਸ਼ ਕਰਦਾ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸਰਦਾਰ ਮਨਜੀਤ ਸਿੰਘ ਬਿਲਾਸਪੁਰ**: ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

''ਕਿ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ ਵੱਲੋਂ ਮਿਤੀ 06 ਫਰਵਰੀ, 2026 ਨੂੰ ਜੰਡਿਆਲਾ ਗੁਰੂ (ਅੰਮ੍ਰਿਤਸਰ) ਵਿਖੇ ਇੱਕ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ, ਸ਼੍ਰੀ ਹਰਭਜਨ ਸਿੰਘ, ਈ.ਟੀ.ਓ., ਮਾਣਯੋਗ ਕੈਬਨਿਟ ਮੰਤਰੀ ਜੀ (ਜੋ ਕਿ ਦਲਿਤ ਵਰਗ ਨਾਲ ਸਬੰਧਿਤ ਹਨ) ਨੂੰ ਨਿਸ਼ਾਨਾ ਬਣਾਉਂਦੇ ਹੋਏ ਬੇਹੱਦ ਘਟੀਆ ਅਤੇ ਜਾਤੀਸੂਚਕ ਸ਼ਬਦ ਕਹੇ ਗਏ ਸਨ। ਉਨ੍ਹਾਂ ਨੇ ਕਿਹਾ ਸੀ ਕਿ ਜਿਹੜਾ ਪਹਿਲਾਂ ਬੈਂਡ ਵਜਾਉਂਦਾ ਰਿਹਾ, ਇਹਦਾ ਬੈਂਡ ਅਸੀਂ ਵਜਾਵਾਂਗੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੋਂ ਉੱਠ ਕੇ ** ਨਾਅਰੇ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

ਕਿਉਂਕਿ ਅਜਿਹੀ ਸ਼ਬਦਾਵਲੀ ਨਾ ਸਿਰਫ ਇੱਕ ਮੰਤਰੀ ਦੀ ਨਿੱਜੀ ਤੌਹੀਨ ਹੈ, ਸਗੋਂ ਇਹ ਉਨ੍ਹਾਂ ਦੇ ਪਰਿਵਾਰਕ ਪਿਛੋਕੜ ਅਤੇ ਮਿਹਨਤਕਸ਼ ਦਲਿਤ ਭਾਈਚਾਰੇ ਦਾ ਘੋਰ ਅਪਮਾਨ ਵੀ ਹੈ। ਇਹ ਬੈਂਡ ਬਾਜਾ ਕਲਾਕਾਰਾਂ ਅਤੇ ਦਿਹਾੜੀਦਾਰ ਮਜ਼ਦੂਰਾਂ ਦੀ ਮਾਣ ਮਰਿਆਦਾ ਤੇ ਸਿੱਧਾ ਹਮਲਾ ਹੈ, ਜੋ ਇਮਾਨਦਾਰੀ ਨਾਲ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ।

** Not recorded as ordered by the Chair.

ਵਿਰੋਧੀ ਧਿਰ ਦੇ ਨੇਤਾ ਵਰਗੇ ਜ਼ਿੰਮੇਵਾਰ ਅਹੁਦੇ ਤੇ ਬੈਠੇ ਵਿਅਕਤੀ ਵੱਲੋਂ ਅਜਿਹਾ ਵਿਵਹਾਰ ਕਾਂਗਰਸ ਪਾਰਟੀ ਦੀ ਜਾਗੀਰਦਾਰੀ ਅਤੇ ਦਲਿਤ ਵਿਰੋਧੀ ਮਾਨਸਿਕਤਾ ਨੂੰ ਉਜਾਗਰ ਕਰਦਾ ਹੈ, ਜੋ ਪੰਜਾਬ ਦੀ ਸਮਾਜਿਕ ਅਤੇ ਭਾਈਚਾਰਕ ਸਾਂਝ ਲਈ ਖਤਰਾ ਹੈ, ਇਸ ਲਈ ਮੈਂ ਮੰਗ ਕਰਦਾ ਹਾਂ ਕਿ ਇਹ ਸਦਨ-

1. ਕੈਬਨਿਟ ਮੰਤਰੀ, ਸ੍ਰੀ ਹਰਭਜਨ ਸਿੰਘ ਈ.ਟੀ.ਓ. ਵਿਰੁੱਧ ਸ੍ਰੀ ਪ੍ਰਤਾਪ ਸਿੰਘ ਬਾਜਵਾ ਵੱਲੋਂ ਕੀਤੀ ਗਈ ਇਸ ਸ਼ਰਮਨਾਕ ਟਿੱਪਣੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਜਾਵੇ;
2. ਇਸ ਦੁਰਵਿਵਹਾਰ ਅਤੇ ਦਲਿਤ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਸ੍ਰੀ ਪ੍ਰਤਾਪ ਸਿੰਘ ਬਾਜਵਾ ਪਾਸੋਂ ਬਿਨਾਂ ਸ਼ਰਤ ਜਨਤਕ ਮੁਆਫੀ ਮੰਗਵਾਈ ਜਾਵੇ; ਅਤੇ
3. ਮਾਣਯੋਗ ਸਪੀਕਰ ਸਾਹਿਬ ਤੋਂ ਮੰਗ ਕਰਦਾ ਹਾਂ ਕਿ ਉਹ ਇਸ ਮਾਮਲੇ ਦਾ ਨੋਟਿਸ ਲੈਂਦੇ ਹੋਏ ਸ੍ਰੀ ਬਾਜਵਾ ਵਿਰੁੱਧ ਬਣਦੀ ਅਨੁਸ਼ਾਸਨੀ ਕਾਰਵਾਈ ਕਰਨ ਤਾਂ ਜੋ ਭਵਿੱਖ ਵਿੱਚ ਕੋਈ ਵੀ ਸਿਆਸੀ ਆਗੂ ਕਿਸੇ ਦੇ ਕਿੱਤੇ ਜਾਂ ਜਾਤੀ ਦਾ ਅਪਮਾਨ ਨਾ ਕਰ ਸਕੇ।''

-------

## WALK-OUT

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ, ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਖਿਲਾਫ ਟਰੇਜ਼ਰੀ ਬੈਂਚਿਜ਼ ਦੇ ਮੈਂਬਰ, ਸਰਦਾਰ ਮਨਜੀਤ ਸਿੰਘ ਬਿਲਾਸਪੁਰ ਵੱਲੋਂ ਨਿੰਦਾ ਪ੍ਰਸਤਾਵ ਪੇਸ਼ ਕਰਨ ਅਤੇ ਅੱਜ ਸਦਨ ਵਿੱਚ ਪੇਸ਼ ਕੀਤੇ ਗਏ ਮਤੇ ਵਿੱਚ ਸ਼ਹੀਦ-ਏ-ਆਜ਼ਮ, ਸਰਦਾਰ ਭਗਤ ਸਿੰਘ ਜੀ ਨੂੰ ਵੀ ਭਾਰਤ ਰਤਨ ਦੇਣ ਲਈ ਨਾਲ ਨਾ ਜੋੜਨ ਦੇ ਰੋਸ ਵਜੋਂ ਸਦਨ ਵਿੱਚੋਂ ** ਨਾਅਰੇ ਮਾਰਦੇ ਹੋਏ ਵਾਕ ਆਊਟ ਕਰ ਗਏ।)

-------

## CENSURE MOTION (*Resumption*)

**ਮਾਣਯੋਗ ਡਿਪਟੀ ਸਪੀਕਰ**: ਪ੍ਰਸਤਾਵ ਕੀਤਾ-

''ਕਿ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ ਵੱਲੋਂ ਮਿਤੀ 06 ਫਰਵਰੀ, 2026 ਨੂੰ ਜੰਡਿਆਲਾ ਗੁਰੂ (ਅੰਮ੍ਰਿਤਸਰ) ਵਿਖੇ ਇੱਕ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ, ਸ੍ਰੀ ਹਰਭਜਨ ਸਿੰਘ, ਈ.ਟੀ.ਓ., ਮਾਣਯੋਗ ਕੈਬਨਿਟ ਮੰਤਰੀ ਜੀ (ਜੋ ਕਿ ਦਲਿਤ ਵਰਗ ਨਾਲ ਸਬੰਧਿਤ ਹਨ) ਨੂੰ ਨਿਸ਼ਾਨਾ ਬਣਾਉਂਦੇ ਹੋਏ ਬੇਹੱਦ ਘਟੀਆ ਅਤੇ ਜਾਤੀਸੂਚਕ ਸ਼ਬਦ ਕਹੇ ਸਨ। ਉਨ੍ਹਾਂ ਨੇ ਕਿਹਾ ਸੀ ਕਿ ਜਿਹੜਾ ਪਹਿਲਾਂ ਬੈਂਡ ਵਜਾਉਂਦਾ ਰਿਹਾ, ਇਹਦਾ ਬੈਂਡ ਅਸੀਂ ਵਜਾਵਾਂਗੇ।

ਕਿਉਂਕਿ ਅਜਿਹੀ ਸ਼ਬਦਾਵਲੀ ਨਾ ਸਿਰਫ ਇੱਕ ਮੰਤਰੀ ਦੀ ਨਿੱਜੀ ਤੌਹੀਨ ਹੈ, ਸਗੋਂ ਇਹ ਉਨ੍ਹਾਂ ਦੇ ਪਰਿਵਾਰਕ ਪਿਛੋਕੜ ਅਤੇ ਮਿਹਨਤਕਸ਼ ਦਲਿਤ ਭਾਈਚਾਰੇ ਦਾ ਘੋਰ ਅਪਮਾਨ ਵੀ ਹੈ। ਇਹ ਬੈਂਡ ਬਾਜਾ

ਕਲਾਕਾਰਾਂ ਅਤੇ ਦਿਹਾੜੀਦਾਰ ਮਜ਼ਦੂਰਾਂ ਦੀ ਮਾਣ ਮਰਿਆਦਾ ਤੇ ਸਿੱਧਾ ਹਮਲਾ ਹੈ, ਜੋ ਇਮਾਨਦਾਰੀ ਨਾਲ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ।

ਵਿਰੋਧੀ ਧਿਰ ਦੇ ਨੇਤਾ ਵਰਗੇ ਜ਼ਿੰਮੇਵਾਰ ਅਹੁਦੇ ਤੇ ਬੈਠੇ ਵਿਅਕਤੀ ਵੱਲੋਂ ਅਜਿਹਾ ਵਿਵਹਾਰ ਕਾਂਗਰਸ ਪਾਰਟੀ ਦੀ ਜਾਗੀਰਦਾਰੀ ਅਤੇ ਦਲਿਤ ਵਿਰੋਧੀ ਮਾਨਸਿਕਤਾ ਨੂੰ ਉਜਾਗਰ ਕਰਦਾ ਹੈ, ਜੋ ਪੰਜਾਬ ਦੀ ਸਮਾਜਿਕ ਅਤੇ ਭਾਈਚਾਰਕ ਸਾਂਝ ਲਈ ਖਤਰਾ ਹੈ, ਇਸ ਲਈ ਮੈਂ ਮੰਗ ਕਰਦਾ ਹਾਂ ਕਿ ਇਹ ਸਦਨ-

1. ਕੈਬਨਿਟ ਮੰਤਰੀ ਸ੍ਰੀ ਹਰਭਜਨ ਸਿੰਘ ਈ.ਟੀ.ਓ. ਵਿਰੁੱਧ ਸ੍ਰੀ ਪ੍ਰਤਾਪ ਸਿੰਘ ਬਾਜਵਾ ਵੱਲੋਂ ਕੀਤੀ ਗਈ ਇਸ ਸ਼ਰਮਨਾਕ ਟਿੱਪਣੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਜਾਵੇ;
2. ਇਸ ਦੁਰਵਿਵਹਾਰ ਅਤੇ ਦਲਿਤ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਸ੍ਰੀ ਪ੍ਰਤਾਪ ਸਿੰਘ ਬਾਜਵਾ ਪਾਸੋਂ ਬਿਨਾਂ ਸ਼ਰਤ ਜਨਤਕ ਮੁਆਫ਼ੀ ਮੰਗਵਾਈ ਜਾਵੇ; ਅਤੇ
3. ਮਾਣਯੋਗ ਸਪੀਕਰ ਸਾਹਿਬ ਤੋਂ ਮੰਗ ਕਰਦਾ ਹਾਂ ਕਿ ਉਹ ਇਸ ਮਾਮਲੇ ਦਾ ਨੋਟਿਸ ਲੈਂਦੇ ਹੋਏ ਸ੍ਰੀ ਬਾਜਵਾ ਵਿਰੁੱਧ ਬਣਦੀ ਅਨੁਸ਼ਾਸਨੀ ਕਾਰਵਾਈ ਕਰਨ ਤਾਂ ਜੋ ਭਵਿੱਖ ਵਿੱਚ ਕੋਈ ਵੀ ਸਿਆਸੀ ਆਗੂ ਕਿਸੇ ਦੇ ਕਿੱਤੇ ਜਾਂ ਜਾਤੀ ਦਾ ਅਪਮਾਨ ਨਾ ਕਰ ਸਕੇ।''

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਹੈ-

''ਕਿ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ ਵੱਲੋਂ ਮਿਤੀ 06 ਫਰਵਰੀ, 2026 ਨੂੰ ਜੰਡਿਆਲਾ ਗੁਰੂ (ਅੰਮ੍ਰਿਤਸਰ) ਵਿਖੇ ਇੱਕ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ, ਸ੍ਰੀ ਹਰਭਜਨ ਸਿੰਘ, ਈ.ਟੀ.ਓ., ਮਾਣਯੋਗ ਕੈਬਨਿਟ ਮੰਤਰੀ ਜੀ (ਜੋ ਕਿ ਦਲਿਤ ਵਰਗ ਨਾਲ ਸਬੰਧਿਤ ਹਨ) ਨੂੰ ਨਿਸ਼ਾਨਾ ਬਣਾਉਂਦੇ ਹੋਏ ਬੇਹੱਦ ਘਟੀਆ ਅਤੇ ਜਾਤੀਸੂਚਕ ਸ਼ਬਦ ਕਹੇ ਸਨ। ਉਨ੍ਹਾਂ ਨੇ ਕਿਹਾ ਸੀ ਕਿ ਜਿਹੜਾ ਪਹਿਲਾਂ ਬੈਂਡ ਵਜਾਉਂਦਾ ਰਿਹਾ, ਇਹਦਾ ਬੈਂਡ ਅਸੀਂ ਵਜਾਵਾਂਗੇ।

ਕਿਉਂਕਿ ਅਜਿਹੀ ਸ਼ਬਦਾਵਲੀ ਨਾ ਸਿਰਫ ਇੱਕ ਮੰਤਰੀ ਦੀ ਨਿੱਜੀ ਤੌਹੀਨ ਹੈ, ਸਗੋਂ ਇਹ ਉਨ੍ਹਾਂ ਦੇ ਪਰਿਵਾਰਕ ਪਿਛੋਕੜ ਅਤੇ ਮਿਹਨਤਕਸ਼ ਦਲਿਤ ਭਾਈਚਾਰੇ ਦਾ ਘੋਰ ਅਪਮਾਨ ਵੀ ਹੈ। ਇਹ ਬੈਂਡ ਬਾਜਾ ਕਲਾਕਾਰਾਂ ਅਤੇ ਦਿਹਾੜੀਦਾਰ ਮਜ਼ਦੂਰਾਂ ਦੀ ਮਾਣ ਮਰਿਆਦਾ ਤੇ ਸਿੱਧਾ ਹਮਲਾ ਹੈ, ਜੋ ਇਮਾਨਦਾਰੀ ਨਾਲ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ।

ਵਿਰੋਧੀ ਧਿਰ ਦੇ ਨੇਤਾ ਵਰਗੇ ਜ਼ਿੰਮੇਵਾਰ ਅਹੁਦੇ ਤੇ ਬੈਠੇ ਵਿਅਕਤੀ ਵੱਲੋਂ ਅਜਿਹਾ ਵਿਵਹਾਰ ਕਾਂਗਰਸ ਪਾਰਟੀ ਦੀ ਜਾਗੀਰਦਾਰੀ ਅਤੇ ਦਲਿਤ ਵਿਰੋਧੀ ਮਾਨਸਿਕਤਾ ਨੂੰ ਉਜਾਗਰ ਕਰਦਾ ਹੈ, ਜੋ ਪੰਜਾਬ ਦੀ ਸਮਾਜਿਕ ਅਤੇ ਭਾਈਚਾਰਕ ਸਾਂਝ ਲਈ ਖਤਰਾ ਹੈ, ਇਸ ਲਈ ਮੈਂ ਮੰਗ ਕਰਦਾ ਹਾਂ ਕਿ ਇਹ ਸਦਨ-

1. ਕੈਬਨਿਟ ਮੰਤਰੀ ਸ੍ਰੀ ਹਰਭਜਨ ਸਿੰਘ ਈ.ਟੀ.ਓ. ਵਿਰੁੱਧ ਸ੍ਰੀ ਪ੍ਰਤਾਪ ਸਿੰਘ ਬਾਜਵਾ ਵੱਲੋਂ ਕੀਤੀ ਗਈ ਇਸ ਸ਼ਰਮਨਾਕ ਟਿੱਪਣੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਜਾਵੇ;
2. ਇਸ ਦੁਰਵਿਵਹਾਰ ਅਤੇ ਦਲਿਤ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਸ੍ਰੀ ਪ੍ਰਤਾਪ ਸਿੰਘ ਬਾਜਵਾ ਪਾਸੋਂ ਬਿਨਾਂ ਸ਼ਰਤ ਜਨਤਕ ਮੁਆਫ਼ੀ ਮੰਗਵਾਈ ਜਾਵੇ; ਅਤੇ

3. ਮਾਣਯੋਗ ਸਪੀਕਰ ਸਾਹਿਬ ਤੋਂ ਮੰਗ ਕਰਦਾ ਹਾਂ ਕਿ ਉਹ ਇਸ ਮਾਮਲੇ ਦਾ ਨੋਟਿਸ ਲੈਂਦੇ ਹੋਏ ਸ਼੍ਰੀ ਬਾਜਵਾ ਵਿਰੁੱਧ ਬਣਦੀ ਅਨੁਸ਼ਾਸਨੀ ਕਾਰਵਾਈ ਕਰਨ ਤਾਂ ਜੋ ਭਵਿੱਖ ਵਿੱਚ ਕੋਈ ਵੀ ਸਿਆਸੀ ਆਗੂ ਕਿਸੇ ਦੇ ਕਿੱਤੇ ਜਾਂ ਜਾਤੀ ਦਾ ਅਪਮਾਨ ਨਾ ਕਰ ਸਕੇ।''

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** (ਥੰਪਿੰਗ)

-------

**ਮਾਣਯੋਗ ਡਿਪਟੀ ਸਪੀਕਰ**: ਹੁਣ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੁੰਦਾ ਹੈ।

*3.16 ਵਜੇ (*ਇਸ ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਗਿਆ।)
ਬਾਅਦ ਦੁਪਹਿਰ ।)

-------

**APPENDIX-I**

**BULLETINS**

**16ਵੀਂ ਪੰਜਾਬ ਵਿਧਾਨ ਸਭਾ**

**ਬਾਰ੍ਹਵਾਂ (ਬਜਟ) ਸਮਾਗਮ**

**ਪੰਜਾਬ ਵਿਧਾਨ ਸਭਾ**

**ਬੁਲੇਟਿਨ ਨੰ: 7**

**ਸੋਮਵਾਰ, 16 ਮਾਰਚ, 2026**

**(11.00 ਵਜੇ ਪੂਰਵ ਦੁਪਹਿਰ ਤੋਂ 03.16 ਵਜੇ ਬਾਅਦ ਦੁਪਹਿਰ ਤੱਕ)**

**1. ਪ੍ਰਸ਼ਨ**

**(ੳ) ਨਿਸ਼ਾਨ ਵਾਲੇ ਪ੍ਰਸ਼ਨ :**

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 18 | 1 | - | 1 | 27 |

**(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ : 14**

**2. ਮਾਣਯੋਗ ਸਪੀਕਰ ਵੱਲੋਂ ਰੂਲਿੰਗ**

ਮਾਣਯੋਗ ਸਪੀਕਰ ਵੱਲੋਂ ਹੇਠ ਲਿਖੇ ਅਨੁਸਾਰ ਰੂਲਿੰਗ ਦਿੱਤੀ ਗਈ:-

"ਮੇਰੀ ਸਦਨ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਪ੍ਰਸ਼ਨ ਕਾਲ ਦੇ ਵਿਚ ਕੋਈ ਹੋਰ ਗੱਲ ਨਹੀਂ ਹੋਵੇਗੀ। ਪ੍ਰਸ਼ਨ ਕਾਲ ਪ੍ਰਸ਼ਨ ਕਾਲ ਹੀ ਰਹੇਗਾ। ਉਸ ਤੋਂ ਬਾਅਦ ਤੁਹਾਡੀਆਂ ਸਾਰੀਆਂ ਦੁੱਖ ਤਕਲੀਫ਼ਾਂ ਸੁਣਨ ਵਾਸਤੇ ਜ਼ੀਰੋ ਆਵਰ ਹੈ ਪਰ ਪ੍ਰਸ਼ਨ ਕਾਲ ਪ੍ਰਸ਼ਨ ਕਾਲ ਹੀ ਰਹੇਗਾ।"

**3. ਮਾਣਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ**

ਮਾਣਯੋਗ ਸਪੀਕਰ ਵੱਲੋਂ ਵੱਖ-ਵੱਖ ਸਮੇਂ ਤੇ ਨਿਮਨਲਿਖਤ ਸ਼ਖਸੀਅਤਾਂ/ਵਿਜੀਟਰਜ਼ ਦੇ ਵਿਧਾਨ ਸਭਾ ਦੀ ਕਾਰਵਾਈ ਦੇਖਣ ਲਈ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ ਗਿਆ-

1. ਕੇਂਦਰੀ ਲੋਕ ਸੇਵਾ ਕਮਿਸ਼ਨ ਦਾ ਪੇਪਰ ਪਾਸ ਕਰਕੇ ਆਏ ਵਿਦਿਆਰਥੀ ਬੀਬੀ ਮਨਪ੍ਰੀਤ ਕੌਰ(ਮਾਨਸਾ) , ਬੀਬੀ ਰਸਨੀਤ ਕੌਰ (ਪਟਿਆਲਾ), ਬੀਬੀ ਕ੍ਰਿਤਿਕਾ ਚੌਧਰੀ (ਮੋਹਾਲੀ), ਸ੍ਰੀ ਅਮਨ ਅਲੂਨ (ਮੋਹਾਲੀ), ਸ੍ਰੀ ਜਯੰਤ ਗਰਗ (ਪਟਿਆਲਾ);
2. ਲੋਕ ਪ੍ਰਸ਼ਾਸਨ ਵਿਭਾਗ (ਡਿਪਾਰਟਮੈਂਟ ਆਫ ਪਬਲਿਕ ਐਡਮਨਿਸਟ੍ਰੇਸ਼ਨ), ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀ;
3. ਮਾਈਟੀ ਖਾਲਸਾ ਇੰਟਰਨੈਸ਼ਨਲ ਸਕੂਲ, ਸ੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀ ਅਤੇ ਅਧਿਆਪਕ;
4. ਵੁੱਡਸਟੋਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਦੇ ਵਿਦਿਆਰਥੀ;
5. ਸ਼ਿਵਾਲਿਕ ਡਿਸਟਿੰਗੂਇਸ਼ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਦੇ ਵਿਦਿਆਰਥੀ ਅਤੇ ਅਧਿਆਪਕ;
6. ਮਾਣਯੋਗ ਸਪੀਕਰ ਸਾਹਿਬ ਦੇ ਨਗਰ ਸੰਧਵਾਂ, ਹਲਕਾ ਕੋਟਕਪੂਰਾ ਤੋਂ ਉਨ੍ਹਾਂ ਦੇ ਬਹੁਤ ਸਾਰੇ ਸਾਥੀ ਅਤੇ ਬਜ਼ੁਰਗ;
7. ਗੌਰਮਿੰਟ ਹਾਈ ਸਕੂਲ, ਸੁਰਗਾ ਪੁਰੀ, ਕੋਟਕਪੂਰਾ ਦੇ ਵਿਦਿਆਰਥੀ ਅਤੇ ਅਧਿਆਪਕ;
8. ਡੀ.ਏ.ਵੀ ਯੂਨੀਵਰਸਿਟੀ, ਜਲੰਧਰ ਦੇ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨ;
9. ਮੀਰੀ ਪੀਰੀ ਖਾਲਸਾ ਕਾਲਜ, ਭਦੌੜ, ਬਰਨਾਲਾ ਦੇ ਵਿਦਿਆਰਥੀ;
10. ਪੀ.ਐਮ. ਸ੍ਰੀ ਭਾਈ ਕਿਸ਼ਨ ਸਿੰਘ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ, ਸੰਧਵਾਂ ਦੇ ਵਿਦਿਆਰਥੀ ਅਤੇ ਅਧਿਆਪਕ;

**4. <u>ਸਦਨ ਨੂੰ ਥੋੜ੍ਹੇ ਸਮੇਂ ਲਈ ਸਥੱਗਿਤ ਕਰਨਾ</u>**

ਮਾਣਯੋਗ ਸਪੀਕਰ ਵੱਲੋਂ ਸਦਨ ਨੂੰ 12.30 ਵਜੇ ਬਾਅਦ ਦੁਪਹਿਰ ਤੋਂ 12.50 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਕੀਤਾ ਗਿਆ।

**5. <u>ਧਿਆਨ ਦਿਵਾਊ ਨੋਟਿਸ</u>**

1. ਡਾ. ਵਿਜੈ ਸਿੰਗਲਾ, ਐਮ.ਐਲ.ਏ ਵੱਲੋਂ ਸਰਕਾਰ ਦਾ ਧਿਆਨ ਮਾਨਸਾ ਵਿਧਾਨ ਸਭਾ ਹਲਕੇ ਦੇ ਪਿੰਡ ਢੈਪਈ, ਤਹਿਸੀਲ ਭੀਖੀ ਵਿੱਚ ਸਰਕਾਰੀ ਆਈ.ਟੀ.ਆਈ ਨੂੰ ਜਾਣ ਲਈ ਕੋਈ ਸੜਕ ਨਾ ਹੋਣ ਕਾਰਨ ਵਿਦਿਆਰਥੀਆਂ ਨੂੰ ਆ ਰਹੀਆਂ ਮੁਸ਼ਕਲਾਂ ਵੱਲ ਦਿਵਾਇਆ ਗਿਆ। (ਨੰ:48)

ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

2. ਸਰਦਾਰ ਫੌਜਾ ਸਿੰਘ, ਐਮ.ਐਲ.ਏ ਵੱਲੋਂ ਸਰਕਾਰ ਦਾ ਧਿਆਨ ਫਿਰੋਜ਼ਪੁਰ ਤੋਂ ਫਾਜ਼ਿਲਕਾ ਸੜਕ ਤੇ ਵਾਹਨਾਂ ਦੀ ਭਾਰੀ ਭੀੜ ਨੂੰ ਧਿਆਨ ਵਿੱਚ ਰੱਖਦੇ ਹੋਏ ਚਾਰ ਮਾਰਗੀ ਕਰਨ ਦੀ ਜ਼ਰੂਰਤ ਵੱਲ ਦਿਵਾਇਆ ਗਿਆ।
(ਨੰ:49)

ਲੋਕ ਨਿਰਮਾਣ (ਭ ਅਤੇ ਮ) ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

3. ਪ੍ਰੋ. ਬਲਜਿੰਦਰ ਕੌਰ, ਐਮ.ਐੱਲ.ਏ ਵੱਲੋਂ ਸਰਕਾਰ ਦਾ ਧਿਆਨ ਤਲਵੰਡੀ ਸਾਬੋ ਵਿੱਚ ਸਥਿਤ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਦੀ ਆਮਦਨ ਤੋਂ ਪੈਦਾ ਹੋਣ ਵਾਲੇ 02**%** ਸੀ.ਐਸ.ਆਰ ਦੀ ਵਰਤੋਂ ਖੇਤਰ ਦੇ ਵਿਕਾਸ ਲਈ ਨਾ ਕਰਨ ਵੱਲ ਦਿਵਾਇਆ ਗਿਆ। (ਨੰ:50)

ਵਿੱਤ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

**6. <u>ਨਿਯਮ 16 ਅਧੀਨ ਪ੍ਰਸਤਾਵ</u>**

ਵਿੱਤ ਮੰਤਰੀ ਦੁਆਰਾ ਨਿਮਨਲਿਖਤ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ-

"ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।"

ਪ੍ਰਸਤਾਵ ਤੇ ਹੋਈ ਬਹਿਸ ਵਿੱਚ ਹਿੱਸਾ ਲੈਂਦੇ ਹੋਏ ਸਰਦਾਰ ਪ੍ਰਤਾਪ ਸਿੰਘ ਬਾਜਵਾ,ਵਿਰੋਧੀ ਧਿਰ ਦੇ ਨੇਤਾ 02 ਮਿੰਟਾਂ ਲਈ ਬੋਲੇ ਅਤੇ ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ 03 ਮਿੰਟਾਂ ਲਈ ਬੋਲੇ।

**7. <u>ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ</u>**

ਵਿੱਤ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: 4 ਅਧੀਨ ਦਰਸਾਏ ਗਏ ਲੜੀ ਨੰ (1) ਤੇ ਵਰਣਿਤ (i) ਤੋਂ (xi) ਤੱਕ ਦੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

**8. <u>ਰਿਪੋਰਟਾਂ ਪੇਸ਼ ਕਰਨਾ</u>**

1. ਬੁੱਢਾ ਦਰਿਆ ਅਤੇ ਘੱਗਰ ਦਰਿਆ ਕਮੇਟੀ ਦੇ ਸਭਾਪਤੀ, ਸ. ਦਲਜੀਤ ਸਿੰਘ ਗਰੇਵਾਲ ਨੇ ਕਮੇਟੀ ਦੀ ਸਾਲ 2022-26 ਲਈ ਰਿਪੋਰਟ ਪੇਸ਼ ਕੀਤੀ।

   ਰਿਪੋਰਟ ਪੇਸ਼ ਕਰਦੇ ਹੋਏ ਸਭਾਪਤੀ, ਸ. ਦਲਜੀਤ ਸਿੰਘ ਗਰੇਵਾਲ (ਭੋਲਾ) 03 ਮਿੰਟਾਂ ਲਈ ਬੋਲੇ।

**9. <u>ਸਾਲ 2026-27 ਲਈ ਚੁਣੀਆਂ ਗਈਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ</u>**

ਵਿੱਤ ਮੰਤਰੀ ਵਲੋਂ ਕੀਤਾ ਗਿਆ ਨਿਮਨਲਿਖਤ ਪ੍ਰਸਤਾਵ ਪੇਸ਼ ਹੋਇਆ ਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ:

"ਕਿਉਂਜੋ ਸਾਲ 2026-27 ਲਈ:

1. ਲੋਕ ਲੇਖਾ ਕਮੇਟੀ;
2. ਅਨੁਮਾਨ ਕਮੇਟੀ;
3. ਸਰਕਾਰੀ ਕਾਰੋਬਾਰ ਕਮੇਟੀ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ, ਲਈ ਚੋਣਾਂ 31 ਮਾਰਚ, 2026 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਧਾਰਨ ਰੂਪ ਵਿਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿਚ ਵੱਖ-ਵੱਖ ਪਾਰਟੀਆਂ/ਗੁਰੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2026-27 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

**10. ਵਿਧਾਨਕ ਕੰਮ-ਕਾਰ**

1) **ਪੰਜਾਬ ਰੈਗੂਲੇਸ਼ਨ ਆਫ਼ ਕਰੱਸ਼ਰ ਯੂਨਿਟਸ ਐਂਡ ਸਟਾਕਿਸਟਸ ਐਂਡ ਰਿਟੇਲਰਜ਼ (ਸੋਧ) ਬਿਲ, 2026 (ਆਰਡੀਨੈਂਸ ਦੀ ਥਾਂ ਤੇ)**

ਖਣਨ ਤੇ ਭੂ ਵਿਗਿਆਨ ਮੰਤਰੀ ਨੇ ਪੰਜਾਬ ਰੈਗੂਲੇਸ਼ਨ ਆਫ਼ ਕਰੱਸ਼ਰ ਯੂਨਿਟਸ ਐਂਡ ਸਟਾਕਿਸਟਸ ਐਂਡ ਰਿਟੇਲਰਜ਼ (ਸੋਧ) ਬਿਲ, 2026 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2) ਅਤੇ (3), ਕਲਾਜ਼ਾਂ 2 ਤੋਂ 22 ਇਕੱਠੀਆਂ, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਖਣਨ ਤੇ ਭੂ ਵਿਗਿਆਨ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ ਕਿ "ਪੰਜਾਬ ਰੈਗੂਲੇਸ਼ਨ ਆਫ਼ ਕਰੱਸ਼ਰ ਯੂਨਿਟਸ ਐਂਡ ਸਟਾਕਿਸਟਸ ਐਂਡ ਰਿਟੇਲਰਜ਼ (ਸੋਧ) ਬਿਲ, 2026 ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਹੋਈ ਬਹਿਸ ਵਿੱਚ ਹਿੱਸਾ ਲੈਂਦੇ ਹੋਏ ਸਰਦਾਰ ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ 03 ਮਿੰਟ ਲਈ ਬੋਲੇ ਅਤੇ ਖਣਨ ਤੇ ਭੂ ਵਿਗਿਆਨ ਮੰਤਰੀ ਇਸ ਬਿਲ ਦੇ ਸਬੰਧ ਵਿੱਚ 05 ਮਿੰਟਾਂ ਲਈ ਬੋਲੇ।

2) **ਸ੍ਰੀ ਗੁਰੂ ਤੇਗ ਬਹਾਦਰ ਵਰਲਡ ਕਲਾਸ ਯੂਨੀਵਰਸਿਟੀ, ਪੰਜਾਬ ਬਿਲ, 2026**

ਸਿੱਖਿਆ ਮੰਤਰੀ ਨੇ ਸ੍ਰੀ ਗੁਰੂ ਤੇਗ ਬਹਾਦਰ ਵਰਲਡ ਕਲਾਸ ਯੂਨੀਵਰਸਿਟੀ, ਪੰਜਾਬ ਬਿਲ, 2026 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ 2 ਤੋਂ 26 ਇੱਕਠੀਆਂ, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਏ।

ਸਿੱਖਿਆ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ ਕਿ "ਸ੍ਰੀ ਗੁਰੂ ਤੇਗ ਬਹਾਦਰ ਵਰਲਡ ਕਲਾਸ ਯੂਨੀਵਰਸਿਟੀ, ਪੰਜਾਬ ਬਿਲ, 2026 ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਨਿਮਨਲਿਖਤ ਮੈਂਬਰਾਂ ਨੇ ਉਪਰੋਕਤ ਪ੍ਰਸਤਾਵ ਵਿੱਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸਰਦਾਰ ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ | 03 ਮਿੰਟ |
| 2. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ | 01 ਮਿੰਟ |
| 3. | ਸਰਦਾਰ ਪਰਗਟ ਸਿੰਘ ਪੋਆਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ | 04 ਮਿੰਟ |
| 4. | ਸਰਦਾਰ ਲਾਲਜੀਤ ਸਿੰਘ ਭੁੱਲਰ, ਟਰਾਂਸਪੋਰਟ ਮੰਤਰੀ | 02 ਮਿੰਟ |
| 5. | ਸ਼੍ਰੀ ਅਮਨ ਅਰੋੜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ | 01 ਮਿੰਟ |

ਬਿਲ ਤੇ ਹੋਈ ਬਹਿਸ ਦੌਰਾਨ ਸਿੱਖਿਆ ਮੰਤਰੀ, ਸਰਦਾਰ ਹਰਜੋਤ ਸਿੰਘ ਬੈਂਸ 10 ਮਿੰਟਾਂ ਲਈ ਬੋਲੇ।

**11. ਮਤਾ**

ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਵੱਲੋਂ ਹੇਠ ਲਿਖਿਆ ਮਤਾ ਸਦਨ ਵਿੱਚ ਪੇਸ਼ ਕੀਤਾ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ-

"ਕਿ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਬੀ.ਆਰ. ਅੰਬੇਦਕਰ ਦੇ ਮਿਸ਼ਨ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਬਰਾਬਰ ਨਿਆਂ ਨੂੰ ਅੱਗੇ ਲਿਜਾਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਬਾਬੂ ਕਾਂਸ਼ੀ ਰਾਮ ਦਾ ਜਨਮ ਦਿਹਾੜਾ ਬੀਤੇ ਕੱਲ੍ਹ 15 ਮਾਰਚ ਨੂੰ ਦੇਸ਼ ਵਿੱਚ ਧੂਮਧਾਮ ਨਾਲ ਮਨਾਇਆ ਗਿਆ। ਉਨ੍ਹਾਂ ਨੇ ਇੱਕ ਗਰੀਬ ਪਰਿਵਾਰ ਵਿੱਚ ਜਨਮ ਲਿਆ। ਉਨ੍ਹਾਂ ਨੇ ਦਲਿਤ ਵਰਗ ਨੂੰ ਸਮਾਜਿਕ ਨਿਆਂ ਦਿਵਾਉਣ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਪੱਧਰ ਤੇ ਉਪਰ ਚੁੱਕਣ ਲਈ ਪੂਰੀ ਉਮਰ ਸੰਘਰਸ਼ ਕੀਤਾ। ਉਨ੍ਹਾਂ ਦਾ

ਜਨਮ 15 ਮਾਰਚ,1934 ਨੂੰ ਪੰਜਾਬ ਦੇ ਰੋਪੜ, ਰੂਪਨਗਰ ਜ਼ਿਲ੍ਹੇ ਦੇ ਪਿੰਡ ਖਵਾਸਪੁਰਾ ਵਿੱਚ ਹੋਇਆ। ਉਨ੍ਹਾਂ ਨੇ ਸਰਕਾਰੀ ਕਾਲਜ ਰੋਪੜ ਤੋਂ ਬੀ.ਐਸ.ਸੀ. ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਪੁਣੇ ਵਿੱਚ ਡੀ.ਆਰ.ਡੀ.ਓ. ਵਿੱਚ ਨੌਕਰੀ ਕੀਤੀ। ਸਮਾਜ ਵਿੱਚ ਜਾਤੀ ਵਿਤਕਰੇ ਨੂੰ ਦੇਖਦਿਆਂ ਉਨ੍ਹਾਂ ਨੇ ਨੌਕਰੀ ਛੱਡ ਦਿੱਤੀ। ਉਨ੍ਹਾਂ ਦੀ ਮੌਤ 09.10.2006 ਵਿੱਚ ਹੋਈ। ਉਨ੍ਹਾਂ ਨੇ BAMCEF 1978 ਮੁਲਾਜ਼ਮਾਂ ਨੂੰ ਲਾਮਬੰਦ ਕਰਨ ਲਈ ਗਠਿਤ ਕੀਤੀ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਕਈ ਵਾਰ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਰਹੇ। ਉਹ ਪਹਿਲੀ ਵਾਰ 1991 ਵਿੱਚ ਉੱਤਰ ਪ੍ਰਦੇਸ਼ ਦੇ ਓਟਾਵਾ ਹਲਕੇ ਤੋਂ ਲੋਕ ਸਭਾ ਮੈਂਬਰ ਚੁਣੇ ਗਏ। ਦੂਜੀ ਵਾਰ ਉਹ 1996 ਵਿੱਚ ਗਿਆਰਵੀਂ ਲੋਕ ਸਭਾ ਵਿੱਚ ਪੰਜਾਬ ਦੇ ਹੁਸ਼ਿਆਰਪੁਰ ਹਲਕੇ ਤੋਂ ਮੈਂਬਰ ਪਾਰਲੀਮੈਂਟ ਬਣੇ। ਉਹ ਰਾਜ ਸਭਾ ਦੇ ਮੈਂਬਰ ਵੀ ਰਹੇ ਹਨ। ਹਾਲਾਂਕਿ ਉਨ੍ਹਾਂ ਦਾ ਮੁੱਖ ਰਾਜਨੀਤਿਕ ਪ੍ਰਭਾਵ ਲੋਕ ਸਭਾ ਵਿੱਚ ਚੋਣਾਂ ਰਾਹੀਂ ਸਾਹਮਣੇ ਆਇਆ। ਉਨ੍ਹਾਂ ਦੀਆਂ ਸੇਵਾਵਾਂ ਦੇ ਮੱਦੇਨਜ਼ਰ ਸਦਨ ਰਾਜ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਉਹ ਕੇਂਦਰ ਸਰਕਾਰ ਨੂੰ ਸਿਫਾਰਸ਼ ਕਰੇ ਕਿ ਬਾਬੂ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਪੁਰਸਕਾਰ ਦਿੱਤਾ ਜਾਵੇ।"

ਨਿਮਨਲਿਖਤ ਮੈਂਬਰਾਂ ਨੇ ਉਪਰੋਕਤ ਪਸ੍ਰਤਾਵ ਵਿੱਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸਰਦਾਰ ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ | 03 ਮਿੰਟ |
| 2. | ਸ੍ਰੀ ਸੁਖਵਿੰਦਰ ਸਿੰਘ ਕੋਟਲੀ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ | 04 ਮਿੰਟ |
| 3. | ਸ੍ਰੀ ਅਮਨ ਅਰੋੜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ | 03 ਮਿੰਟ |
| 4. | ਸਰਦਾਰ ਕੁਲਵੰਤ ਸਿੰਘ ਪੰਡੋਰੀ, ਆਮ ਆਦਮੀ ਪਾਰਟੀ | 08 ਮਿੰਟ |
| 5. | ਸ੍ਰੀ ਲਾਲ ਚੰਦ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ | 11 ਮਿੰਟ |
| 6. | ਡਾ. ਸੁਖਵਿੰਦਰ ਕੁਮਾਰ ਸੁੱਖੀ, ਸ਼੍ਰੋਮਣੀ ਅਕਾਲੀ ਦਲ | 06 ਮਿੰਟ |
| 7. | ਸਰਦਾਰ ਹਰਭਜਨ ਸਿੰਘ, ਲੋਕ ਨਿਰਮਾਣ (ਭ ਤੇ ਮ) ਮੰਤਰੀ, | 08 ਮਿੰਟ |
| 8. | ਸਰਦਾਰ ਪਰਗਟ ਸਿੰਘ ਪੋਆਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ | 04 ਮਿੰਟ |
| 9. | ਡਾ. ਨਛੱਤਰ ਪਾਲ, ਬਹੁਜਨ ਸਮਾਜ ਪਾਰਟੀ | 10 ਮਿੰਟ |

**12. <u>ਨਿੰਦਾ ਪ੍ਰਸਤਾਵ</u>**

ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ ਵੱਲੋਂ ਨਿਮਨਲਿਖਤ ਨਿੰਦਾ ਪ੍ਰਸਤਾਵ ਸਦਨ ਵਿੱਚ ਪੇਸ਼ ਕੀਤਾ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ :-

"ਕਿ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ ਵੱਲੋਂ ਮਿਤੀ 06 ਫਰਵਰੀ, 2026 ਨੂੰ ਜੰਡਿਆਲਾ ਗੁਰੂ (ਅੰਮ੍ਰਿਤਸਰ) ਵਿਖੇ ਇੱਕ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ, ਸ੍ਰੀ ਹਰਭਜਨ ਸਿੰਘ, ਈ.ਟੀ.ਓ., ਮਾਣਯੋਗ ਕੈਬਨਿਟ ਮੰਤਰੀ ਜੀ (ਜੋ ਕਿ ਦਲਿਤ ਵਰਗ ਨਾਲ ਸਬੰਧਿਤ ਹਨ) ਨੂੰ

ਨਿਸ਼ਾਨਾ ਬਣਾਉਂਦੇ ਹੋਏ ਬੇਹੱਦ ਘਟੀਆ ਅਤੇ ਜਾਤੀਸੂਚਕ ਸ਼ਬਦ ਕਹੇ ਸਨ। ਉਨ੍ਹਾਂ ਕਿਹਾ ਸੀ ਕਿ ਜਿਹੜਾ ਪਹਿਲਾਂ ਬੈਂਡ ਵਜਾਉਂਦਾ ਰਿਹਾ, ਇਹਦਾ ਬੈਂਡ ਅਸੀਂ ਵਜਾਵਾਂਗੇ।

ਕਿਉਂਕਿ ਅਜਿਹੀ ਸ਼ਬਦਾਵਲੀ ਨਾ ਸਿਰਫ ਇੱਕ ਮੰਤਰੀ ਦੀ ਨਿੱਜੀ ਤੌਹੀਨ ਹੈ, ਸਗੋਂ ਇਹ ਉਨ੍ਹਾਂ ਦੇ ਪਰਿਵਾਰਕ ਪਿਛੋਕੜ ਅਤੇ ਮਿਹਨਤਕਸ਼ ਦਲਿਤ ਭਾਈਚਾਰੇ ਦਾ ਘੋਰ ਅਪਮਾਨ ਵੀ ਹੈ। ਇਹ ਬੈਂਡ ਬਾਜਾ ਕਲਾਕਾਰਾਂ ਅਤੇ ਦਿਹਾੜੀਦਾਰ ਮਜ਼ਦੂਰਾਂ ਦੀ ਮਾਣ ਮਰਿਆਦਾ ਤੇ ਸਿੱਧਾ ਹਮਲਾ ਹੈ, ਜੋ ਇਮਾਨਦਾਰੀ ਨਾਲ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ।

ਵਿਰੋਧੀ ਧਿਰ ਦੇ ਨੇਤਾ ਵਰਗੇ ਜ਼ਿੰਮੇਵਾਰ ਅਹੁਦੇ ਤੇ ਬੈਠੇ ਵਿਅਕਤੀ ਵੱਲੋਂ ਅਜਿਹਾ ਵਿਵਹਾਰ ਕਾਂਗਰਸ ਪਾਰਟੀ ਦੀ ਜਾਗੀਰਦਾਰੀ ਅਤੇ ਦਲਿਤ ਵਿਰੋਧੀ ਮਾਨਸਿਕਤਾ ਨੂੰ ਉਜਾਗਰ ਕਰਦਾ ਹੈ, ਜੋ ਪੰਜਾਬ ਦੀ ਸਮਾਜਿਕ ਅਤੇ ਭਾਈਚਾਰਕ ਸਾਂਝ ਲਈ ਖਤਰਾ ਹੈ, ਇਸ ਲਈ ਮੈਂ ਮੰਗ ਕਰਦਾ ਹਾਂ ਕਿ ਇਹ ਸਦਨ-

1. ਕੈਬਨਿਟ ਮੰਤਰੀ ਸ੍ਰੀ ਹਰਭਜਨ ਸਿੰਘ ਈ.ਟੀ.ਓ. ਵਿਰੁੱਧ ਸ੍ਰੀ ਪ੍ਰਤਾਪ ਸਿੰਘ ਬਾਜਵਾ ਵੱਲੋਂ ਕੀਤੀ ਗਈ ਇਸ ਸ਼ਰਮਨਾਕ ਟਿੱਪਣੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਜਾਵੇ;
2. ਇਸ ਦੁਰਵਿਵਹਾਰ ਅਤੇ ਦਲਿਤ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਸ੍ਰੀ ਪ੍ਰਤਾਪ ਸਿੰਘ ਬਾਜਵਾ ਪਾਸੋਂ ਬਿਨਾਂ ਸ਼ਰਤ ਜਨਤਕ ਮੁਆਫੀ ਮੰਗਵਾਈ ਜਾਵੇ; ਅਤੇ
3. ਮਾਣਯੋਗ ਸਪੀਕਰ ਸਾਹਿਬ ਤੋਂ ਮੰਗ ਕਰਦਾ ਹਾਂ ਕਿ ਉਹ ਇਸ ਮਾਮਲੇ ਦਾ ਨੋਟਿਸ ਲੈਂਦੇ ਹੋਏ ਸ੍ਰੀ ਬਾਜਵਾ ਵਿਰੁੱਧ ਬਣਦੀ ਅਨੁਸ਼ਾਸਨੀ ਕਾਰਵਾਈ ਕਰਨ ਤਾਂ ਜੋ ਭਵਿੱਖ ਵਿੱਚ ਕੋਈ ਵੀ ਸਿਆਸੀ ਆਗੂ ਕਿਸੇ ਦੇ ਕਿੱਤੇ ਜਾਂ ਜਾਤੀ ਦਾ ਅਪਮਾਨ ਨਾ ਕਰ ਸਕੇ।"

**13. <u>ਵਾਕ ਆਊਟ</u>**

ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ, ਸਰਦਾਰ ਪ੍ਰਤਾਪ ਸਿੰਘ ਬਾਜਵਾ ਖਿਲਾਫ ਰੂਲਿੰਗ ਪਾਰਟੀ ਦੇ ਐਮ.ਐਲ.ਏ ਸਰਦਾਰ ਮਨਜੀਤ ਸਿੰਘ ਬਿਲਾਸਪੁਰ ਵੱਲੋਂ ਨਿੰਦਾ ਪ੍ਰਸਤਾਵ ਪੇਸ਼ ਕਰਨ ਅਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਜੀ ਨੂੰ ਭਾਰਤ ਰਤਨ ਦੇਣ ਲਈ ਪੇਸ਼ ਮਤਾ ਅੱਜ ਸਦਨ ਦੇ ਮਤੇ ਨਾਲ ਨਾ ਜੋੜਨ ਦੇ ਰੋਸ ਵਜੋਂ ਸਦਨ ਵਿਚੋਂ ਵਾਕ ਆਊਟ ਕਰ ਗਏ।

ਮਾਣਯੋਗ ਡਿਪਟੀ ਸਪੀਕਰ ਨੇ 02.30 ਵਜੇ ਬਾਅਦ ਦੁਪਹਿਰ ਤੋਂ 03.16 ਵਜੇ ਬਾਅਦ ਦੁਪਹਿਰ ਤੱਕ ਸਦਨ ਦੀ ਕੁਰਸੀ ਸੰਭਾਲੀ।

ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਗਿਆ।

**ਚੰਡੀਗੜ੍ਹ** **ਰਾਮ ਲੋਕ ਖਟਾਣਾ**

**17 ਮਾਰਚ, 2026** **ਸਕੱਤਰ**

--------

**16th Punjab Vidhan Sabha**

**12th (Budget) Session**

**PUNJAB VIDHAN SABHA**
**BULLETIN No. 7**
**Monday, the 16th March, 2026**
**(From 11.00 A.M to 03.16 P.M)**

1. **Questions**

**(a) Starred Questions: -**

| Total number of questions on the order paper | Answered | Not put | Postponed | Answered under Rule 38 | Number of Supplementaries |
|---|---|---|---|---|---|
| 20 | 18 | 1 | - | 1 | 27 |

**(b) Unstarred Questions: 14**

2. **Ruling by the Hon'ble Speaker**

The Hon'ble Speaker gave the following ruling: -

"Hon'ble Members of the House are requested that no matter shall be raised during the Question Hour. The Question Hour shall remain strictly confined to questions. Thereafter, there is Zero Hour to hear all your grievances and concerns, but the Question Hour will remain the Question Hour."

3. **Welcome Announcement by the Hon'ble Speaker**

The Hon'ble Speaker informed the House about the presence of the following personalities /visitors who came to watch the proceedings of Vidhan Sabha at various times and the entire House welcomed them -

1. Students who have passed examination by the UPSC are Ms. Manpreet Kaur (Mansa), Ms. Rasneet Kaur (Patiala), Ms. Kritika Chaudhary (Mohali), Shri Aman Aloon (Mohali), Shri Jayant Garg (Patiala);

2. Students from the Department of Public Administration, Punjabi University, Patiala;

3. Students and teachers of Mighty Khalsa International School, Sri Anandpur Sahib;

4. Students of Woodstock Public Senior Secondary School, Batala;

5. Students and teachers of Shivalik Distinguish Senior Secondary School, Batala;

6. Many colleagues and elders from the Hon'ble Speaker's native town Sandhwan, Constituency Kotkapura;

7. Students and teachers of Government High School, Surga Puri, Kotkapura;

8. Students and teachers of D.A.V University, Jalandhar;

9. Students of Miri Piri Khalsa College, Bhadaur, Barnala;

10. Students and teachers of P.M. Shri Bhai Kishan Singh Government Senior Secondary School, Sandhwan;

**4. Adjournment of the House for short period**

The House was adjourned from 12.30 P.M to 12.50 P.M by the Hon'ble Speaker.

**5. Calling Attention Notices**

1. Dr. Vijay Singla, MLA drew the attention of the Government towards difficulties being faced by the students due to non-existence of road leading to Government ITI in village Dhaipai, Tehsil Bhikhi in Mansa Assembly Constituency.

(No. 48)

The Rural Development and Panchayats Minister gave reply.

2. Sardar Fauja Singh Sarari, MLA drew the attention of the Government towards need to four lane the Ferozepur-Fazilka road keeping in view heavy rush of vehicles in that area.

(No. 49)

The Public Works (B&R) Minister gave reply.

3. Prof. Baljinder Kaur, MLA drew the attention of the Government towards non-utilization of 2% CSR generated from the income of the Guru Gobind Singh Refinery situated in Talwandi Sabo for the development of area.

(No. 50)

The Finance Minister gave reply.

**6. Motion Under Rule 16**

The following motion moved by the Finance Minister was put to the vote of the House and carried-

‘‘That the Vidhan Sabha at its rising this day shall stand adjourned sine-die.’’

While taking part in the discussion on the motion, Sardar Partap Singh Bajwa, Leader of the Opposition spoke for 02 minutes and Sardar Harpal Singh Cheema, Finance Minister spoke for 03 minutes.

**7. Papers to be laid on the Table**

The Finance Minister laid papers on the table of the House as mentioned at serial No. (i) to (xi) as shown under item No. 4 in today's List of Business.

**8. Presentation of Report**

1. The Chairman of the Committee on Budha Dariya and Ghaggar Dariya, S. Daljit Singh Grewal presented the report of the committee for the year 2022-26.

While presenting the report, the Chairman, S. Daljit Singh Grewal (Bhola) spoke for 03 minutes.

**9. <u>Motion regarding Constitution of Elected Committees for the year 2026-27</u>**

The following motion moved by the Finance Minister was carried unanimously: -

‘‘Whereas the elections to the: -

1. Committee on Public Accounts;
2. Committee on Estimates;
3. Committee on Public Undertakings; and
4. Committee on the Welfare of Scheduled Castes, Scheduled Tribes and Backward Classes for the year 2026-27, are to be held before the 31st March, 2026; and

Whereas the time left at the disposal of the House is extremely short and it is not possible to conduct in the normal course, the election to these Committees;

Now, therefore, this House authorizes the Speaker, Punjab Vidhan Sabha, to nominate the Members of the aforesaid Committees for the aforesaid year, keeping in view the proportionate strength of various parties/groups in the House;

This House further resolves that for the above purpose, the rules of the Rules of Procedure and Conduct of Business in the Punjab Vidhan Sabha (Punjab Legislative Assembly) relating to the elections to the said Committees for the year 2026-27 which are inconsistent with or contrary to the above resolution shall stand suspended."

**10. <u>Legislative Business</u>**

**1) <u>The Punjab Regulation of Crusher Units and Stockists and Retailers (Amendment) Bill, 2026 (Replacing Ordinance)</u>**

The Mines and Geology Minister introduced The Punjab Regulation of Crusher Units and Stockists and Retailers (Amendment) Bill, 2026 and also moved that the Bill be taken into consideration at once.

The Motion was put to the vote of the House and carried.

During Clause-wise consideration of the Bill, Sub-Clause (2) and (3) of clause 1, Clauses 2 to 22 collectively, Sub-Clause (1) of Clause 1 and Title were put to the vote of the House and carried.

The motion moved by the Mines and Geology Minister that "The Punjab Regulation of Crusher Units and Stockists and Retailers (Amendment) Bill, 2026 be passed", was put to the vote of the House and carried.

While participating in the discussion on the bill, Sardar Partap Singh Bajwa, Leader of the Opposition spoke for 03 minutes and the Mines and Geology Minister spoke for 05 minutes regarding this bill.

**2) <u>Shri Guru Teg Bahadur World Class University, Punjab Bill, 2026</u>**

The Education Minister introduced Shri Guru Teg Bahadur World Class University, Punjab Bill, 2026 and also moved that the Bill be taken into consideration at once.

The Motion was put to the vote of the House and carried unanimously.

During Clause-wise consideration of the Bill, Sub-Clause (2) of Clause 1, Clauses 2 to 26 collectively, Sub-Clause (1) of Clause 1 and Title were put to the vote of the House and carried unanimously.

The Motion moved by the Education Minister that " Shri Guru Teg Bahadur World Class University, Punjab Bill, 2026 be passed", was put to the vote of the House and carried unanimously.

The following members participated in the discussion on the above motion and spoke for the time as mentioned against their names:

| | |
|---|---|
| 1. Sardar Partap Singh Bajwa, Leader of the Opposition | 03 minutes |
| 2. Sardar Tript Rajinder Singh Bajwa, Indian National Congress Party | 01 minute |
| 3. Sardar Pargat Singh Powar, Indian National Congress Party | 04 minutes |
| 4. Sardar Laljit Singh Bhullar, Transport Minister | 02 minutes |
| 5. Shri Aman Arora, New and Renewable Energy Resources Minister | 01 minute |

During the discussion on the bill, Education Minister, Sardar Harjot Singh Bains spoke for 10 minutes.

**11. Resolution**

The following resolution was moved in the House by the Finance Minister, Sardar Harpal Singh Cheema and was carried unanimously:

"That the birth anniversary of Babu Kanshi Ram, who played a significant role in carrying forward the mission of social, economic and political equality envisioned by the founder of the Constitution B.R. Ambedkar, was celebrated on 15th March across the country with great enthusiasm. He was born into a poor family. He devoted his entire life in struggling for social justice for the Dalit Community and to uplift them socially, politically and economically. His birth took place on 15th March 1934 at Khawaspura village in Ropar (Roopnagar) district of Punjab. He completed his B.Sc. from Government College, Ropar. After that, he worked at DRDO in Pune. Witnessing caste discrimination in society, he resigned from his job. He passed away on 9th October 2006. He founded BAMCEF to unite 1978 employees. Hon'ble Kanshi Ram ji served times as a Member of the Lok Sabha and the Rajya Sabha. He was first elected to the Lok Sabha in 1991 from the Etawah Constituency of Uttar Pradesh. For the second time, he was elected in 1996 to the 11th Lok Sabha as a Member of Parliament from the Hoshiarpur Constituency of Punjab. He also served as a Member of the Rajya Sabha, although his main political influence emerged through the Lok Sabha elections. In view of his services, this House appeals to the State Government to recommend to the Centre Government that Babu Kanshi Ram ji be awarded the Bharat Ratna."

The following members participated in the above Resolution and spoke for the time as mentioned against their names:

| | |
|---|---|
| 1. Sardar Partap Singh Bajwa, Leader of Opposition | 03 minutes |
| 2. Shri Sukhwinder Singh Kotli, Indian National Congress Party | 04 minutes |
| 3. Shri Aman Arora, New and Renewable Energy Resources Minister | 03 minutes |
| 4. Sardar Kulwant Singh Pandori, Aam Aadmi Party | 08 minutes |
| 5. Shri Lal Chand, Food, Civil Supplies and Consumer Affairs Minister | 11 minutes |
| 6. Dr. Sukhwinder Kumar Sukhi, Shiromani Akali Dal | 06 minutes |
| 7. Sardar Harbhajan Singh, Public Works (B&R) Minister | 08 minutes |
| 8. Sardar Pargat Singh Powar, Indian National Congress Party | 04 minutes |
| 9. Dr. Nachhatar Pal, Bahujan Samaj Party | 10 minutes |

**12. Censure Motion**

The following Censure Motion was moved in the House by Sardar Manjit Singh Bilaspur, MLA and carried unanimously:

"That on February 6, 2026 while addressing a public gathering at Jandiala Guru (Amritsar) Sardar Partap Singh Bajwa, the Leader of the Opposition in the Punjab Vidhan Sabha targeted Shri Harbhajan Singh E.T.O., Honorable Cabinet Minister (who belongs to Dalit community) using extremely derogatory and caste based remarks. He stated, *the one who used to play the band earlier, we will play his band now.*

Such language is not only a personal insult to a Minister but also a grave affront to his family background and the hardworking Dalit community. It is a direct attack on the dignity of band orchestra performers and daily wage laborers who earn their livelihood with honesty.

Such behavior from a person holding a responsible position like the Leader of the Opposition revealed the feudal and anti-Dalit mindset of the Congress Party, which poses a threat to the social and communal harmony of Punjab. Therefore, I demand that this House-

1. strongly condemn the shameful remarks made by Shri Partap Singh Bajwa against Cabinet Minister Shri Harbhajan Singh E.T.O.;
2. seek an unconditional public apology from Shri Partap Singh Bajwa for this misconduct and for hurting the sentiments of the Dalit community; and
3. appeal to the Honorable Speaker to take notice of this matter and initiate appropriate disciplinary action against Shri Bajwa so that in future, no political leader can insult anyone's profession or caste.''

**13. Walkout**

All the Members of Indian National Congress Party present in the House alongwith the Leader of the Opposition Sardar Partap Singh Bajwa staged a walkout from the House as a mark of protest against the Censure Motion moved against Partap Singh Bajwa by ruling party MLA Sardar Manjit Singh Bilaspur and the refusal to attach a proposed resolution for awarding the Bharat Ratna to Shaheed-e-Azam Bhagat Singh with today's official resolution of the house.

The Hon'ble Deputy Speaker occupied the Chair of House from 02.30 PM to 03.16 PM.

The House then adjourned sine-die.

**CHANDIGARH** **RAM LOK KHATANA,**

**THE 17th MARCH, 2026** **SECRETARY**

------

© 2026

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਕਰਵਾਈ ਗਈ।